BIG BAZAAR
Grocery, Sweets & Catering
*Fresh Vegetables Every Thursday
*Book your catering now.
Baljinder S. Ben
Ph: 317-640-2400
Like our Facebook page:
BigBazaarIndianGrocery

Mela
INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400

5425 E. Thompson Rd., Indianapolis IN 46237

ੴ
Regal Jewels
W. Devon Ave. Chicago
22kt Gold, & Diamonds
Best Jewelry Selection in the Midwest
SEE HOW YOU CAN SECURE YOUR FUTURE.
ਕਿਸ ਦਾ ਇਤਬਾਰ ਕਰ ਰਹੇ ਹੁਣ
24KT GOLD
ਦੁਨੀਆ ਦੀ ਸਭ ਤੋਂ ਫਾਇਦੇਮੰਦ ਇਨਵੈਸਟਮੈਂਟ
TALK TO OUR GOLD SPECIALIST
Rajveer Singh Gill
847-907-1525
www.RegalJewels.com
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

Buying/Selling *in Michigan*
All types of Residential & Commercial properties. Gas Stations, Liquor Stores, Hotels, Plazas, Truck Terminals etc.
eXp REALTY
40600 Ann Arbor Rd., Suite# 150, Plymouth, MI 48170
Call: 734-751-4455
rajsshergill@yahoo.com

Raj S.Shergill
*Associate Broker*

Twenty-Third Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 25, June 18, 2022 | 20451 N. Plum Grove Rd., Palatine, IL 60074 | Ph:847-359-0746, Fax:847-705-9388

# ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਭਖਾਈ

**ਚੰਡੀਗੜ੍ਹ:** ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਖਿਲਾਫ ਚਲਾਈ ਮੁਹਿੰਮ ਦੇ ਲਪੇਟੇ ਵਿਚ ਪਿਛਲੀ ਕਾਂਗਰਸ ਸਰਕਾਰ ਦੀ ਅੱਧੀ ਕੈਬਨਿਟ, ਵਿਧਾਇਕ ਅਤੇ ਵੱਡੀ ਗਿਣਤੀ ਅਫ਼ਸਰਸ਼ਾਹੀ ਆਉਂਦੀ ਨਜ਼ਰ ਆ ਰਹੀ ਹੈ। ਸਾਬਕਾ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਦੀ ਗ੍ਰਿਫਤਾਰੀ ਮਗਰੋਂ ਵੱਡੀ ਗਿਣਤੀ ਸਾਬਕਾ ਮੰਤਰੀਆਂ ਖਿਲਾਫ ਸ਼ਿਕਾਇਤਾਂ ਆਈਆਂ ਹਨ।

ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਸੂਬੇ ਦੇ ਖੁਰਾਕ ਤੇ ਸਪਲਾਈ ਵਿਭਾਗ ਵਿਚ ਕਾਂਗਰਸ ਹਕੂਮਤ ਦੌਰਾਨ ਹੋਈਆਂ ਬੇਨੇਮੀਆਂ ਦੀ ਜਾਂਚ ਸ਼ੁਰੂ ਹੋਣ ਨਾਲ ਇਹ ਵਿਭਾਗ ਵੀ ਮੁੜ ਚਰਚਾ ਵਿਚ ਆ ਗਿਆ ਹੈ। ਸੂਤਰਾਂ ਦਾ ਦੱਸਣਾ ਹੈ ਕਿ ਇਸ ਮਾਮਲੇ ਵਿਚ ਦੋ ਦਰਜਨ ਕਾਂਗਰਸੀ ਵਿਧਾਇਕਾਂ ਦੀ ਵੀ ਭੂਮਿਕਾ ਹੋਣ ਦੇ ਤੱਥ ਸਾਹਮਣੇ ਆਉਣ ਲੱਗੇ ਹਨ। ਇਨ੍ਹਾਂ ਬੇਨੇਮੀਆਂ ਦੀਆਂ ਸ਼ਿਕਾਇਤਾਂ ਦੇ ਮਾਮਲਿਆਂ 'ਤੇ ਵਿਜੀਲੈਂਸ ਦੀਆਂ ਸਰਗਰਮੀਆਂ ਨੇ ਕਾਂਗਰਸ ਦੇ ਆਗੂਆਂ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ।

ਫੂਡ ਐਂਡ ਸਪਲਾਈ ਵਿਭਾਗ 'ਚ 2000 ਕਰੋੜ ਰੁਪਏ ਦੇ ਟੈਂਡਰ 'ਚ ਘੁਟਾਲਾ ਕਰਨ ਦੇ ਦੋਸ਼ਾਂ ਦੀ ਸ਼ਿਕਾਇਤ ਲੁਧਿਆਣਾ ਵਿਜੀਲੈਂਸ ਕੋਲ ਪੁੱਜ ਗਈ ਹੈ ਤੇ ਅਧਿਕਾਰੀਆਂ ਨੇ ਇਸ ਮਾਮਲੇ ਦੀ ਪੜਤਾਲ ਸ਼ੁਰੂ ਕਰ ਦਿੱਤੀ ਹੈ ਜਿਸ ਨਾਲ ਨੇੜ ਭਵਿੱਖ ਵਿਚ ਪੰਜਾਬ ਦੇ ਸਾਬਕਾ ਕਾਂਗਰਸੀ ਮੰਤਰੀ ਭਾਰਤ ਭੂਸ਼ਨ ਆਸ਼ੂ ਦੀਆਂ ਮੁਸ਼ਕਿਲਾਂ ਵਧ ਸਕਦੀਆਂ ਹਨ। ਉਧਰ, ਸਾਬਕਾ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਉਤੇ ਪਿੰਡ ਭਗਤੂਪੁਰਾ ਦੀ ਪੰਚਾਇਤੀ ਜ਼ਮੀਨ ਪਿਛਲੀ ਕਾਂਗਰਸ ਸਰਕਾਰ ਵੇਲੇ ਅਲਫਾ ਇੰਟਰਨੈਸ਼ਨਲ ਸਿਟੀ ਕਲੋਨੀ ਦੇ ਕਾਲੋਨਾਈਜ਼ਰਾਂ ਨੂੰ ਸਸਤੇ ਭਾਅ ਵੇਚਣ ਦਾ ਦੋਸ਼ ਲੱਗਾ ਹੈ। ਦੱਸਿਆ ਜਾ ਰਿਹਾ ਹੈ ਕਿ ਬਾਜਵਾ ਦੀ ਇਸ ਕਾਰਵਾਈ ਨਾਲ ਸਰਕਾਰੀ ਖਜ਼ਾਨੇ ਨੂੰ 28 ਕਰੋੜ ਰੁਪਏ ਦਾ ਚੂਨਾ ਲੱਗਾ ਹੈ। ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇਸ ਪੂਰੇ ਮਾਮਲੇ ਦੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਬਣਾ ਦਿੱਤੀ ਹੈ ਜੋ ਹਫਤੇ ਅੰਦਰ ਰਿਪੋਰਟ ਸੌਂਪੇਗੀ।



ਯਾਦ ਰਹੇ ਕਿ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਹੁੰਦਿਆਂ ਹੀ ਮੰਨਿਆ ਸੀ ਕਿ ਉਸ ਦੀ ਸਰਕਾਰ ਵਿਚ ਕਈ ਭ੍ਰਿਸ਼ਟ ਮੰਤਰੀ ਹਨ ਤੇ ਇਨ੍ਹਾਂ ਦੀ ਸੂਚੀ ਕਾਂਗਰਸੀ ਹਾਈਕਮਾਨ ਨੂੰ ਵੀ ਸੌਂਪੀ ਗਈ ਸੀ ਪਰ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਪਿੱਛੋਂ ਕੈਪਟਨ ਨੂੰ ਲਗਾਤਾਰ ਸਵਾਲ ਕੀਤੇ ਜਾ ਰਹੇ ਸਨ ਕਿ ਹੁਣ ਜਦੋਂ ਉਹ ਕਾਂਗਰਸ ਨੂੰ ਛੱਡ ਕੇ ਆਪਣੀ ਵੱਖਰੀ ਪਾਰਟੀ ਬਣਾ ਚੁੱਕੇ ਹਨ ਤਾਂ ਭ੍ਰਿਸ਼ਟ ਮੰਤਰੀਆਂ ਤੇ ਵਿਧਾਇਕਾਂ ਦੇ ਨਾਮ ਦੱਸਣ ਤੋਂ ਕਿਉਂ ਟਲ ਰਹੇ ਹਨ। ਸਵਾਲਾਂ ਦੀ ਮਾਰ ਹੇਠ ਆਏ ਕੈਪਟਨ ਨੇ ਪਿਛਲੇ ਦਿਨੀਂ ਐਲਾਨ ਕੀਤਾ ਸੀ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਕਰਕੇ ਇਹ ਸੂਚੀ ਸੌਂਪਣਗੇ ਪਰ ਇਸ ਤੋਂ ਬਾਅਦ ਕੈਪਟਨ ਨੇ ਚੁੱਪ ਹੀ ਧਾਰ ਲਈ। ਆਮ ਆਦਮੀ ਪਾਰਟੀ ਦਾ ਦੋਸ਼ ਹੈ ਕਿ ਕੈਪਟਨ ਫੋਕੇ ਦਾਬੇ ਮਾਰ ਕੇ ਸਾਬਕਾ ਮੰਤਰੀਆਂ ਨੂੰ ਭਾਜਪਾ ਵਿਚ ਭਰਤੀ ਕਰਵਾਉਣ ਦੀਆਂ ਕੋਸ਼ਿਸ਼ਾਂ ਵਿਚ ਜੁਟਿਆ ਹੈ। ਆਪ ਵੱਲੋਂ ਕੈਪਟਨ ਨੂੰ ਲਗਾਤਾਰ ਇਹ ਸੂਚੀ ਜਾਰੀ ਕਰਨ ਲਈ ਵੰਗਾਰਿਆ ਜਾ ਰਿਹਾ ਹੈ।

ਵਿਜੀਲੈਂਸ ਬਿਊਰੋ ਦੀ ਮੁਢਲੀ ਜਾਂਚ ਇਸ਼ਾਰਾ ਕਰ ਰਹੀ ਹੈ ਕਿ ਕੈਪਟਨ ਸਰਕਾਰ ਵੇਲੇ ਵੱਡੀ ਗਿਣਤੀ ਵਿਭਾਗ ਗਲ-ਗਲ ਤੱਕ ਭ੍ਰਿਸ਼ਟਾਚਾਰ ਵਿਚ ਡੁੱਬੇ ਹੋਏ ਸਨ। ਇਸ ਵੇਲੇ ਵਿਜੀਲੈਂਸ ਬਿਊਰੋ ਦਾ ਸਾਰਾ ਧਿਆਨ ਜੰਗਲਾਤ ਵਿਭਾਗ ਉਤੇ ਹੈ। ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਸਾਧੂ ਸਿੰਘ ਧਰਮਸੋਤ ਦੀ ਗ੍ਰਿਫਤਾਰੀ ਮਗਰੋਂ ਜੰਗਲਾਤ ਵਿਭਾਗ ਵਿਚ ਫੈਲੇ ਭ੍ਰਿਸ਼ਟਾਚਾਰ ਦਾ ਸੰਗਠਿਤ ਤੇ ਗੁੰਝਲਦਾਰ ਰੂਪ ਸਾਹਮਣੇ ਆਇਆ ਹੈ। ਜੰਗਲਾਤ ਵਿਭਾਗ ਦੇ ਅਫਸਰਾਂ ਦੀਆਂ ਗ੍ਰਿਫਤਾਰੀਆਂ ਤੋਂ ਬਾਅਦ ਰਿਸ਼ਵਤਖੋਰੀ ਦੇ ਸਾਰੇ ਭੇਤ ਖੁੱਲ੍ਹਣ ਲੱਗੇ ਹਨ। ਸੂਤਰਾਂ ਮੁਤਾਬਕ ਇਸ ਵਿਭਾਗ ਵਿਚ ਭ੍ਰਿਸ਼ਟਾਚਾਰ ਨੇ 'ਅਮਰਵੇਲ' ਵਾਂਗ ਅਜਿਹਾ ਤਾਣਾ ਬਾਣਾ ਬੁਣ ਲਿਆ ਸੀ ਕਿ ਦਰਜਾ ਚਾਰ ਕਰਮਚਾਰੀਆਂ ਤੋਂ ਲੈ ਕੇ ਉਚ ਅਧਿਕਾਰੀਆਂ ਤੱਕ ਨੇ ਹਿੱਸਾ-ਪੱਤੀ ਤੈਅ ਕੀਤੀ ਹੋਈ ਸੀ। ਜੰਗਲਾਤ ਵਿਭਾਗ ਦੇ ਅਧਿਕਾਰੀਆਂ ਵੱਲੋਂ ਨਵੇਂ ਪੌਦੇ ਲਾਉਣ ਦੇ ਮਾਮਲੇ 'ਤੇ ਹੀ ਖਾਨਾਪੂਰਤੀ ਨਹੀਂ ਕੀਤੀ ਜਾਂਦੀ ਸੀ ਸਗੋਂ ਪੌਦਿਆਂ ਦੀ ਦੇਖ ਰੇਖ 'ਤੇ ਹੋਣ ਵਾਲੇ ਖਰਚ ਦਾ ਮੋਟਾ ਹਿੱਸਾ ਵੀ ਛੋਟੇ ਕਰਮਚਾਰੀਆਂ ਤੋਂ ਲੈ ਕੇ ਉਪਰ ਤੱਕ ਡਕਾਰ ਲਿਆ ਜਾਂਦਾ ਸੀ।

ਪੰਜਾਬ ਵਿਚ ਪਿਛਲੇ ਸਾਲਾਂ ਦੌਰਾਨ ਕੌਮੀ ਮਾਰਗਾਂ ਦੇ ਚੌੜਾ ਹੋਣ ਕਾਰਨ ਵੱਡੇ ਪੱਧਰ 'ਤੇ ਰੁੱਖ ਵੱਢੇ ਗਏ। ਅੰਬਾਲਾ ਤੋਂ ਅੰਮ੍ਰਿਤਸਰ, ਜਲੰਧਰ ਤੋਂ ਪਠਾਨਕੋਟ, ਚੰਡੀਗੜ੍ਹ ਤੋਂ ਬਠਿੰਡਾ, ਚੰਡੀਗੜ੍ਹ ਤੋਂ ਜਲੰਧਰ ਅਤੇ ਚੰਡੀਗੜ੍ਹ ਤੋਂ ਲੁਧਿਆਣਾ ਅਜਿਹੀਆਂ ਸੜਕਾਂ ਹਨ ਜਿਨ੍ਹਾਂ ਕਿਨਾਰੇ ਰੁੱਖ ਬਹੁਤ ਘੱਟ ਹੀ ਦਿਖਾਈ ਦਿੰਦੇ ਹਨ ਜਦੋਂ ਕਿ ਸੜਕਾਂ ਚੌੜੀਆਂ ਹੋਣ ਤੋਂ ਪਹਿਲਾਂ ਇਨ੍ਹਾਂ ਸਾਰੀਆਂ ਸੜਕਾਂ ਦੇ ਦੋਵੇਂ ਪਾਸੇ ਸੰਘਣੇ ਜੰਗਲ ਹੁੰਦੇ ਸਨ।

ਵਿਜੀਲੈਂਸ ਬਿਊਰੋ ਨੇ ਹੁਣ ਸਾਬਕਾ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਦੀਆਂ ਜਾਇਦਾਦਾਂ ਦੀ ਜਾਂਚ ਵੀ ਵਿੱਢ ਦਿੱਤੀ ਹੈ। ਵਿਜੀਲੈਂਸ ਤੱਕ ਉਹ ਪ੍ਰਾਈਵੇਟ ਸੂਹੀਏ ਵੀ ਪਹੁੰਚ ਕਰਨ

*(ਬਾਕੀ ਸਫਾ 6 'ਤੇ)*

# ਮੂਸੇਵਾਲਾ ਕੇਸ 'ਚ ਲਾਰੈਂਸ ਬਿਸ਼ਨੋਈ ਪੰਜਾਬ ਪੁਲਿਸ ਹਵਾਲੇ



**ਮਾਨਸਾ:** ਦਿੱਲੀ ਦੀ ਪਟਿਆਲਾ ਹਾਊਸ ਕੋਰਟ ਨੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੀ ਜਾਂਚ ਨਾਲ ਜੁੜੇ ਕੇਸ ਵਿਚ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਰਸਮੀ ਤੌਰ 'ਤੇ ਪੰਜਾਬ ਪੁਲਿਸ ਦੇ ਹਵਾਲੇ ਕਰ ਦਿੱਤਾ। ਦਿੱਲੀ ਕੋਰਟ ਵੱਲੋਂ ਜਾਰੀ ਟਰਾਂਜਿਟ ਰਿਮਾਂਡ ਮਗਰੋਂ ਪੰਜਾਬ ਪੁਲਿਸ ਸਖਤ ਸੁਰੱਖਿਆ ਪ੍ਰਬੰਧ ਹੇਠ ਲਾਰੈਂਸ ਬਿਸ਼ਨੋਈ ਨੂੰ ਲੈ ਕੇ ਪੰਜਾਬ ਲੈ ਆਈ ਹੈ। ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਦਿੱਲੀ ਤੋਂ ਮਾਨਸਾ ਲਿਆਉਣ ਵਾਲੇ ਪੰਜਾਬ ਪੁਲਿਸ ਦੇ ਕਾਫਲੇ ਵਿਚ 50 ਪੁਲਿਸ ਮੁਲਾਜ਼ਮ, 2 ਬੁਲੇਟ ਪਰੂਫ ਗੱਡੀਆਂ ਤੇ 12 ਐਸਕਾਰਟ ਵਾਹਨ ਸ਼ਾਮਲ ਸਨ। ਬਿਸ਼ਨੋਈ ਦਾ ਰਿਮਾਂਡ ਹਾਸਲ ਕਰਨ ਲਈ ਪੰਜਾਬ ਪੁਲਿਸ ਦੇ ਵਕੀਲ ਨੇ ਵਿਸ਼ੇਸ਼ ਕੋਰਟ ਨੂੰ ਮੂਸੇਵਾਲਾ ਕਤਲ ਕਾਂਡ 'ਚ ਇਕੱਤਰ ਸਾਰੇ ਸਬੂਤ ਵੀ ਦਿਖਾਏ ਜੋ ਲਾਰੈਂਸ ਬਿਸ਼ਨੋਈ ਦੀ ਸ਼ਮੂਲੀਅਤ ਵਲ ਇਸ਼ਾਰਾ ਕਰਦੇ ਹਨ। ਯਾਦ ਰਹੇ ਕਿ ਮਾਨਸਾ

*(ਬਾਕੀ ਸਫਾ 6 'ਤੇ)*

India Palace Restaurant
And Banquet Hall
*Restaurant-Fine Indian Cuisine*
4213 Lafayette Road, Indianapolis, IN (Ph:317-298-0773)
Banquet Hall Available Up to 550 People
Amber Indian Restaurant
*Restaurant-Fine Indian Cuisine*
12510 N. Meridian St., Carmel, IN
Ph: 317-580-0828
We do private party's & catering at your home or business.
*Call, Lakhvir S. Johal*
Ph: 317-709-7800
www.indianpalaceindy.com
www.AmberIndianRestaurantCarmel.com

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com
Best Buy Motors
1805 Elmwood, Lafayette, IN 47904
Ph: 765-449-0490
Www.bestbuymotorsin.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

Blue Diamond
ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਯਾਦਗਾਰੀ ਬਣਾਓ
ONE STOP SHOP
• Brand new Hall, 600+ people gathering
• Fresh In-house catering (from Mela Indian Restaurant)
• 2-Built in Bars (Beer, Wine, Liquor)
• High Ceilings
• Big Dance Floor, Big Parking lot
• DJ with LED screens, cold sparklers, wall up lights, moving heads & dry ice fog machine
• Photo, Video, Dholi, MC
• TV screen + Projector screen
• Live Streaming, Decoration
• 360 Video Booth
• Much more stuff
5425 E Thompson Road, Indianapolis-46237
CALL to book us today : 317 604 9924

ੴ Now Open 7 Days a Week
Regal Jewels
Best Jewelry Selection in the Midwest
www.RegalJewels.com
24kt Gold, 22kt Gold, & Diamonds
Store Hours:
11 am to 8 pm
Contact:
Rajveer Singh Gill
Cell: 847-907-1525
Store: 773-262-4377
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

# ਸ਼ਿਕਾਗੋ ਵਿਚ ਪਹਿਲਾ ਕੁਰਾਨ ਮਿਊਜ਼ੀਅਮ

**ਸ਼ਿਕਾਗੋ (ਇਲੀਨਾਏ):** ਸ਼ਿਕਾਗੋ ਵਿਚ ਰੋਲਿੰਗ ਮੀਡੋਜ਼ ਵਿਖੇ ਸਥਿਤ ਇੰਟਰਨੈਸ਼ਨਲ ਇੰਸਟੀਚਿਊਟ ਆਫ ਇਸਲਾਮਿਕ ਮੈਡੀਸਨ ਐਂਡ ਸਾਇੰਸਜ਼ (ਐਨ.ਆਈ.ਆਈ.ਐਮ.ਐਸ.) ਦੀ ਲਾਇਬ੍ਰੇਰੀ/ਮਿਊਜ਼ੀਅਮ ਵਿਚ ਦੁਰਲੱਭ ਕੁਰਾਨ ਰੱਖੀਆਂ ਗਈਆਂ ਹਨ।



ਏਸ਼ੀਅਨ ਮੀਡੀਆ ਯੂ.ਐੱਸ.ਏ. ਦੇ ਚੇਅਰਮੈਨ ਸੁਰੇਸ਼ ਬੋਦੀਵਾਲਾ ਨੇ ਦੱਸਿਆ ਕਿ ਮਿਊਜ਼ੀਅਮ ਵਿਚ ਰੱਖੀਆਂ ਕੁਰਾਨ ਵਿਚੋਂ ਕੁਝ ਤਾਂ 600 ਸਾਲ ਪੁਰਾਣੀਆਂ ਹਨ। ਇਹ ਅਮਰੀਕਾ ਵਿਚ ਮੌਜੂਦ ਕੁਰਾਨ ਵਿਚੋਂ ਸਭ ਤੋਂ ਪੁਰਾਣੀਆਂ ਅਤੇ ਇਤਿਹਾਸਕ ਹਨ। ਇਸ ਕੁਲੈਕਸ਼ਨ ਵਿਚ ਤਕਰੀਬਨ 100 ਕੁਰਾਨ ਅਤੇ ਕੁਰਾਨ ਦੇ ਖਰੜੇ ਹਨ। ਇਨ੍ਹਾਂ ਵਿਚੋਂ ਕੁਝ ਤਾਂ ਬਾਂਸ, ਖਜੂਰ ਦੇ ਦਰਖਤ ਅਤੇ ਚਮੜੇ ਉਤੇ ਹਨ। ਇਉਂ ਐਨ.ਆਈ.ਆਈ.ਐਮ.ਐਸ. ਅਜਿਹੀ ਪਹਿਲੀ ਲਾਇਬ੍ਰੇਰੀ ਬਣ ਗਈ ਹੈ ਜਿੱਥੇ ਇਹ ਦੁਰਲੱਭ ਖਜ਼ਾਨਾ ਰੱਖਿਆ ਗਿਆ ਹੈ।


To Advertise with Punjab Times Call: 847-359-0746
Visit us on the web:wwwpunjabtimesusa.com
ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਕਾਲ ਕਰੋ:
847-359-0746



SERVING WISCONSIN & ILLINOIS STATE
BUYING SELLING RENTING OR INVESTING
SELLING: Best Marketing Tools, Affordable Listing Commission
BUYING: Buy A Home Through Us & Get $1000-$10000 Closing Cost Credit (Some Condition Apply)
Also Get Free Home Inspection & Attorney Service



JESSE SINGH
Ph: 847-606-3664
E-Mail: J.SINGH@REMAX.COM,
WEBSITE: JSINGH.REMAX.COM
REMAX SHOWCASE, LONG GROVE, IL 60060
RE/MAX



ਫਲੈਟ ਵਿਕਾਊ ਹੈ
ਚੰਡੀਗੜ੍ਹ ਨੇੜੇ ਜ਼ੀਰਕਪੁਰ-ਸ਼ਿਮਲਾ ਕੌਮੀ ਮਾਰਗ 'ਤੇ ਪੰਚਕੂਲਾ ਸ਼ਹਿਰ ਦੇ ਵਿਕਸਿਤ ਸੈਕਟਰ-20 ਵਿਚ ਫਲੈਟ ਵਿਕਾਊ ਹੈ। ਰਹਿਣ ਲਈ ਤਿਆਰ, ਐਲੀਵੇਟਰ, ਕਾਰ ਪਾਰਕਿੰਗ, ਸੁਰੱਖਿਆ ਜਿਹੀਆਂ ਸਹੂਲਤਾਂ ਅਤੇ ਪੈਦਲ-ਦੂਰੀ 'ਤੇ ਸਥਿੱਤ ਮਾਰਕਿਟ।
ਹੋਰ ਜਾਣਕਾਰੀ ਲਈ ਸੰਪਰਕ ਕਰੋ, ਸਿੰਘ
ਫੋਨ: 513-884-0456 ਜਾਂ 513-759 0010
(ਮੈਸੇਜ ਛੱਡ ਸਕਦੇ ਹੋ)
Flat For Sale
Flat for sale in a developed Sector 20 Panchkula near Chandigarh, Close to Zirakpur-Shimla Natonal Highway, Vacant to move in, Elevator, Car parking, Security. Market nearby within walking distance.
For more details please contact: Singh
Ph: 513-884-0456 or 513-759 0010
(Leave Message)
52-01



GoldenKey LENDING
ਗੋਲਡਨ ਕੀਅ ਲੈਂਡਿੰਗ
ਸੁਪਨਿਆਂ ਦਾ ਘਰ ਲੈਣ 'ਚ ਤੁਹਾਡੀ ਮਦਦ ਕਰਦਾ ਹੈ। ਸਸਤੇ HOUSE LOAN ਲੈਣ 'ਚ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ।
HOME LOANS MADE SIMPLE
The feeling of attachment, togetherness
We understand what a home means



Manny Singh Nagra
Principal Broker
Star Alliance Brokerage, INC
Contact Us at
317-620-4100
317-750-1900
REAL ESTATE | RESIDENTIAL & COMMERCIAL
NMLS 147421
325 S. College Avenue, Indianapolis, Indiana 46202
www.goldenkeylending.com




KULJEET (KJ) SINGH
Managing Broker Realtor
GAYA Realty
Interested in:
Buying Selling
Investing Renting
Gas Stations, Motels & Shopping Malls
ਜਾਇਦਾਦ ਖਰੀਦਣੀ ਹੋਵੇ, ਵੇਚਣੀ ਜਾਂ ਕਿਰਾਏ 'ਤੇ ਦੇਣੀ, ਜਾਇਦਾਦ 'ਤੇ ਪੈਸਾ ਲਾਉਣਾ ਹੋਵੇ, ਯਾਦ ਰੱਖੋ



Kuljeet Singh
Over 20 Years of Experience
Contact Information:
Cell: 224-305-3250
Email: ksingh4622@gmail.com
MLS REALTOR
Serving All Chicagoland & Surrounding Suburbs
Looking for new agents.



Sistar Mortgage
Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.



SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways



Etihad, Air India, KLM, Lufthansa, Delta, Qatar Airlines.
For Emergency Call anytime at
847-673-3825
EARLY BIRD SALE!!!!
Domestic fares available

## ਗੁਰਲਾਲ ਸਿੰਘ ਤੇ ਪੂਨਮ ਨੂੰ ਜ਼ਿੰਦਗੀ ਦਾ ਨਵਾਂ ਸਫਰ ਸ਼ੁਰੂ ਕਰਨ 'ਤੇ

# ਵਧਾਈਆਂ ਜੀ ਵਧਾਈਆਂ

ਭੱਠਲ ਪਰਿਵਾਰ ਨੂੰ **ਵਧਾਈਆਂ**



ਢਿੱਲੋਂ ਪਰਿਵਾਰ ਨੂੰ **ਵਧਾਈਆਂ**

'ਪੰਜਾਬ ਟਾਈਮਜ਼' ਦੀ ਸਲਾਹਕਾਰ ਕਮੇਟੀ ਦੇ ਮੈਂਬਰ *ਸ. ਜੈਦੇਵ ਸਿੰਘ ਭੱਠਲ ਦੇ ਸਪੁੱਤਰ ਗੁਰਲਾਲ ਸਿੰਘ ਅਤੇ ਸ. ਜਸਵਿੰਦਰ ਸਿੰਘ ਢਿੱਲੋਂ ਦੀ ਧੀ ਪੂਨਮ ਦੇ ਸ਼ੁੱਭ ਆਨੰਦ ਕਾਰਜ 'ਤੇ ਭੱਠਲ ਅਤੇ ਢਿੱਲੋਂ ਪਰਿਵਾਰ, ਝੱਜ ਪਰਿਵਾਰ, ਤੱਖਰ ਤੇ ਧਾਲੀਵਾਲ ਪਰਿਵਾਰ ਨੂੰ ਅਦਾਰਾ 'ਪੰਜਾਬ ਟਾਈਮਜ਼' ਅਤੇ ਇਸ ਦੀ ਸਲਾਹਕਾਰ ਕਮੇਟੀ ਦੇ ਸਮੂਹ ਮੈਂਬਰਾਂ ਵਲੋਂ ਬਹੁਤ-ਬਹੁਤ ਵਧਾਈਆਂ ਅਤੇ ਨਵ-ਵਿਆਹੇ ਜੋੜੇ ਨੂੰ ਨਵੀਂ ਜ਼ਿੰਦਗੀ ਦੀ ਸ਼ੁਰੂਆਤ 'ਤੇ ਸ਼ੁਭ ਕਾਮਨਾਵਾਂ।*

# ਬੰਦੀ ਸਿੱਖਾਂ ਦੀ ਰਿਹਾਈ ਸਬੰਧੀ ਸਰਗਰਮੀਆਂ ਵਿਚ ਖੜੋਤ ਆਈ

**ਅੰਮ੍ਰਿਤਸਰ:** ਸਿੱਖ ਬੰਦੀਆਂ ਦੀ ਰਿਹਾਈ ਲਈ ਚਾਰਾਜੋਈ ਕਰਨ ਲਈ ਬਣਾਈ ਗਈ 11 ਮੈਂਬਰੀ ਸਾਂਝੀ ਕਮੇਟੀ ਨੂੰ ਪ੍ਰਧਾਨ ਮੰਤਰੀ ਤੇ ਕੇਂਦਰੀ ਗ੍ਰਹਿ ਮੰਤਰੀ ਕੋਲੋਂ ਫਿਲਹਾਲ ਮੁਲਾਕਾਤ ਲਈ ਸਮਾਂ ਨਾ ਮਿਲਣ ਕਾਰਨ ਇਸ ਸਬੰਧੀ ਗਤੀਵਿਧੀਆਂ ਵਿਚ ਖੜੋਤ ਆ ਗਈ ਹੈ।

ਦੂਜੇ ਪਾਸੇ ਕਮੇਟੀ ਮੈਂਬਰਾਂ ਵਿਚਾਲੇ ਬਣ ਰਹੀ ਅਸਹਿਮਤੀ ਕਾਰਨ ਕਮੇਟੀ ਦੀ ਹੋਂਦ ਵੀ ਖਤਰੇ ਵਿਚ ਜਾਪ ਰਹੀ ਹੈ। ਕਮੇਟੀ ਦੀ 19 ਮਈ ਨੂੰ ਪਹਿਲੀ ਮੀਟਿੰਗ ਹੋਈ ਸੀ, ਜਿਸ ਵਿਚ ਅਗਲੇ 15 ਦਿਨਾਂ ਦੌਰਾਨ ਪ੍ਰਧਾਨ ਮੰਤਰੀ, ਕੇਂਦਰੀ ਗ੍ਰਹਿ ਮੰਤਰੀ ਅਤੇ ਦਿੱਲੀ ਤੇ ਕਰਨਾਟਕਾ ਦੇ ਮੁੱਖ ਮੰਤਰੀ ਨਾਲ ਮੁਲਾਕਾਤ ਕਰਨ ਲਈ ਫੈਸਲਾ ਹੋਇਆ ਸੀ। ਇਸ ਦੌਰਾਨ ਬੰਦੀ ਸਿੱਖਾਂ ਬਾਰੇ ਵੇਰਵੇ ਇਕੱਠੇ ਕਰਕੇ ਇਕ ਸੂਚੀ ਵੀ ਤਿਆਰ ਕੀਤੀ ਜਾਣੀ ਸੀ। ਇਸ ਦੌਰਾਨ ਕਮੇਟੀ ਮੈਂਬਰਾਂ ਵਿਚਾਲੇ ਕੁਝ ਮੈਂਬਰਾਂ ਦੀ ਸ਼ਮੂਲੀਅਤ ਨੂੰ ਲੈ ਕੇ ਆਪਸੀ ਸਹਿਮਤੀ ਵੀ ਨਹੀਂ ਬਣ ਰਹੀ। ਹਰਿਆਣਾ ਕਮੇਟੀ ਦੇ ਆਗੂ ਭਾਈ ਬਲਜੀਤ ਸਿੰਘ ਦਾਦੂਵਾਲ ਵੱਲੋਂ ਇਸ




ਕਮੇਟੀ ਵਿਚ ਸ਼ਾਮਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਸ਼ਮੂਲੀਅਤ 'ਤੇ ਇਤਰਾਜ਼ ਕੀਤਾ ਗਿਆ ਹੈ।

ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਵੱਲੋਂ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਦੀ ਸ਼ਮੂਲੀਅਤ 'ਤੇ ਇਤਰਾਜ਼ ਕੀਤਾ ਗਿਆ ਹੈ। ਹਾਲ ਹੀ ਵਿਚ ਕਮੇਟੀ ਦੇ ਦੋ ਮੈਂਬਰਾਂ ਸੁਖਬੀਰ ਸਿੰਘ ਬਾਦਲ ਅਤੇ ਸਿਮਰਨਜੀਤ ਸਿੰਘ ਮਾਨ ਵਿਚਾਲੇ ਵੀ ਆਪਸੀ ਵਖਰੇਵੇਂ ਸਾਹਮਣੇ ਆਏ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ 19 ਮਈ ਨੂੰ ਹੋਈ ਸਾਂਝੀ ਕਮੇਟੀ ਦੀ ਮੀਟਿੰਗ ਤੋਂ ਬਾਅਦ 20 ਅਤੇ 24 ਮਈ ਨੂੰ ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਦੇ ਦਫਤਰਾਂ ਨੂੰ ਮੀਟਿੰਗ ਵਾਸਤੇ ਸਮਾਂ ਦੇਣ ਲਈ ਪੱਤਰ ਭੇਜੇ ਗਏ ਸਨ। ਪਰ 15 ਦਿਨ ਬੀਤ ਚੁੱਕੇ ਹਨ ਅਤੇ ਹੁਣ ਤੱਕ ਮੀਟਿੰਗ ਦਾ ਸਮਾਂ ਨਹੀਂ ਮਿਲਿਆ ਹੈ। ਉਨ੍ਹਾਂ ਕਿਹਾ ਕਿ ਮੀਟਿੰਗ ਲਈ ਸਮਾਂ ਮਿਲਣ ਦੀ ਉਡੀਕ ਕੀਤੀ ਜਾ ਰਹੀ ਹੈ। ਕਮੇਟੀ ਮੈਂਬਰਾਂ ਵਿਚਾਲੇ ਪੈਦਾ ਹੋਏ ਆਪਸੀ ਵਖਰੇਵਿਆਂ ਬਾਰੇ ਉਨ੍ਹਾਂ ਕਿਹਾ ਕਿ ਉਹ ਯਤਨ ਕਰਨਗੇ ਕਿ ਇਹ ਸਾਂਝੀ ਕਮੇਟੀ ਸਿੱਖ ਬੰਦੀਆਂ ਦੀ ਰਿਹਾਈ ਲਈ ਸਾਂਝੇ ਤੌਰ 'ਤੇ ਕੰਮ ਕਰਦੀ ਰਹੇ।

## ਪ੍ਰਧਾਨ ਮੰਤਰੀ ਨੂੰ ਮੁਲਾਕਾਤ ਲਈ ਸਮਾਂ ਦੇਣ ਦੀ ਅਪੀਲ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਤੇ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਬੰਦੀਆਂ ਦੀ ਰਿਹਾਈ ਵਾਸਤੇ ਮੁਲਾਕਾਤ ਲਈ ਸਮਾਂ ਦੇਣ ਦੀ ਕੀਤੀ ਮੰਗ ਨੂੰ ਤੁਰਤ ਪ੍ਰਵਾਨ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਇਸ ਸਬੰਧੀ ਪ੍ਰਧਾਨ ਮੰਤਰੀ ਦਫਤਰ ਨੂੰ ਪੱਤਰ ਭੇਜਿਆ ਹੈ। ਹੁਣ ਤੱਕ 15 ਦਿਨ ਬੀਤ ਜਾਣ ਦੇ ਬਾਵਜੂਦ ਪੀ.ਐਮ.ਓ. ਵੱਲੋਂ ਇਸ ਸਬੰਧੀ ਕੋਈ ਹੁੰਗਾਰਾ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਬੰਦੀ ਸਿੱਖਾਂ ਦੀ ਰਿਹਾਈ ਦਾ ਮਾਮਲਾ ਇਸ ਵੇਲੇ ਸਮੁੱਚੀ ਸਿੱਖ ਕੌਮ ਦਾ ਭਖਦਾ ਮਸਲਾ ਬਣ ਚੁੱਕਿਆ ਹੈ ਅਤੇ ਸਿੱਖ ਕੌਮ ਇਸ ਮੁੱਦੇ ਪ੍ਰਤੀ ਗੰਭੀਰ ਹੈ।

# ਸ਼ਿਕਾਗੋ ਦੇ ਸਿੱਖਾਂ ਨੇ ਮੈਮੋਰੀਅਲ ਡੇਅ ਪਰੇਡ ਵਿਚ ਸ਼ਿਰਕਤ ਕੀਤੀ

**ਸ਼ਿਕਾਗੋ:** ਇਲੀਨਾਇ ਸਟੇਟ ਦੀਆਂ ਵੱਖ-ਵੱਖ ਥਾਵਾਂ ਤੋਂ ਆਏ ਅਮਰੀਕੀ ਸਿੱਖਾਂ ਨੇ ਸ਼ਿਕਾਗੋ ਮੈਮੋਰੀਅਲ ਡੇਅ ਮੌਕੇ ਪਰੇਡ ਵਿਚ ਹਿੱਸਾ ਲਿਆ। ਇਸ ਸੰਬੰਧੀ ਤਿੰਨ ਸਮਾਗਮ ਵੱਖ-ਵੱਖ ਥਾਈਂ ਹੋਏ ਸਨ। ਅਮਰੀਕੀ ਸਿੱਖਾਂ ਨੇ ਇਨ੍ਹਾਂ ਤਿੰਨਾਂ ਥਾਵਾਂ- ਸ਼ਿਕਾਗੋ ਡਾਊਨਟਾਊਨ, ਸ਼ਾਮਬਰਗ ਅਤੇ ਨੇਪਰਵਿਲੇ, ਵਾਲੇ ਸਮਾਗਮਾਂ ਵਿਚ ਸ਼ਿਰਕਤ ਕੀਤੀ। ਯਾਦ ਰਹੇ ਕਿ ਅਮਰੀਕੀ ਸਿੱਖ ਭਾਈਚਾਰਾ ਇਸ ਪਰੇਡ ਵਿਚ ਸਾਲ 2012 ਤੋਂ ਲਗਾਤਾਰ ਸ਼ਿਰਕਤ ਕਰ ਰਿਹਾ ਹੈ। ਇਸ ਸਬੰਧੀ ਬਿਆਨ ਜਾਰੀ ਕਰਦਿਆਂ ਸ. ਰਾਜਿੰਦਰ ਸਿੰਘ ਮਾਗੋ ਨੇ ਦੱਸਿਆ ਕਿ ਪੈਲਾਟਾਈਨ ਗੁਰਦੁਆਰੇ ਤੋਂ ਸ਼ਿਕਾਗੋ ਡਾਊਨਟਾਊਨ ਜਾਣ ਲਈ ਸਪੈਸ਼ਲ ਬੱਸ ਦਾ ਪ੍ਰਬੰਧ ਕੀਤਾ ਗਿਆ ਸੀ। ਬਹੁਤ ਸਾਰੇ ਮੈਂਬਰ ਆਪਣੇ ਵਾਹਨਾਂ ਰਾਹੀਂ ਵੀ ਸਮਾਗਮ ਵਿਚ ਪੁੱਜੇ ਹੋਏ ਸਨ। ਇਸ ਪਰੇਡ ਵਿਚ ਪਹਿਲੇ ਅਤੇ ਦੂਜੇ ਸੰਸਾਰ ਜੰਗ ਦੌਰਾਨ ਜਾਨਾਂ ਗੁਆਉਣ ਵਾਲੇ ਫੌਜੀਆਂ ਨੂੰ ਯਾਦ ਕੀਤਾ ਜਾਂਦਾ ਹੈ। ਇਸ ਮੌਕੇ ਸ. ਸੁਰਿੰਦਰਪਾਲ ਸਿੰਘ ਨੇ ਅਰਦਾਸ ਕੀਤੀ। ਇਹ ਪਰੇਡ ਲੇਕ ਸਟ੍ਰੀਟ ਤੋਂ ਸ਼ੁਰੂ ਹੋ ਕੇ ਵਾਨ ਬਰਨ ਵਿਖੇ ਖਤਮ ਹੋਈ। ਪਰੇਡ ਦੀ ਅਗਵਾਈ ਸ. ਰਾਜਿੰਦਰ ਸਿੰਘ ਮਾਗੋ ਅਤੇ ਵਰਦੀਧਾਰੀ ਸਿੱਖ ਫੌਜੀ ਅਫਸਰ ਦੀਪਕ ਸਿੰਘ ਕੌਮੀ ਝੰਡੇ ਨਾਲ ਕਰ ਰਹੇ ਸਨ। ਦੀਪਕ ਸਿੰਘ ਅੱਜ ਕੱਲ੍ਹ ਕੈਨੇਡਾ ਦੇ ਸੁਰੱਖਿਆ ਬਲਾਂ ਵਿਚ ਤਾਇਨਾਤ ਹੈ। ਇਸ ਮੌਕੇ ਜਸਮੀਤ ਸਿੰਘ ਨੇ ਨਿਸ਼ਾਨ ਸਾਹਿਬ ਅਤੇ ਗੁਰਮੀਤ ਸਿੰਘ ਨੇ ਯੂਕਰੇਨ ਦਾ ਝੰਡਾ ਚੁੱਕਿਆ ਹੋਇਆ ਸੀ। ਇਉਂ ਚੱਲ ਰਹੀ ਜੰਗ ਵਿਚ ਅਮਰੀਕਾ ਵੱਲੋਂ ਯੂਕਰੇਨ ਦੇ ਕੀਤੇ ਜਾ ਰਹੇ ਸਮਰਥਨ ਨੂੰ ਦਰਸਾਇਆ ਗਿਆ ਸੀ। ਇਸੇ ਤਰ੍ਹਾਂ ਸ਼ਾਮਬਰਗ ਅਤੇ ਨੇਪਰਵਿਲੇ ਵਿਖੇ ਹੋਏ ਪਰੇਡ ਸਮਾਗਮਾਂ ਵਿਚ ਸਿੱਖ ਭਾਈਚਾਰੇ ਨੇ ਹਿੱਸਾ ਲਿਆ।







# ਪੰਜਾਬ ਯੂਨੀਵਰਸਿਟੀ ਦੇ ਕੇਂਦਰੀਕਰਨ ਖਿਲਾਫ ਰੋਹ ਭਖਿਆ

**ਮੁਹਾਲੀ:** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਕੇਂਦਰੀ ਯੂਨੀਵਰਸਿਟੀ ਬਣਾਉਣ ਦੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀ ਤਜਵੀਜ਼ ਖਿਲਾਫ ਪੰਜਾਬ ਦੀਆਂ 9 ਵਿਦਿਆਰਥੀ ਜਥੇਬੰਦੀਆਂ ਨੇ ਰੋਸ ਮੁਜ਼ਾਹਰਾ ਕੀਤਾ। ਚੰਡੀਗੜ੍ਹ ਅਤੇ ਪੰਜਾਬ ਭਰ 'ਚੋਂ ਵਿਦਿਆਰਥੀ ਗੁਰਦੁਆਰਾ ਅੰਬ ਸਾਹਿਬ ਵਿਖੇ ਇਕੱਠੇ ਹੋਣੇ ਸ਼ੁਰੂ ਹੋ ਗਏ ਅਤੇ ਦੁਪਹਿਰ ਤੱਕ ਵੱਡੀ ਗਿਣਤੀ ਵਿਦਿਆਰਥੀ ਇਕੱਠੇ ਹੋ ਗਏ।

ਇਥੇ ਕੇਂਦਰੀ ਤਜਵੀਜ਼ ਬਾਰੇ ਤਕਰੀਰਾਂ ਕਰਨ ਤੋਂ ਬਾਅਦ ਵਿਦਿਆਰਥੀਆਂ ਨੇ ਪੈਦਲ ਹੀ ਗਵਰਨਰ ਹਾਊਸ ਦਾ ਘਿਰਾਓ ਕਰਨ ਲਈ ਚੰਡੀਗੜ੍ਹ ਵੱਲ ਮਾਰਚ ਸ਼ੁਰੂ ਕੀਤਾ। ਹਾਲਾਂਕਿ ਵਾਈ.ਪੀ.ਐਸ. ਚੌਕ ਨੇੜੇ ਪੁਲਿਸ ਨੇ ਬੈਰੀਕੇਡ ਲਾ ਕੇ ਨੌਜਵਾਨਾਂ ਨੂੰ ਰੋਕਣ ਦਾ ਯਤਨ ਕੀਤਾ ਪਰ ਵਿਦਿਆਰਥੀ ਪੁਲਿਸ ਰੋਕਾਂ ਤੋੜ ਕੇ ਅੱਗੇ ਵਧਣ ਲੱਗੇ ਤਾਂ ਪੰਜਾਬ ਪੁਲਿਸ ਅਤੇ ਕਮਾਂਡੋਜ਼ ਵੱਲੋਂ ਵਿਦਿਆਰਥੀਆਂ 'ਤੇ ਲਾਠੀਚਾਰਜ ਕੀਤਾ ਗਿਆ। ਇਸ ਦੌਰਾਨ ਕਈ ਵਿਦਿਆਰਥੀ ਜ਼ਖਮੀ ਹੋ ਗਏ ਤੇ ਕਈਆਂ ਦੀਆਂ ਪੱਗਾਂ ਲੱਥ ਗਈਆਂ। ਪੁਲਿਸ ਨੇ ਲੜਕੀਆਂ ਦੀ ਵੀ ਖਿੱਚ-ਧੂਹ ਕੀਤੀ। ਵਿਦਿਆਰਥੀ ਆਗੂਆਂ ਨੇ ਮੰਗ



ਕੀਤੀ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਕੇਂਦਰੀਕਰਨ ਬੰਦ ਕਰਕੇ ਇਸ ਨੂੰ ਪੰਜਾਬ ਦੇ ਸਪੁਰਦ ਕੀਤਾ ਜਾਵੇ, ਨਵੀਂ ਸਿੱਖਿਆ ਨੀਤੀ ਰਾਹੀਂ ਸਿੱਖਿਆ ਦੇ ਨਿੱਜੀਕਰਨ, ਭਗਵੇਂਕਰਨ ਅਤੇ ਕੇਂਦਰੀਕਰਨ ਦੀ ਨੀਤੀ ਰੱਦ ਕੀਤੀ ਜਾਵੇ।

ਵਿਦਿਆਰਥੀ ਆਗੂਆਂ ਨੇ ਕਿਹਾ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਕੇਂਦਰੀਕਰਨ ਦੇ ਏਜੰਡੇ ਨੂੰ ਹਾਈ ਕੋਰਟ ਨੇ ਹਰੀ ਝੰਡੀ ਦੇ ਦਿੱਤੀ ਹੈ। ਜੇਕਰ ਅਜਿਹਾ ਹੋਇਆ ਤਾਂ ਪੰਜਾਬ ਯੂਨੀਵਰਸਿਟੀ ਕੇਂਦਰ ਸਰਕਾਰ ਅਤੇ ਆਰ.ਐਸ.ਐਸ. ਦੇ ਸਿੱਧੇ ਕੰਟਰੋਲ ਹੇਠ ਆ ਜਾਵੇਗੀ। ਇੰਜ ਕੇਂਦਰ ਸਰਕਾਰ ਇਸ ਨੂੰ ਪੰਜਾਬ ਕੋਲੋਂ ਖੋਹ ਕੇ ਆਪਣੇ ਹੱਥ ਲੈ ਲਵੇਗੀ। ਪੰਜਾਬੀ ਬੋਲੀ ਤੇ ਸਭਿਆਚਾਰ ਲਈ ਕੰਮ ਕਰਨ ਵਾਲੀ ਪੰਜਾਬ ਯੂਨੀਵਰਸਿਟੀ ਕੇਂਦਰ ਸਰਕਾਰ ਮੁਤਾਬਕ ਚੱਲੇਗੀ।

## 142 ਕਾਲਜ ਬੰਦ ਕਰਨ ਦੀ ਚਿਤਾਵਨੀ

**ਅੰਮ੍ਰਿਤਸਰ:** ਸਿੱਖਿਆ ਵਿਭਾਗ ਵੱਲੋਂ ਸੂਬੇ ਅਤੇ ਯੂਟੀ ਚੰਡੀਗੜ੍ਹ ਦੇ ਸਮੂਹ ਏਡਿਡ ਕਾਲਜਾਂ ਵਿਚ ਦਾਖਲਿਆਂ ਨੂੰ ਕੇਂਦਰੀਕ੍ਰਿਤ ਕਰਨ ਦੇ ਫੈਸਲੇ ਦਾ ਗੈਰ-ਸਰਕਾਰੀ ਸਹਾਇਤਾ ਪ੍ਰਾਪਤ ਕਾਲਜਿਜ਼ ਮੈਨੇਜਮੈਂਟ ਫੈਡਰੇਸ਼ਨ ਨੇ ਵਿਰੋਧ ਕੀਤਾ ਹੈ। 142 ਕਾਲਜਾਂ ਦੀ ਨੁਮਾਇੰਦਗੀ ਕਰਨ ਵਾਲੀ ਜਥੇਬੰਦੀ ਇਸ ਮਸਲੇ 'ਤੇ ਸਰਕਾਰ ਵਿਰੁੱਧ ਸੰਘਰਸ਼ ਵਿੱਢਣ ਦੇ ਰੌਅ ਵਿਚ ਹੈ। ਜਥੇਬੰਦੀ ਦੇ ਪ੍ਰਧਾਨ ਰਜਿੰਦਰ ਮੋਹਨ ਸਿੰਘ ਛੀਨਾ ਨੇ ਕਿਹਾ ਕਿ ਲੋੜ ਪਈ ਤਾਂ ਕਾਲਜਾਂ ਵੱਲੋਂ ਇਸ ਫੈਸਲੇ ਖਿਲਾਫ ਹੜਤਾਲ ਕਰਕੇ ਸੰਘਰਸ਼ ਕੀਤਾ ਜਾਵੇਗਾ।

## ਗੁਟਕਾ ਸਾਹਿਬ ਦੇ ਅੰਗ ਖਿੱਲਰੇ ਮਿਲਣ ਕਾਰਨ ਰੋਸ

**ਫਗਵਾੜਾ:** ਪਿੰਡ ਮੇਹਲੀ ਵਿਚ ਸ੍ਰੀ ਗੁਟਕਾ ਸਾਹਿਬ ਦੇ ਅੰਗ ਸੜਕ 'ਤੇ ਖਿਲਰੇ ਪਏ ਮਿਲਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਕਾਰਨ ਸਿੱਖ ਸੰਗਤ ਵਿਚ ਭਾਰੀ ਰੋਸ ਹੈ। ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਸਰਵਣ ਸਿੰਘ ਕੁਲਾਰ ਨੇ ਦੱਸਿਆ ਕਿ ਗੁਟਕਾ ਸਾਹਿਬ ਦੇ ਅੰਗ ਇਕੱਤਰ ਕਰਕੇ ਗੁਰਦੁਆਰਾ ਸਾਹਿਬ ਵਿਚ ਲਿਆਂਦੇ ਗਏ ਹਨ। ਉਨ੍ਹਾਂ ਕਿਹਾ ਕਿ ਕੁਝ ਸ਼ਰਾਰਤੀ ਅਨਸਰ ਪੰਜਾਬ ਦਾ ਮਾਹੌਲ ਖਰਾਬ ਕਰਨਾ ਚਾਹੁੰਦੇ ਹਨ। ਉਨ੍ਹਾਂ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਤੇ ਪੁਲਿਸ ਨੂੰ ਇਸ ਸਬੰਧੀ ਸਖਤ ਕਾਰਵਾਈ ਕਰਨ ਤੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ।

# ਬੈਂਸ 'ਤੇ ਗ੍ਰਿਫਤਾਰੀ ਦੀ ਤਲਵਾਰ

**ਲੁਧਿਆਣਾ:** ਲੋਕ ਇਨਸਾਫ ਪਾਰਟੀ ਦੇ ਮੁਖੀ ਤੇ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਵੱਲੋਂ ਜ਼ਮਾਨਤ ਸਬੰਧੀ ਪਾਈਆਂ ਦੋਵੇਂ ਪਟੀਸ਼ਨਾਂ ਪੰਜਾਬ ਹਰਿਆਣਾ ਹਾਈ ਕੋਰਟ ਨੇ ਖਾਰਜ ਕਰ ਦਿੱਤੀਆਂ ਹਨ। ਅਦਾਲਤ ਨੇ ਦਲੀਲਾਂ ਸੁਣਨ ਤੋਂ ਬਾਅਦ ਜ਼ਮਾਨਤ ਅਰਜ਼ੀ ਰੱਦ ਕਰਨ ਦਾ ਫੈਸਲਾ ਸੁਣਾਇਆ ਹੈ। ਅਜਿਹੇ ਵਿਚ ਹੁਣ ਸਿਮਰਜੀਤ ਬੈਂਸ 'ਤੇ ਗ੍ਰਿਫਤਾਰੀ ਦੀ ਤਲਵਾਰ ਲਟਕ ਗਈ ਹੈ।



ਇਸ ਤੋਂ ਪਹਿਲਾਂ ਬੈਂਸ ਵੱਲੋਂ ਜ਼ਿਲ੍ਹਾ ਅਦਾਲਤ ਵਿਚ ਦੋਵੇਂ ਮਾਮਲਿਆਂ 'ਚ ਅਗਾਊਂ ਜ਼ਮਾਨਤ ਲਈ ਪਾਈ ਗਈ ਅਰਜ਼ੀ ਵੀ ਰੱਦ ਕਰ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਬੈਂਸ ਜਬਰ ਜਨਾਹ ਅਤੇ ਕਰੋਨਾ ਹਦਾਇਤਾਂ ਦੀ ਉਲੰਘਣਾ ਕਰਨ ਦੇ ਮਾਮਲੇ 'ਚ ਜ਼ਿਲ੍ਹਾ ਸੈਸ਼ਨ ਅਦਾਲਤ ਵਿਚ ਸੁਣਵਾਈ ਦੌਰਾਨ ਗੈਰਹਾਜ਼ਰ ਰਹੇ ਹਨ, ਜਿਸ ਮਗਰੋਂ ਅਦਾਲਤ ਨੇ ਬੈਂਸ ਨੂੰ ਦੋਵੇਂ ਕੇਸਾਂ ਵਿਚ ਭਗੌੜਾ ਐਲਾਨ ਦਿੱਤਾ। ਭਗੌੜਾ ਐਲਾਨੇ ਜਾਣ ਤੋਂ ਬਾਅਦ ਸ਼ਹਿਰ ਵਿਚ ਸਿਮਰਜੀਤ ਸਿੰਘ ਬੈਂਸ, ਪਰਮਜੀਤ ਸਿੰਘ ਬੈਂਸ, ਪ੍ਰਦੀਪ ਕੁਮਾਰ ਗੋਗੀ, ਸੁਖਚੈਨ ਸਿੰਘ, ਬਲਜਿੰਦਰ ਕੌਰ ਤੇ ਜਸਬੀਰ ਕੌਰ ਦੇ ਲੋੜੀਂਦੇ ਹੋਣ ਦੇ ਪੋਸਟਰ ਲਗਾਏ ਗਏ ਹਨ, ਪਰ ਬੈਂਸ ਲਗਾਤਾਰ ਸੋਸ਼ਲ ਮੀਡੀਆ 'ਤੇ ਸਰਗਰਮ ਚੱਲ ਰਹੇ ਹਨ। ਉਨ੍ਹਾਂ ਦੀ ਜਾਇਦਾਦ ਦੀ ਕੁਰਕੀ ਕਰਨ ਦੀ ਕਾਰਵਾਈ ਵੀ ਸ਼ੁਰੂ ਹੋ ਚੁੱਕੀ ਹੈ। ਜ਼ਿਕਰਯੋਗ ਹੈ ਕਿ ਬੈਂਸ ਖਿਲਾਫ ਜਬਰ ਜਨਾਹ ਦਾ ਦੋਸ਼ ਲਾਉਣ ਵਾਲੀ ਔਰਤ ਪਿਛਲੇ ਡੇਢ ਸਾਲ ਤੋਂ ਰੋਜ਼ਾਨਾ ਪੁਲਿਸ ਕਮਿਸ਼ਨਰ ਦਫਤਰ ਦੇ ਬਾਹਰ ਧਰਨਾ ਲਾਉਂਦੀ ਹੈ।

# ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਯੂ.ਪੀ. ਦੇ ਮੁੱਖ ਮੰਤਰੀ ਨੂੰ ਪੱਤਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਨੂੰ ਪੱਤਰ ਲਿਖ ਕੇ ਮੁਰਾਦਾਬਾਦ ਦੇ ਨਜ਼ਦੀਕ ਪਿੰਡ ਗਾਗਨ ਮਨੋਹਰਪੁਰ ਵਿਖੇ ਪ੍ਰਸ਼ਾਸਨ ਵੱਲੋਂ ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਅਤੇ ਕੁਝ ਸਿੱਖਾਂ ਦੇ ਘਰ ਤੋੜਨ ਸਬੰਧੀ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਤੇ ਹੋਏ ਨੁਕਸਾਨ ਦਾ ਪੀੜਤਾਂ ਨੂੰ ਮੁਆਵਜ਼ਾ ਦਿੱਤੇ ਜਾਣ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਨੂੰ ਲਿਖੇ ਪੱਤਰ ਪ੍ਰਧਾਨ ਧਾਮੀ ਨੇ ਕਿਹਾ ਕਿ ਗਾਗਨ ਮਨੋਹਰਪੁਰ ਵਿਚ ਸੰਨ 1973 ਤੋਂ ਵੱਸੇ ਹੋਏ ਸਿੱਖਾਂ ਨੂੰ ਜਾਣਬੁਝ ਕੇ ਉਜਾੜਿਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਇਹ ਜ਼ਮੀਨ ਪੰਚਾਇਤ ਵੱਲੋਂ 1973 ਵਿਚ ਗੰਗਾ ਸਿੰਘ ਨਾਂ ਦੇ ਵਿਅਕਤੀ ਨੂੰ ਦਿੱਤੀ ਗਈ ਸੀ, ਜਿਸ ਦਾ ਪਰਿਵਾਰ ਹੁਣ ਤੱਕ ਇਸ ਉਤੇ ਰਹਿ ਰਿਹਾ ਹੈ। ਇਨ੍ਹਾਂ ਸਿੱਖਾਂ ਨੇ ਉਥੇ ਇਕ ਗੁਰਦੁਆਰਾ ਸਾਹਿਬ ਵੀ ਤਿਆਰ ਕੀਤਾ ਹੈ ਤੇ ਇਕ ਲੰਗਰ ਹਾਲ ਬਣਾਇਆ ਹੋਇਆ ਹੈ।

# ਕੈਂਸਰ ਦੇ ਇਲਾਜ ਲਈ ਆਸ ਦੀ ਕਿਰਨ ਜਾਗੀ

**ਨਵੀਂ ਦਿੱਲੀ:** ਅਮਰੀਕਾ ਵਿਚ ਜਾਰੀ ਮੈਡੀਕਲ ਪ੍ਰੀਖਣ ਨੂੰ ਮਾਹਿਰਾਂ ਨੇ ਆਸ ਦੀ ਕਿਰਨ ਕਰਾਰ ਦਿੱਤਾ ਹੈ ਕਿਉਂਕਿ ਛੇ ਮਹੀਨੇ ਤੱਕ ਐਂਟੀ ਬਾਡੀ ਦਵਾਈ ਲੈਣ ਤੋਂ ਬਾਅਦ ਰੈਕਟਲ ਕੈਂਸਰ ਦੇ 12 ਮਰੀਜ਼ਾਂ ਦੇ ਗਰੁੱਪ 'ਚ ਟਿਊਮਰ ਦੇ ਕੋਈ ਲੱਛਣ ਦਿਖਾਈ ਨਹੀਂ ਦਿੱਤੇ। ਨਿਊ ਇੰਗਲੈਂਡ ਜਰਨਲ ਆਫ ਮੈਡੀਸਿਨ 'ਚ ਪ੍ਰਕਾਸ਼ਿਤ ਖੋਜ ਪੱਤਰ 'ਚ ਕਿਹਾ ਗਿਆ ਹੈ ਕਿ ਪ੍ਰੀਖਣ ਦਾ ਹਿੱਸਾ ਬਣੇ ਮਰੀਜ਼ਾਂ ਦੇ ਟਿਊਮਰ ਪੂਰੀ ਤਰ੍ਹਾਂ ਨਾਲ ਗਾਇਬ ਹੋਣ ਤੋਂ ਇਲਾਵਾ ਉਨ੍ਹਾਂ 'ਚੋਂ ਕਿਸੇ ਨੇ ਵੀ ਕੋਈ ਗੰਭੀਰ ਸਾਈਡ ਇਫੈਕਟ ਨਾ ਹੋਣ ਦਾ ਦਾਅਵਾ ਕੀਤਾ ਹੈ। ਮਰੀਜ਼ਾਂ ਦੇ ਸਰੀਰਕ, ਐਂਡੋਸਕੋਪੀ, ਬਾਇਓਸਕੋਪੀ, ਪੀ.ਈ.ਟੀ. ਸਕੈਨ ਅਤੇ ਐਮ.ਆਰ.ਆਈ. ਸਕੈਨ ਹੋਏ ਪਰ ਕਿਸੇ ਵੀ



ਰਿਪੋਰਟ 'ਚ ਟਿਊਮਰ ਨਹੀਂ ਦਿਖਿਆ।

ਇਸ ਦੌਰਾਨ ਸੀਰਮ ਇੰਸਟੀਚਿਊਟ ਆਫ ਇੰਡੀਆ ਨੇ ਬੱਚੇਦਾਨੀ ਦੇ ਕੈਂਸਰ ਦੇ ਇਲਾਜ ਲਈ ਦੇਸ਼ 'ਚ ਵਿਕਸਤ ਪਹਿਲੀ ਕੁਆਡਰੀਵੈਲੇਂਟ ਹਿਊਮਨ ਪਾਪਿਲੋਮਾਵਾਇਰਸ ਵੈਕਸੀਨ (ਕਿਊ.ਐਚ.ਪੀ.ਵੀ.) ਬਣਾਉਣ ਲਈ ਡਰੱਗ ਕੰਟਰੋਲਰ ਜਨਰਲ ਆਫ ਇੰਡੀਆ (ਡੀ.ਸੀ.ਜੀ.ਆਈ.) ਕੋਲ ਦਰਖਾਸਤ ਦਿੱਤੀ ਹੈ। ਪੁਣੇ ਆਧਾਰਿਤ ਕੰਪਨੀ ਨੇ ਬਾਇਓਤਕਨਾਲੋਜੀ ਵਿਭਾਗ ਦੀ ਸਹਾਇਤਾ ਨਾਲ 2/3 ਪੜਾਅ ਦੇ ਕਲੀਨਿਕਲ ਪ੍ਰੀਖਣ ਮੁਕੰਮਲ ਕਰਨ ਮਗਰੋਂ ਇਹ ਦਰਖਾਸਤ ਦਿੱਤੀ ਹੈ ਤਾਂ ਜੋ ਦੇਸ਼ 'ਚ ਇਹ ਛੇਤੀ ਤੋਂ ਛੇਤੀ ਮੁਹੱਈਆ ਕਰਵਾਈ ਜਾ ਸਕੇ। ਐਸ.ਆਈ.ਆਈ. ਦੇ ਸਰਕਾਰੀ ਅਤੇ ਰੈਗੂਲੇਟਰ ਮਾਮਲਿਆਂ ਦੇ ਡਾਇਰੈਕਟਰ ਪ੍ਰਕਾਸ਼ ਸਿੰਘ ਨੇ ਅਰਜ਼ੀ 'ਚ ਕਿਹਾ ਹੈ ਕਿ ਵੈਕਸੀਨ ਸਿਰਵਾਵੈਕ 'ਚ ਐਂਟੀ ਬਾਡੀ ਦਾ ਜਬਰਦਸਤ ਅਸਰ ਦੇਖਣ ਨੂੰ ਮਿਲਿਆ ਹੈ। ਸੂਤਰਾਂ ਨੇ ਕਿਹਾ ਕਿ ਐਸ.ਆਈ.ਆਈ. ਨੇ ਡਾਕਟਰ ਐੱਨ ਕੇ ਅਰੋੜਾ ਦੀ ਚੇਅਰਮੈਨੀ ਹੇਠ ਐਚ.ਪੀ.ਵੀ. ਦੇ ਵਰਕਿੰਗ ਗਰੁੱਪ ਕੋਲ ਇਸ ਦੀ ਪੇਸ਼ਕਾਰੀ ਵੀ ਦਿੱਤੀ ਹੈ। ਅਰਜ਼ੀ 'ਚ ਕਿਹਾ ਗਿਆ ਹੈ ਕਿ ਹਰੇਕ ਸਾਲ ਬੱਚੇਦਾਨੀ ਅਤੇ ਹੋਰ ਤਰ੍ਹਾਂ ਦੇ ਕੈਂਸਰ ਤੋਂ ਲੱਖਾਂ ਮਹਿਲਾਵਾਂ ਪੀੜਤ ਮਿਲਦੀਆਂ ਹਨ ਅਤੇ ਮੌਤ ਦਾ ਅਨੁਪਾਤ ਬਹੁਤ ਜ਼ਿਆਦਾ ਹੈ। ਭਾਰਤ 'ਚ 15 ਤੋਂ 44 ਸਾਲ ਦੀਆਂ ਮਹਿਲਾਵਾਂ 'ਚ ਬੱਚੇਦਾਨੀ ਦਾ ਕੈਂਸਰ ਦੂਜਾ ਸਭ ਤੋਂ ਆਮ ਕੈਂਸਰ ਹੈ। ਉਨ੍ਹਾਂ ਕਿਹਾ ਹੈ ਕਿ ਹੋਰ ਜੀਵਨ ਰੱਖਿਅਕ ਵੈਕਸੀਨਾਂ ਵਾਂਗ ਉਹ ਦੇਸ਼ ਨੂੰ ਆਤਮ ਨਿਰਭਰ ਬਣਾਉਣ ਲਈ ਵਚਨਬੱਧ ਹਨ ਜਿਸ ਕਰਕੇ ਪਹਿਲੀ ਦੇਸੀ ਜੀਵਨ ਰੱਖਿਅਕ ਕਿਊ.ਐਚ.ਪੀ.ਪੀ. ਵੈਕਸੀਨ ਤਿਆਰ ਕੀਤੀ ਗਈ ਹੈ।

## ਕੈਨੇਡਾ: ਹੁਣ ਮਾਪੇ ਪੰਜ ਸਾਲ ਲਈ ਰਹਿ ਸਕਣਗੇ

**ਵੈਨਕੂਵਰ:** ਕੈਨੇਡਾ ਦੇ ਆਵਾਸ ਵਿਭਾਗ ਨੇ ਸੁਪਰ ਵੀਜ਼ਾ ਸ਼ਰਤਾਂ ਵਿਚ ਵੱਡੇ ਬਦਲਾਅ ਕਰਦਿਆਂ ਇਸ ਦੀ ਮਿਆਦ ਦੋ ਸਾਲ ਤੋਂ ਵਧਾ ਕੇ ਪੰਜ ਸਾਲ ਕਰ ਦਿੱਤੀ ਹੈ। ਸਰਕਾਰ ਨੇ ਸੁਪਰ ਵੀਜ਼ਾ ਇੱਛੁਕਾਂ ਨੂੰ ਕੈਨੇਡੀਅਨ ਬੀਮਾ ਕੰਪਨੀਆਂ ਤੋਂ ਹੀ ਮੈਡੀਕਲ ਬੀਮਾ ਕਰਾਉਣ ਦੀ ਸ਼ਰਤ ਖਤਮ ਕਰਕੇ ਪ੍ਰਵਾਨਿਤ ਵਿਦੇਸ਼ੀ ਬੀਮਾ ਕੰਪਨੀਆਂ ਦੀ ਪਾਲਿਸੀ ਨੂੰ ਮਾਨਤਾ ਦੇ ਦਿੱਤੀ ਹੈ। ਨਵੇਂ ਹੁਕਮ 4 ਜੁਲਾਈ ਤੋਂ ਲਾਗੂ ਹੋਣਗੇ। ਇਨ੍ਹਾਂ ਤਬਦੀਲੀਆਂ ਦਾ ਲਾਭ ਭਾਰਤੀਆਂ ਨੂੰ ਹੋਵੇਗਾ। ਆਵਾਸ ਮੰਤਰੀ ਸੀਨ ਫਰੇਜ਼ਰ ਨੇ ਇਸ ਬਦਲਾਅ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਨਾਲ ਕੈਨੇਡਾ ਵਸਦੇ ਲੋਕਾਂ ਦੇ ਮਾਪਿਆਂ, ਦਾਦਾ-ਦਾਦੀ ਜਾਂ ਨਾਨਾ-ਨਾਨੀ ਨੂੰ ਸਾਲਾਂ ਬੱਧੀ ਇਕੱਠਿਆਂ ਰਹਿਣ ਵਿਚ ਦਿੱਕਤ ਨਹੀਂ ਆਏਗੀ। ਉਨ੍ਹਾਂ ਦੱਸਿਆ ਕਿ 10 ਕੁ ਸਾਲ ਪਹਿਲਾਂ ਸ਼ੁਰੂ ਹੋਏ ਸੁਪਰ ਵੀਜ਼ੇ ਨੂੰ ਚੰਗਾ ਹੁੰਗਾਰਾ ਮਿਲ ਰਿਹਾ ਹੈ ਅਤੇ ਪਿਛਲੇ ਸਾਲ 17 ਹਜ਼ਾਰ ਤੋਂ ਵਧ ਸੁਪਰ ਵੀਜ਼ੇ ਜਾਰੀ ਕੀਤੇ ਗਏ ਸਨ। ਉਨ੍ਹਾਂ ਦੱਸਿਆ ਕਿ ਜਿਹੜੇ ਲੋਕ ਹੁਣ ਦੋ ਸਾਲ ਦੇ ਸੁਪਰ ਵੀਜ਼ੇ ਉਤੇ ਕੈਨੇਡਾ ਵਿਚ ਹਨ, ਉਹ ਇਥੋਂ ਹੀ ਦੋ ਸਾਲ ਵਾਧੇ ਦੀ ਬੇਨਤੀ ਕਰਕੇ ਚਾਰ ਸਾਲ ਕੈਨੇਡਾ 'ਚ ਟਿਕੇ ਰਹਿ ਸਕਣਗੇ ਪਰ ਉਨ੍ਹਾਂ ਦੇ ਸਪੌਂਸਰਾਂ ਨੂੰ ਘੱਟੋ ਘੱਟ ਆਮਦਨ ਦੀ ਸ਼ਰਤ ਪੂਰੀ ਕਰਨੀ ਪਵੇਗੀ।


# ਹੈਲਪਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਕਿਚਨ ਹੈਲਪਰ ਤੇ ਡਿਸ਼ਵਾਸ਼ਰ ਦੀ ਲੋੜ ਹੈ

ਚੰਗੀ ਤਨਖਾਹ ਤੇ ਰਿਹਾਇਸ਼ ਦਾ ਪ੍ਰਬੰਧ



ਚਾਹਵਾਨ ਸੰਪਰਕ ਕਰਨ:
608-886-2500

23-26



# Chef Wanted

Wanted Chef for 300+Resturant and banquet with complete kitchen. For Indian and American food . Willing to work in partnership or lease. Experienced persons only



Call: Tony Singh
515-208-3861



# ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA

**Live on Jas TV**
Saturday 9:30AM and Sunday 4PM (Pacific Time)

7021 Village Park Way, Dublin, CA 94568



*Gurdip Singh Sandhu*

Email:
Homeomedicine@yahoo.com


# Matrimonials

## ਲੜਕੇ ਦੀ ਲੋੜ ਹੈ

Khatri Sikh Family looking for a USA Citizen, Green Card, H1 or Work Permit match for their 37 years, MBA, MS Finance, divorcee issue-less USA Green Card holder daughter working USA Fortune 500 Company in New York upstate. Please contact us at: ajsw399@gmail.com or +1 913 602 9071 18-21

39 ਸਾਲਾ 5'2.5" ਅੰਮ੍ਰਿਤਧਾਰੀ ਪੋਸਟ ਗ੍ਰੈਜੂਏਟ ਅਮਰੀਕਾ ਵਿਚ ਗਰੀਨ ਕਾਰਡ ਹੋਲਡਰ ਤਲਾਕਸ਼ੁਦਾ ਲੜਕੀ ਲਈ 35 ਸਾਲ ਜਾਂ ਵੱਧ ਉਮਰ ਦੇ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਅਮਰੀਕਾ/ਕੈਨੇਡਾ ਨੂੰ ਪਹਿਲ। ਆਪਣਾ ਬਾਇਓਡਾਟਾ kaurgurvinder1965@yahoo.com 'ਤੇ ਭੇਜੋ। ਚਾਹਵਾਨ 734 968 1195 'ਤੇ ਛੇ ਵਜੇ ਤੋਂ ਸ਼ਾਮ 10 ਵਜੇ (*E.T.*) ਤੱਕ ਸੰਪਰਕ ਕਰ ਸਕਦੇ ਹਨ। 18-21

Ramgahria, Sikh family looking for USA or CANADA green card or PR holder match for their 1988 born 5`4" msc fashion designer beautiful daughter working as professor in Barnala (Punjab). Caste no bar. Please Contact us at: USA 2699061331 or India no. 9646206393 6-9

Ravidasia, Sikh Punjabi family looking for USA citizen, Green card holder, H1 or Work permit match for their USA citizen (vegetarian) Daughter, 36 years, 5'2" working, Lives in Streamwood, IL, Grew up in India. Please Contact us at: 8583665909 and e-mail us at zor92126@yahoo.com

## ਲੜਕੀ ਦੀ ਲੋੜ ਹੈ

Looking for suitable match for 42, 6", clean shaven Jatt Sikh Neuro-surgeon boy, working in Chicago. Divorcee, one daughter custody with mother. Contact us at: 917-238-3060 23-26

Khatri Sikh family looking for USA or Canadian citizen match for their 49, 5'10" divorced son. Now in USA, having training Hotel Management and has worked for Chef in Canada for 4 years, Family owns Hotel , Banquet, Bar & Restaurant in Wisconsin. Contact us at: 5152083861 23-26

Sikh Kamboj family, looking for a suitable match for their Oct 73, 5' 8" well educated, Electronics Engineer son working as a Director in the IT field. USA Citizen based in Bay Area, CA. Divorcee (issue less). Contact us at: +1 (510) 806-7385 21-24

**ਸੈਣੀ ਸਿੱਖ 37, 5'-8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: 319-670-8892** 21-24

Jatt Sikh Canadian Parents Looking for a suitable match for their 45, 5'10" divorced son. For more information please contact us at po55ible@yahoo.com or 647-474-5473 20-23

Sikh Ramgarhia family looking for a simple Punjabi Girl in USA or Canada for their 36 years, 5' 10" son. Working as a professional CDL driver in Canada. Please contact us at: Hunjan.Inders@gmail.com

Sikh Kamboj family looking for Well educated girl for their B.Com, 29, 5'10" son, well settled (2 stores), Own home in Arkansas. Mom, dad & brother live in India. Contact us at: 417-846-3741

***ਸਿੱਖ ਕੰਬੋਜ 29 ਸਾਲਾ 5'10", ਅਮਰੀਕਾ ਵਿਚ ਵਧੀਆ ਸਥਾਪਿਤ, ਆਪਣਾ ਬਿਜ਼ਨਸ ਕਰਦੇ ਬੀ. ਕਾਮ ਲੜਕੇ ਲਈ ਸੋਹਣੀ-ਸੁਨੱਖੀ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਇੰਡੀਆ ਵਿਚ ਹੈ। ਚਾਹਵਾਨ*** 417-846-3741 ***'ਤੇ ਸੰਪਰਕ ਕਰ ਸਕਦੇ ਹਨ।*** apr16- may16

Jatt Sikh family in search of an outgoing, educated, family-orientated, health/fitness-minded match for their son, 31, tall, handsome, clean shaven, never married, private school educated, athletic, US born and financially secure business executive. Contact GurdeepMidwestUSA@outlook.com or message at 513-212-6478 (will respond to all).

**Punjab Times**
Established in 2000
22nd Year in Publication

Published every Saturday
by A B Publication Inc.
20451 N Plum Grove Rd.
Palatine, IL 60074-2018
Ph:847-359-0746
Fax:847-705-9388
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**
The views expressed in the articles published in the columns of Punjab Times are that of their writers, and it is not implied that Punjab Times endorses them.
Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮੂਸੇਵਾਲਾ ਦੇ ਪਰਿਵਾਰ ਦਾ ਕਾਂਗਰਸ ਨੂੰ ਝਟਕਾ

**ਮਾਨਸਾ:** ਮਰਹੂਮ ਨੌਜਵਾਨ ਪੰਜਾਬੀ ਗਾਇਕ ਸਿੱਧੂ ਮੂਸੇਵਾਲੇ ਦੇ ਪਰਿਵਾਰ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੂੰ ਝਟਕਾ ਦਿੰਦਿਆਂ ਸਾਰੀਆਂ ਸਿਆਸੀ ਪਾਰਟੀਆਂ ਸਮੇਤ ਸਭ ਨੂੰ ਅਪੀਲ ਕੀਤੀ ਹੈ ਕਿ ਸਿੱਧੂ ਮੂਸੇਵਾਲਾ ਦੇ ਨਾਮ ਨੂੰ ਰਾਜਨੀਤਿਕ ਹਿੱਤਾਂ ਲਈ ਨਾ ਵਰਤਿਆ ਜਾਵੇ। ਜ਼ਿਕਰਯੋਗ ਹੈ ਕਿ ਕਾਂਗਰਸ ਵੱਲੋਂ ਸੰਗਰੂਰ ਲੋਕ ਸਭਾ ਦੀ ਜ਼ਿਮਨੀ ਚੋਣ ਲਈ ਗੀਤ ਜਾਰੀ ਕੀਤਾ ਗਿਆ ਸੀ, ਜਿਸ ਵਿਚ ਸਿੱਧੂ ਮੂਸੇਵਾਲਾ ਦੀ ਦੇਹ ਅਤੇ ਉਸ ਦੀ ਯਾਦਗਾਰ (ਸਮਾਧ) ਦੀਆਂ ਤਸਵੀਰਾਂ ਨੂੰ ਵਿਖਾਇਆ ਗਿਆ ਹੈ। ਸਿੱਧੂ ਮੂਸੇਵਾਲਾ ਦੇ ਪਰਿਵਾਰ ਨੇ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਅਪੀਲ ਕਰਦਿਆਂ ਕਿਹਾ ਹੈ ਕਿ ਸਿੱਧੂ ਮੂਸੇਵਾਲਾ ਦੇ ਨਾਮ ਨੂੰ ਰਾਜਨੀਤਕ ਹਿੱਤਾਂ ਲਈ ਨਾ ਵਰਤਿਆ ਜਾਵੇ।

ਪਰਿਵਾਰ ਵੱਲੋਂ ਇਹ ਅਪੀਲ ਸਿੱਧੂ ਮੂਸੇਵਾਲਾ ਦੇ ਇੰਸਟਾਗ੍ਰਾਮ ਉਤੇ ਕੀਤੀ ਗਈ ਹੈ। ਬੇਸ਼ੱਕ ਅਪੀਲ ਵਿਚ ਕਿਸੇ ਵਿਸ਼ੇਸ਼ ਵਿਅਕਤੀ ਜਾਂ ਪਾਰਟੀ ਦਾ ਨਾਮ ਨਹੀਂ ਲਿਆ ਗਿਆ ਹੈ ਪਰ ਫਿਰ ਵੀ ਇਸ ਨੂੰ ਕਾਂਗਰਸ ਪਾਰਟੀ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ, ਕਿਉਂਕਿ ਪਾਰਟੀ ਨੇ 12 ਜੂਨ ਨੂੰ ਸੰਗਰੂਰ ਲੋਕ ਸਭਾ ਚੋਣ ਲਈ ਦਲਬੀਰ ਸਿੰਘ ਗੋਲਡੀ ਦੀ ਚੋਣ ਮੁਹਿੰਮ ਭਖਾਉਣ ਸਬੰਧੀ ਗਾਣਾ ਰਿਲੀਜ਼ ਕੀਤਾ ਸੀ, ਜਿਸ ਵਿਚ ਮੂਸੇਵਾਲੇ ਦੀ ਤਸਵੀਰ ਨੂੰ ਵਿਸ਼ੇਸ਼ ਤੌਰ ਉਤੇ ਉਭਾਰਿਆ ਗਿਆ ਸੀ। ਕਾਂਗਰਸ ਪਾਰਟੀ ਵੱਲੋਂ ਇਸ ਵਾਰ ਵਿਧਾਨ ਸਭਾ ਚੋਣਾਂ ਵੇਲੇ ਮਾਨਸਾ ਹਲਕੇ ਤੋਂ ਸਿੱਧੂ ਮੂਸੇਵਾਲਾ ਨੂੰ ਪਾਰਟੀ ਉਮੀਦਵਾਰ ਵਜੋਂ ਮੈਦਾਨ ਵਿਚ ਉਤਾਰਿਆ ਗਿਆ ਸੀ ਅਤੇ ਉਹ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ. ਵਿਜੈ ਸਿੰਗਲਾ ਪਾਸੋਂ 63000 ਤੋਂ ਵੱਧ ਵੋਟਾਂ ਦੇ ਫਰਕ ਨਾਲ ਹਾਰ ਗਏ ਸਨ।

## ਸ਼ੂਟਰ ਸੰਤੋਸ਼ ਜਾਧਵ ਤੇ ਸਾਥੀ ਗੁਜਰਾਤ ਤੋਂ ਗ੍ਰਿਫਤਾਰ

**ਪੁਣੇ:** ਪੁਣੇ ਪੁਲਿਸ ਨੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਮਾਮਲੇ ਵਿੱਚ ਸ਼ੂਟਰ ਸੰਤੋਸ਼ ਜਾਧਵ ਅਤੇ ਉਸ ਦੇ ਇਕ ਸਾਥੀ ਨਵਨਾਥ ਸੂਰਿਆਵੰਸ਼ੀ ਨੂੰ ਗੁਜਰਾਤ ਤੋਂ ਗ੍ਰਿਫਤਾਰ ਕੀਤਾ ਹੈ। ਸੂਰਿਆਵੰਸ਼ੀ ਮੂਸੇਵਾਲਾ ਕਤਲ ਕਾਂਡ ਵਿਚ ਮਸ਼ਕੂਕ ਹੈ। ਏ.ਡੀ.ਜੀ.ਪੀ. (ਲਾਅ ਐਂਡ ਆਰਡਰ) ਕੁਲਵੰਤ ਸਿੰਘ ਸਾਰੰਗਲ ਨੇ ਕਿਹਾ ਕਿ ਲਾਰੈਂਸ ਬਿਸ਼ਨੋਈ ਗੈਂਗ ਦੇ ਇਕ ਮੈਂਬਰ ਜਾਧਵ (24) ਅਤੇ ਸੂਰਿਆਵੰਸ਼ੀ (27) ਨੂੰ ਪੁਣੇ ਦਿਹਾਤੀ ਪੁਲਿਸ ਦੀ ਇਕ ਟੀਮ ਨੇ ਗੁਜਰਾਤ ਵਿਚ ਭੁਜ ਦੀ ਮਾਂਡਵੀ ਤਹਿਸੀਲ ਤੋਂ ਗ੍ਰਿਫਤਾਰ ਕੀਤਾ। ਉਨ੍ਹਾਂ ਦੱਸਿਆ ਕਿ ਜਾਧਵ ਨੂੰ ਮਹਾਰਾਸ਼ਟਰ ਦੇ ਪੁਣੇ ਜ਼ਿਲ੍ਹੇ ਦੇ ਮੰਚਰ ਥਾਣੇ ਵਿਚ 2021 'ਚ ਦਰਜ ਕੀਤੇ ਗਏ ਕਤਲ ਦੇ ਇਕ ਮਾਮਲੇ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਜਾਧਵ ਇਕ ਸਾਲ ਤੋਂ ਫਰਾਰ ਚੱਲ ਰਿਹਾ ਸੀ ਅਤੇ ਗ੍ਰਿਫਤਾਰੀ ਤੋਂ ਬਚਣ ਲਈ ਗੰਜਾ ਹੋ ਗਿਆ ਸੀ ਅਤੇ ਉਸ ਨੇ ਆਪਣਾ ਰੂਪ ਬਦਲ ਲਿਆ ਸੀ।

## ਜਲ੍ਹਿਆਂਵਾਲਾ ਬਾਗ ਲਈ ਦਾਖਲਾ ਟਿਕਟ ਲੱਗਣ ਦੇ ਸੰਕੇਤ

**ਅੰਮ੍ਰਿਤਸਰ:** ਜਲ੍ਹਿਆਂਵਾਲਾ ਬਾਗ ਦੇ ਪ੍ਰਵੇਸ਼ ਦੁਆਰ ਕੋਲ ਬਣੀ ਇਮਾਰਤੀ ਹਿੱਸੇ ਵਿਚ ਖਿੜਕੀਆਂ 'ਤੇ ਸ਼ੀਸ਼ੇ ਆਦਿ ਲਾ ਦਿੱਤੇ ਗਏ ਹਨ, ਜੋ ਕਿ ਟਿਕਟ ਖਿੜਕੀ ਵਾਂਗ ਜਾਪਦੇ ਹਨ। ਇਨ੍ਹਾਂ ਵਿਚ ਟਿਕਟ ਆਦਿ ਲੈਣ ਵਾਂਗ ਜਗ੍ਹਾ ਛੱਡੀ ਗਈ ਹੈ। ਇਨ੍ਹਾਂ ਟਿਕਟ ਖਿੜਕੀਆਂ ਦੇ ਕੋਲ ਹੀ ਸਵੈ-ਚਾਲਿਤ ਬੈਰੀਅਰ ਵੀ ਰੱਖੇ ਗਏ ਹਨ, ਜੋ ਕਿ ਇਹ ਸੰਕੇਤ ਕਰ ਰਹੇ ਹਨ ਕਿ ਇੱਥੇ ਭਵਿੱਖ ਵਿਚ ਦਾਖਲਾ ਟਿਕਟ ਲਾਉਣ ਦੀ ਤਿਆਰੀ ਹੈ।

ਇਸ ਮਾਮਲੇ ਵਿਚ ਖਦਸ਼ਾ ਪ੍ਰਗਟਾਉਂਦਿਆਂ ਜਲ੍ਹਿਆਂਵਾਲਾ ਬਾਗ ਫਰੀਡਮ ਫਾਈਟਰਜ਼ ਫਾਊਂਡੇਸ਼ਨ ਦੇ ਪ੍ਰਧਾਨ ਸੁਨੀਲ ਕਪੂਰ ਨੇ ਕਿਹਾ ਕਿ ਸਰਕਾਰ ਇਸ ਸ਼ਹੀਦੀ ਸਮਾਰਕ ਵਿਚ ਪੀ.ਪੀ.ਪੀ. (ਨਿੱਜੀ ਜਨਤਕ ਭਾਈਵਾਲੀ) ਮਾਡਲ ਦੇ ਆਧਾਰ 'ਤੇ ਦਾਖਲਾ ਟਿਕਟ ਲਾਉਣਾ ਚਾਹੁੰਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਸ਼ਹੀਦਾਂ ਦਾ ਮੁੱਲ ਵੱਟਣਾ ਚਾਹੁੰਦੀ ਹੈ ਅਤੇ ਸ਼ਹੀਦ ਪਰਿਵਾਰਾਂ ਦੀ ਜਥੇਬੰਦੀ ਸਰਕਾਰ ਦੀ ਇਸ ਯੋਜਨਾ ਨੂੰ ਕਦੇ ਸਫਲ ਨਹੀਂ ਹੋਣ ਦੇਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਪਹਿਲਾਂ ਹੀ ਇਸ ਇਤਿਹਾਸਕ ਸ਼ਹੀਦੀ ਸਮਾਰਕ ਦੀ ਸਾਂਭ-ਸੰਭਾਲ ਅਤੇ ਮੁਰੰਮਤ ਦੇ ਨਾਂ ਹੇਠ ਇਸ ਦੀ ਇਤਿਹਾਸਿਕਤਾ ਨਾਲ ਛੇੜ-ਛਾੜ ਕੀਤੀ ਗਈ ਹੈ। ਹੁਣ ਇਥੇ ਦਾਖਲਾ ਟਿਕਟ ਲਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਉਨ੍ਹਾਂ ਦਿੱਲੀ ਵਿਚ ਰਾਜਘਾਟ ਅਤੇ ਇੰਡੀਆ ਗੇਟ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਥੇ ਕੋਈ ਟਿਕਟ ਨਹੀਂ ਲੱਗੀ ਹੋਈ। ਜਲ੍ਹਿਆਂਵਾਲਾ ਬਾਗ ਸ਼ਹੀਦੀ ਸਮਾਰਕ ਵੀ ਸ਼ਹੀਦਾਂ ਦੀ ਯਾਦਗਾਰ ਹੈ ਅਤੇ ਇੱਥੇ ਵੀ ਦਾਖਲਾ ਟਿਕਟ ਲਾਉਣਾ ਸਹੀ ਨਹੀਂ ਹੈ।

## ਸਤਿਕਾਰ ਕੌਰ ਗਹਿਰੀ ਭਾਜਪਾ ਵਿਚ ਸ਼ਾਮਲ

**ਫ਼ਿਰੋਜ਼ਪੁਰ:** ਸਾਬਕਾ ਕਾਂਗਰਸੀ ਵਿਧਾਇਕਾ ਸਤਿਕਾਰ ਕੌਰ ਗਹਿਰੀ ਕਾਂਗਰਸ ਪਾਰਟੀ ਨੂੰ ਛੱਡ ਕੇ ਭਾਜਪਾ 'ਚ ਸ਼ਾਮਲ ਹੋ ਗਈ। ਇਸ ਮੌਕੇ ਸਾਬਕਾ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਵੀ ਮੌਜੂਦ ਸਨ। ਸਤਿਕਾਰ ਕੌਰ ਗਹਿਰੀ ਨੇ ਕਿਹਾ ਕਿ ਉਹ ਮੋਦੀ ਸਰਕਾਰ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਭਾਜਪਾ ਵਿਚ ਸ਼ਾਮਲ ਹੋਈ ਹੈ। ਸਾਬਕਾ ਵਿਧਾਇਕਾ ਗਹਿਰੀ ਨੇ ਲੋਕ ਸਭਾ ਹਲਕੇ ਸੰਗਰੂਰ ਦੀ ਜ਼ਿਮਨੀ ਚੋਣ ਤੋਂ ਪਹਿਲਾਂ ਕਾਂਗਰਸ ਨੂੰ ਵੱਡਾ ਝਟਕਾ ਦਿੱਤਾ ਹੈ। ਇਸ ਮੌਕੇ ਉਨ੍ਹਾਂ ਦੇ ਪਤੀ ਲਾਡੀ ਗਹਿਰੀ ਵੀ ਮੌਜੂਦ ਸਨ। ਭਾਜਪਾ ਵਿਚ ਸ਼ਾਮਲ ਕਰਨ ਮਗਰੋਂ ਰਾਣਾ ਗੁਰਮੀਤ ਸਿੰਘ ਸੋਢੀ ਨੇ ਸੋਸ਼ਲ ਮੀਡੀਆ 'ਤੇ ਇਕ ਤਸਵੀਰ ਸਾਂਝੀ ਕੀਤੀ। ਜ਼ਿਕਰਯੋਗ ਹੈ ਕਿ ਲੰਘੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੇ ਸਤਿਕਾਰ ਕੌਰ ਗਹਿਰੀ ਦੀ ਟਿਕਟ ਕੱਟ ਕੇ ਆਮ ਆਦਮੀ ਪਾਰਟੀ ਦੇ ਸਾਬਕਾ ਆਗੂ ਆਸ਼ੂ ਬਾਂਗੜ ਨੂੰ ਦਿੱਤੀ ਸੀ।

## ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਭਖਾਈ

*(ਪਹਿਲੇ ਸਫੇ ਦੀ ਬਾਕੀ)*

ਲੱਗੇ ਹਨ ਜਿਨ੍ਹਾਂ ਕੋਲ ਧਰਮਸੋਤ ਦੇ ਅੰਦਰਲੇ ਭੇਤ ਹਨ। ਵਿੱਤੀ ਜਾਂਚ ਦੌਰਾਨ ਮੁੱਖ ਤੌਰ 'ਤੇ ਧਿਆਨ ਬੇਨਾਮੀ ਜਾਇਦਾਦ 'ਤੇ ਕੇਂਦਰਿਤ ਕੀਤਾ ਜਾਵੇਗਾ। ਸੂਤਰਾਂ ਅਨੁਸਾਰ ਵਿਜੀਲੈਂਸ ਨੂੰ ਧਰਮਸੋਤ ਦੀ ਉੱਤਰ ਪ੍ਰਦੇਸ਼ ਵਿਚ ਜਾਇਦਾਦ ਹੋਣ ਦੀ ਸੂਹ ਵੀ ਮਿਲੀ ਹੈ। ਧਰਮਸੋਤ ਦੀ ਮੁਹਾਲੀ, ਜ਼ੀਰਕਪੁਰ ਅਤੇ ਖਰੜ ਵਿਚ ਵੀ ਬੇਨਾਮੀ ਜਾਇਦਾਦ ਦੱਸੀ ਜਾ ਰਹੀ ਹੈ। ਸੂਤਰ ਦੱਸਦੇ ਹਨ ਕਿ ਇਹ ਤਾਂ ਸ਼ੁਰੂਆਤ ਹੈ। ਕਾਂਗਰਸ ਸਰਕਾਰ ਵੇਲੇ ਹੋਰ ਵਿਭਾਗਾਂ ਵਿਚ ਵੀ ਵੱਡੇ ਪੱਧਰ ਉਤੇ ਭ੍ਰਿਸ਼ਟਾਚਾਰ ਸੀ ਤੇ ਉਸ ਵੇਲੇ ਦੀ ਕੈਪਟਨ ਸਰਕਾਰ ਨੇ ਪਾਸੇ ਕੋਈ ਕਾਰਵਾਈ ਕਰਨ ਦੀ ਥਾਂ ਚੁੱਪ ਹੀ ਵੱਟੀ ਰੱਖੀ। ਹੁਣ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਤੇ ਜਿਸ ਹਿਸਾਬ ਨਾਲ ਆਪ ਸਰਕਾਰ ਨੇ ਆਪਣੇ ਹੀ ਕੈਬਨਿਟ ਮੰਤਰੀ (ਵਿਜੇ ਸਿੰਗਲਾ) ਖਿਲਾਫ ਕਾਰਵਾਈ ਕਰਕੇ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ, ਉਸ ਤੋਂ ਸਰਕਾਰ ਦੇ ਇਰਾਦੇ ਸਾਫ ਨਜ਼ਰ ਆ ਰਹੇ ਹਨ।

## ਅਮਰੀਕੀ ਸੈਨੇਟ ਵਿਚ ਗੰਨ ਕੰਟਰੋਲ ਬਾਰੇ ਦੁਵੱਲਾ ਸਮਝੌਤਾ ਸਿਰੇ ਚੜ੍ਹਿਆ

**ਵਾਸ਼ਿੰਗਟਨ:** ਗੋਲੀਬਾਰੀ ਦੀਆਂ ਵਧਦੀਆਂ ਘਟਨਾਵਾਂ ਦੇ ਹਵਾਲੇ ਨਾਲ ਮੁਲਕ ਵਿਚ ਗੰਨ ਕਾਨੂੰਨ ਸਖਤ ਕੀਤੇ ਜਾਣ ਦੀ ਮੰਗ ਦਰਮਿਆਨ ਗੰਨ ਕੰਟਰੋਲ ਬਿੱਲ ਨੂੰ ਲੈ ਕੇ ਅਮਰੀਕੀ ਸੈਨੇਟ ਵਿਚ ਬਣਿਆ ਜਮੂਦ ਟੁੱਟ ਗਿਆ ਹੈ। ਬਿੱਲ ਨੂੰ ਲੈ ਕੇ ਸੈਨੇਟ ਦੇ ਡੈਮੋਕਰੈਟ ਤੇ ਰਿਪਬਲੀਕਨ ਮੈਂਬਰਾਂ ਦਰਮਿਆਨ ਸਹਿਮਤੀ ਬਣੀ ਹੈ ਜਿਸ ਤਹਿਤ ਸਕੂਲਾਂ ਦੀ ਸੁਰੱਖਿਆ ਤੇ ਮਾਨਸਿਕ ਸਿਹਤ ਪ੍ਰੋਗਰਾਮਾਂ ਵਿਚ ਸੁਧਾਰ ਲਈ ਵੱਡੀ ਰਕਮ ਖਰਚੀ ਜਾਵੇਗੀ। ਸੈਨੇਟ ਵਾਰਤਾਕਾਰਾਂ ਨੇ ਗੰਨ ਬਾਰੇ ਦੁਵੱਲੇ ਕਰਾਰ ਦਾ ਐਲਾਨ ਕੀਤਾ ਹੈ, ਹਾਲਾਂਕਿ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਤੇ ਕਈ ਡੈਮੋਕਰੈਟਾਂ ਵੱਲੋਂ ਜਿਨ੍ਹਾਂ ਸਖਤ ਪੇਸ਼ਬੰਦੀਆਂ ਦੀ ਮੰਗ ਕੀਤੀ ਜਾ ਰਹੀ ਸੀ, ਉਸ ਨੂੰ ਇਸ ਵਿਚ ਸ਼ਾਮਲ ਨਹੀਂ ਕੀਤਾ ਗਿਆ। ਇਕ ਅਹਿਮ ਪੇਸ਼ਕਦਮੀ ਤਹਿਤ 20 ਸੈਨੇਟਰਾਂ ਜਿਨ੍ਹਾਂ ਵਿਚ 10 ਰਿਪਬਲੀਕਨ ਸ਼ਾਮਲ ਸਨ, ਨੇ ਇਕ ਬਿਆਨ ਵਿਚ ਗੰਨ ਕੰਟਰੋਲ ਬਿੱਲ ਬਾਰੇ ਸਹਿਮਤੀ ਬਣਨ ਦਾ ਐਲਾਨ ਕੀਤਾ।

## ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਪ੍ਰਿੰਸੀਪਲ ਸੁਰਿੰਦਰ ਸਿੰਘ ਦਾ ਦੇਹਾਂਤ

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਪ੍ਰਿੰਸੀਪਲ ਸੁਰਿੰਦਰ ਸਿੰਘ ਦਾ ਦਿਲ ਦੀ ਧੜਕਣ ਰੁਕਣ ਕਾਰਨ ਦੇਹਾਂਤ ਹੋ ਗਿਆ। ਉਨ੍ਹਾਂ ਨੂੰ ਦੌਰਾ ਪੈਣ ਕਾਰਨ ਭਾਈ ਜੈਤਾ ਜੀ ਸਿਵਲ ਹਸਪਤਾਲ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ। ਉਹ 66 ਸਾਲਾਂ ਦੇ ਸਨ ਅਤੇ ਕੁਝ ਸਾਲ ਪਹਿਲਾਂ ਉਨ੍ਹਾਂ ਨੇ ਗੁਰਦੇ ਤਬਦੀਲ ਕਰਵਾਏ ਸਨ। ਪ੍ਰਿੰਸੀਪਲ ਸੁਰਿੰਦਰ ਸਿੰਘ ਸਾਲ 2011 ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਸ਼੍ਰੋਮਣੀ ਕਮੇਟੀ ਹਲਕਾ ਸ੍ਰੀ ਅਨੰਦਪੁਰ ਸਾਹਿਬ (ਦੋਹਰਾ) ਤੋਂ ਐਸ.ਸੀ. ਰਾਖਵੀਂ ਸੀਟ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਬਣੇ ਸਨ। ਉਹ 1973 ਤੋਂ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਦੀਆਂ ਸੇਵਾਵਾਂ ਵਿਚ ਲੱਗੇ ਹੋਏ ਸਨ। 1992 ਤੱਕ ਉਹ ਨੇਤਰਹੀਣ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੇਵਾ ਨਿਭਾਉਂਦੇ ਰਹੇ। ਸਾਲ 1995 ਤੋਂ ਸਿੱਖ ਮਿਸ਼ਨਰੀ ਕਾਲਜ ਸ੍ਰੀ ਅਨੰਦਪੁਰ ਸਾਹਿਬ ਦੇ ਸੰਸਥਾਪਕ ਅਤੇ ਪ੍ਰਿੰਸੀਪਲ ਵੀ ਚਲੇ ਆ ਰਹੇ ਸਨ। ਉਨ੍ਹਾਂ ਦਾ ਧਰਮ ਪ੍ਰਚਾਰ ਦੇ ਖੇਤਰ ਵਿਚ ਜੀਵਨ ਭਰ ਦਾ ਯੋਗਦਾਨ ਮਿਸਾਲੀ ਰਿਹਾ।

## ਆਨਲਾਈਨ ਡਰਾਈਵਿੰਗ ਲਾਇਸੈਂਸ ਪੋਰਟਲ ਸ਼ੁਰੂ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਨਲਾਈਨ ਡਰਾਈਵਿੰਗ ਲਾਇਸੈਂਸ ਦੀ ਸਹੂਲਤ ਦੀ ਸ਼ੁਰੂਆਤ ਕਰ ਦਿੱਤੀ ਹੈ। ਇਸ ਨਾਲ ਉਹ ਆਪਣੇ ਕੰਪਿਊਟਰ, ਮੋਬਾਈਲ, ਟੈਬਲੇਟ ਜਾਂ ਲੈਪਟਾਪ ਉਤੇ ਸਿਰਫ ਇਕ ਕਲਿੱਕ ਕਰਨ ਉਤੇ ਲਰਨਿੰਗ ਡਰਾਈਵਿੰਗ ਲਾਇਸੈਂਸ ਪ੍ਰਾਪਤ ਕਰ ਸਕਦੇ ਹਨ। ਮੁੱਖ ਮੰਤਰੀ ਨੇ ਨਵੇਂ ਪੋਰਟਲ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਚਾਹਵਾਨ ਲਰਨਿੰਗ ਡਰਾਈਵਿੰਗ ਲਾਇਸੈਂਸ ਸੌਖਿਆਂ ਹੀ ਆਪਣੇ ਘਰਾਂ ਵਿਚ ਪ੍ਰਾਪਤ ਕਰ ਸਕਦੇ ਹਨ।

## ਮੂਸੇਵਾਲਾ ਕੇਸ: ਲਾਰੈਂਸ ਬਿਸ਼ਨੋਈ ਪੰਜਾਬ ਪੁਲਿਸ ਹਵਾਲੇ

*(ਪਹਿਲੇ ਸਫੇ ਦੀ ਬਾਕੀ)*

ਨੇੜਲੇ ਪਿੰਡ ਜਵਾਹਰਕੇ ਵਿਚ 29 ਮਈ ਨੂੰ ਸਿੱਧੂ ਮੂਸੇਵਾਲਾ ਦੇ ਕਤਲ ਮਗਰੋਂ ਪੁਲਿਸ ਅਜੇ ਤੱਕ ਉਸ ਦੇ ਕਾਤਲਾਂ ਨੂੰ ਫੜਨ ਵਿਚ ਨਾਕਾਮ ਰਹੀ ਸੀ। ਹਾਲਾਂਕਿ ਇਸ ਮਾਮਲੇ ਵਿਚ ਪੁਲਿਸ ਨੇ ਸਿੱਧੂ ਮੂਸੇਵਾਲਾ ਦੀ ਘਰ ਤੋਂ ਰੇਕੀ ਕਰਨ ਵਾਲੇ ਸੰਦੀਪ ਕੁਮਾਰ ਉਰਫ ਕੇਕੜਾ ਸਮੇਤ ਕੁੱਲ 9 ਜਣਿਆਂ ਨੂੰ ਹਿਰਾਸਤ ਵਿਚ ਲਿਆ ਹੋਇਆ ਸੀ। ਸਿੱਧੂ ਮੂਸੇਵਾਲਾ ਦੀ ਹੱਤਿਆ ਤੋਂ ਬਾਅਦ ਲਾਰੈਂਸ ਬਿਸ਼ਨੋਈ ਗਰੋਹ ਵੱਲੋਂ ਗੋਲਡੀ ਬਰਾੜ ਨੇ ਕਤਲ ਦੀ ਦੋ ਘੰਟਿਆਂ ਬਾਅਦ ਹੀ ਜ਼ਿੰਮੇਵਾਰੀ ਲੈ ਲਈ ਸੀ। ਇਸ ਕਰਕੇ ਮਾਨਸਾ ਪੁਲਿਸ ਸਮੇਤ ਸਿੱਧੂ ਮੂਸੇਵਾਲਾ ਦੇ ਕਤਲ ਲਈ ਬਣੀ 'ਸਿਟ' ਨੂੰ ਲਾਰੈਂਸ ਬਿਸ਼ਨੋਈ ਤੋਂ ਪੁੱਛ-ਪੜਤਾਲ ਕਰਨਾ ਚਾਹੁੰਦੀ ਹੈ। ਮਾਨਸਾ ਪੁਲਿਸ ਨੂੰ ਲਾਰੈਂਸ ਬਿਸ਼ਨੋਈ ਦੇ ਗ੍ਰਿਫਤਾਰੀ ਵਾਰੰਟ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਦੇ ਬਿਆਨਾਂ ਦੇ ਆਧਾਰ 'ਤੇ ਦਰਜ ਐਫ.ਆਈ.ਆਰ. ਮੁਤਾਬਕ ਮਿਲੇ ਹਨ।

## ਅਗਲੇ ਡੇਢ ਸਾਲ ਦੌਰਾਨ ਦਸ ਲੱਖ ਲੋਕਾਂ ਨੂੰ ਨੌਕਰੀਆਂ ਦੇਵੇਗੀ ਮੋਦੀ ਸਰਕਾਰ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੱਖ-ਵੱਖ ਸਰਕਾਰੀ ਵਿਭਾਗਾਂ ਅਤੇ ਮੰਤਰਾਲਿਆਂ ਨੂੰ ਅਗਲੇ ਡੇਢ ਸਾਲ ਵਿਚ 10 ਲੱਖ ਲੋਕਾਂ ਦੀ ਭਰਤੀ ਲਈ 'ਮਿਸ਼ਨ ਮੋਡ' ਵਿਚ ਕੰਮ ਕਰਨ ਲਈ ਕਿਹਾ ਹੈ। ਪ੍ਰਧਾਨ ਮੰਤਰੀ ਦਾ ਇਹ ਨਿਰਦੇਸ਼ ਸਾਰੇ ਸਰਕਾਰੀ ਵਿਭਾਗਾਂ ਤੇ ਮੰਤਰਾਲਿਆਂ ਵਿਚ ਮਨੁੱਖੀ ਸਰੋਤ ਦੀ ਸਥਿਤੀ ਦੀ ਸਮੀਖਿਆ ਕਰਨ ਤੋਂ ਬਾਅਦ ਆਇਆ ਹੈ। ਸਰਕਾਰ ਨੇ ਇਹ ਫੈਸਲਾ ਬੇਰੁਜ਼ਗਾਰੀ ਦੇ ਮੁੱਦੇ ਉਤੇ ਵਿਰੋਧੀ ਧਿਰ ਦੀ ਲਗਾਤਾਰ ਆਲੋਚਨਾ ਦਰਮਿਆਨ ਲਿਆ ਹੈ। ਪੀ.ਐਮ.ਓ. ਨੇ ਟਵੀਟ ਕੀਤਾ, 'ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਰੇ ਸਰਕਾਰੀ ਵਿਭਾਗਾਂ ਅਤੇ ਮੰਤਰਾਲਿਆਂ ਵਿਚ ਮਨੁੱਖੀ ਸਰੋਤ ਸਥਿਤੀ ਦੀ ਸਮੀਖਿਆ ਕੀਤੀ ਅਤੇ ਸਰਕਾਰ ਨੂੰ ਅਗਲੇ ਡੇਢ ਸਾਲ ਵਿਚ ਮਿਸ਼ਨ ਮੋਡ ਵਿਚ 10 ਲੱਖ ਲੋਕਾਂ ਦੀ ਭਰਤੀ ਕਰਨ ਦਾ ਨਿਰਦੇਸ਼ ਦਿੱਤਾ।'

## ਡਾਲਰ ਦੇ ਮੁਕਾਬਲੇ ਰੁਪਿਆ ਡਿੱਗਿਆ

**ਨਵੀਂ ਦਿੱਲੀ:** ਰੁਪਿਆ ਅਮਰੀਕੀ ਡਾਲਰ ਦੇ ਮੁਕਾਬਲੇ 11 ਪੈਸੇ ਦੇ ਨਿਘਾਰ ਨਾਲ ਰਿਕਾਰਡ 78.04 ਦੇ ਪੱਧਰ 'ਤੇ ਪੁੱਜ ਗਿਆ। ਦਿਨ ਦੇ ਕਾਰੋਬਾਰ ਦੌਰਾਨ ਰੁਪਏ ਨੇ ਲਗਾਤਾਰ ਤਿੰਨ ਸੈਸ਼ਨਾਂ ਦੌਰਾਨ ਗਿਰਾਵਟ ਦਰਜ ਕੀਤੀ। ਘਰੇਲੂ ਸ਼ੇਅਰ ਬਾਜ਼ਾਰ ਦੇ ਕਮਜ਼ੋਰ ਹੋਣ ਅਤੇ ਵਿਦੇਸ਼ਾਂ ਵਿਚ ਡਾਲਰ ਦੇ ਮਜ਼ਬੂਤ ਹੋਣ ਕਰਕੇ ਨਿਵੇਸ਼ਕਾਂ ਨੇ ਹੱਥ ਪਿਛਾਂਹ ਖਿੱਚੇ, ਜੋ ਰੁਪਏ ਵਿਚ ਨਿਘਾਰ ਦਾ ਮੁੱਖ ਕਾਰਨ ਰਿਹਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਰਿੰਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

PUNJAB SPORTS & CULTURAL ASSOCIATION
PSCA
Punjabi Khed Mela
MICHIGAN

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

ਸ਼ੋਹਰਤ ਦੇ ਦੀਵੇ ਵਿਚ ਖ਼ੂਨ ਜਿਗਰ ਦਾ ਪੈਂਦਾ ਏ, ਦੁਨੀਆਂ ਵਿਚ ਨਾਮ ਕਮਾਉਣਾ ਸੌਖਾ ਨਹੀਂ ਹੁੰਦਾ।
ਕਾਮਯਾਬ ਨੇ ਜਿਹੜੇ ਉਨ੍ਹਾਂ ਤੋਂ ਸਦਕੇ ਜਾਵਾਂ ਮੈਂ, ਬਾਹਰਲੇ ਮੁਲਕ 'ਚ ਪੈਰ ਜਮਾਉਣਾ ਸੌਖਾ ਨਹੀਂ ਹੁੰਦਾ।

## ਮਿਸ਼ੀਗਨ ਦੇ ਭਾਰਤੀ ਪੰਜਾਬੀ ਭਾਈਚਾਰੇ ਵਲੋਂ

# 15ਵਾਂ ਪੰਜਾਬੀ ਖੇਡ ਮੇਲਾ ਤੇ ਕਬੱਡੀ ਟੂਰਨਾਮੈਂਟ

ਖੇਡਾਂ: ਕਬੱਡੀ, ਵਾਲੀਬਾਲ, ਅਥਲੈਟਿਕਸ

## 16 ਜੁਲਾਈ 2022

*(ਸਨਿਚਰਵਾਰ, ਸਵੇਰੇ 8 ਤੋਂ ਸ਼ਾਮ 9 ਵਜੇ ਤੱਕ)*

**Willow Metro Park**
Near Detroit Metro Airport, I-275
23200 S Huron Road, New Boston, MI 48164

## ਇਨਾਮ

### ਕਬੱਡੀ ਓਪਨ

ਪਹਿਲਾ ਇਨਾਮ $21,000
ਦੂਜਾ ਇਨਾਮ $18,000
ਤੀਜਾ ਇਨਾਮ $16,000
ਚੌਥਾ ਇਨਾਮ $15,000

### ਵਾਲੀਬਾਲ (ਓਪਨ)

ਪਹਿਲਾ ਇਨਾਮ $2000
ਦੂਜਾ ਇਨਾਮ $1500

**Free Food & Free Entertainment**
**Car Entry $10**

ਸਭਨਾਂ ਨੂੰ ਖੁੱਲ੍ਹਾ ਸੱਦਾ

Radio Chann Pardesi
ਰੇਡੀਓ ਚੰਨ ਪ੍ਰਦੇਸੀ









## PSSCA Khed Mela Organizing Committee Members


ਸੁੱਖਾ ਸੇਖੋਂ


ਕੇਵਲ ਗਿੱਲ


ਮਨਪ੍ਰੀਤ ਗਿੱਲ


ਕੁਲਬੀਰ ਗਿੱਲ


ਅਮਰਜੀਤ ਗਿੱਲ


ਰਵਿੰਦਰ ਬਿੰਦ


ਜਸਵਿੰਦਰ ਧਾਲੀਵਾਲ


ਸੁਖਵੰਤ ਸਿੰਘ ਗਿੱਲ


ਰਾਜ ਨਿੱਜਰ




ਅਰਜੁਨ ਗਿੱਲ


ਸੁਖਦੇਵ ਸੇਖੋਂ


ਕਰਮਬੀਰ ਸਿੰਘ


ਕਰਨ ਗਿੱਲ

### ਹੋਰ ਜਾਣਕਾਰੀ ਲਈ ਕਾਲ ਕਰੋ

ਜਸਵਿੰਦਰ ਧਾਲੀਵਾਲ ਫੋਨ: 734-347-1154
ਸੁਖਵੰਤ ਗਿੱਲ ਫੋਨ: 734-231-7035
ਰਾਜ ਨਿੱਜਰ ਫੋਨ: 734-637-7540
ਰਾਜ ਜਾਮਾਰਾਏ ਫੋਨ: 734-644-1010
ਸੁਖਦੇਵ ਸੇਖੋਂ ਫੋਨ: 248-431-9678
ਕਰਮਬੀਰ ਸਿੰਘ ਫੋਨ: 734-558-3151

*ਇਸ ਵਰ੍ਹੇ ਵੀ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਲੋਕ ਆਪਣੇ ਪਰਿਵਾਰਾਂ ਸਮੇਤ ਮੇਲੇ ਦਾ ਸੁਰੱਖਿਅਤ ਮਾਹੌਲ ਵਿਚ ਅਨੰਦ ਮਾਣ ਸਕਣ।*

LIVE ON Chardi tv CHANNEL 422 · Real tv CHANNEL 136 · f LIVE LIVEKABADDI · LIVE KABADDI · jadoo tv · YouTube LIVE KABADDI · IPTV · jus punjabi

# 15ਵਾਂ ਸਾਲਾਨਾ ਮਿਸ਼ੀਗਨ ਪੰਜਾਬੀ ਖੇਡ ਮੇਲਾ, ਮਿਤੀ: 07/16/2022, ਸਥਾਨ: ਵਿਲੋ ਮੈਟਰੋ ਪਾਰਕ

## Diamond Sponsors




ਸਵ. ਸ. ਚੈਨ ਸਿੰਘ ਸੰਧੂ | ਜਤਿੰਦਰਬੀਰ ਸਿੰਘ ਸੰਧੂ | ਮਿਕ ਸੰਧੂ | ਦਰਸ਼ਨ ਸਿੰਘ ਗਰੇਵਾਲ | ਹਰਪ੍ਰੀਤ ਸਿੰਘ ਆਹਲੂਵਾਲੀਆ | ਮਿੱਕ ਗਰੇਵਾਲ ਅਟਾਰਨੀ ਲੈਨਸਿੰਗ | ਗਰੈਚਨ ਵ੍ਹਿਟਮਰ ਗਵਰਨਰ ਮਿਸ਼ੀਗਨ | ਜੋਸਲਿਨ ਬੈਨਸਨ ਮਿਸ਼ੀਗਨ ਸੈਕਟਰੀ ਆਫ ਸਟੇਟ

## Platinum Sponsors



ਕਰਮਵੀਰ ਸਿੰਘ | ਸੁਖਦੇਵ ਸਿੰਘ ਸੇਖੋਂ | ਅਮਰਜੀਤ ਸਿੰਘ ਗਿੱਲ | ਕੁਲਬੀਰ (ਕੇ.ਬੀ.) ਗਿੱਲ | ਹਰਪ੍ਰੀਤ ਸਿੰਘ ਵਰਲਡਵਾਈਡ ਟਰੈਵਲ | ਨਿਰਵੈਰ ਸਿੰਘ ਸੰਧੂ | **ਐਂਡੀ ਸੰਧੂ** | ਅਮਰਜੀਤ ਸਿੰਘ ਸਿੱਧੂ | ਰਤਨ ਸਿੰਘ ਸੇਖੋਂ

## Gold Sponsors




ਬਲਬੀਰ ਸਿੰਘ ਗਰੇਵਾਲ | ਰਾਜ ਸ਼ੇਰਗਿੱਲ | ਹੈਰੀ ਸੰਧੂ | ਚਰਨਪ੍ਰੀਤ ਸਿੰਘ ਧਾਲੀਵਾਲ | ਜਸਵਿੰਦਰ ਸੋਨਾ ਸੰਧੂ | ਅਮਰਰਾਜ ਧਾਲੀਵਾਲ ਉਮਰਾਨੰਗਲ | ਸੁਖਜੀਤ ਸੁਖ ਸਿੰਘ | ਕੁਲਦੀਪ ਕੀਪਾ ਟਾਂਡਾ | ਰਣਜੀਤ ਰਾਣਾ ਸੇਖੋਂ | ਅਰਵਿੰਦਰ ਹੈਪੀ ਬਦੇਸ਼ਾ | ਟੋਨੀ ਗੁਰੋਂ



ਡਾ. ਚਮਕੌਰ ਸਿੰਘ ਗਿੱਲ | ਸੁਖਦੇਵ ਸਿੰਘ ਬਰਾੜ | ਸ਼ਰਨਜੀਤ ਸਿੰਘ | ਕੁਲਵਿੰਦਰ ਸਿੰਘ ਗਿੱਲ | ਚਰਨਜੀਤ ਯੋਗੀ ਬਾਠ | ਨਰਿੰਦਰ ਸਿੰਘ ਮੁੰਦਰ | ਹਰਪਾਲ ਸਿੰਘ ਪੰਮਾ | ਹਰਜੀਤ ਢਿੱਲੋਂ ਕਲੀਵਲੈਂਡ | ਦਲਜੀਤ ਸਿੰਘ ਢਿੱਲੋਂ | ਅਮਰਦੇਵ ਸਿੰਘ ਬਦੇਸ਼ਾ | ਹਰਦੀਪ ਦੀਪਾ ਬਦੇਸ਼ਾ, ਸ਼ਿਕਾਗੋ

## Silver Sponsors



ਪਰਦੀਪ ਸੰਘਾ | ਅੰਮ੍ਰਿਤਪਾਲ ਸਿੰਘ ਹੇਅਰ | ਸੁਰਜੀਤ ਸਿੰਘ ਧਾਲੀਵਾਲ | ਗੁਰਦਾਤਾਰ ਸਿੰਘ | ਗੁਰਭਿੰਦਰ ਸਿੰਘ | ਦਲਜੀਤ ਸਿੰਘ ਬੈਨੀਪਾਲ | ਬਲਬੀਰ ਸਿੰਘ ਬੁਆਲ | ਇੰਦਰਜੀਤ ਸਿੰਘ ਵਿਰਕ | ਜਸਵੀਰ ਸਿੰਘ | ਜਸਪਾਲ ਸਿੰਘ ਸੋਹਲ | ਜਸਬੀਰ ਸਿੰਘ ਸਹੋਤਾ



ਸੁਰਿੰਦਰ ਬੌਬੀ ਜੱਜ | ਗੁਰਿੰਦਰ ਸਿੰਘ ਧਨੋਆ | ਸੁਖਦੀਪ ਸੁੱਖੀ ਧਾਲੀਵਾਲ | ਇਮਰੋਜ਼ ਸਿੰਘ | ਟੋਨੀ ਭੱਟੀ | ਅਮਜਦ ਚੌਧਰੀ | ਡਾ. ਕੁਲਜੀਤ ਲੁਬਾਣਾ | ਹਰਮੋਹਨਜੀਤ ਸਿੰਘ ਬੈਂਸ | ਇੰਦਰਬੀਰ ਬੰਟੀ ਭੰਗੂ | ਸਿਮਰ ਸਿੰਘ | ਜਗਜੀਤ ਸਿੰਘ ਚਾਹਲ | ਹਰਪਾਲ ਸਿੰਘ ਸੰਘਾ



ਸੁਖਪਾਲ ਸਿੰਘ ਬੈਂਸ | ਜੋਨੀ ਸਿੰਘ | ਇਕਬਾਲ ਸਿੰਘ ਸਿੱਧੂ | ਦਲਜੀਤ ਸਿੰਘ | ਤੀਰਥ ਮਸ਼ਿਆਨਾ ਬੋਦਲ | ਕਰਤਾਰ ਸਿੰਘ | ਲਖਵਿੰਦਰ ਸਿੰਘ ਭੱਟੀ | ਕੰਵਲਦੀਪ ਸਿੰਘ ਧਾਲੀਵਾਲ | ਕੁਲਦੀਪ ਵਿੱਕੀ ਗਿੱਲ | ਰਿੱਪੀ ਛੀਨਾ | ਗਗਨਦੀਪ ਸਿੰਘ | ਅਨਿਲ ਸਖੂਜਾ ਸੀਪੀਏ



ਰਾਜ ਗਰੇਵਾਲ ਮਸਕੀਗਨ | ਮੁਖਵਿੰਦਰ ਸਿੰਘ ਹੈਪੀ | ਨਿਰਮਲਜੀਤ ਸਿੰਘ ਰੂਬੀ | ਦਲਜੀਤ ਸਿੰਘ ਸ਼ੈਲੀ | ਅਜੇ ਗਰੋਵਰ | ਮਨਜੀਤ ਨੰਨਣ | ਸੁਖਬੀਰ ਸਿੰਘ ਸੋਹੀ | ਮਨਜਿੰਦਰ ਸਿੰਘ ਬੈਨੀਪਾਲ | ਸੁਖੀ ਸਿੰਘ ਪਰਹਾਰ | ਰਾਜਬੀਰ ਸਿੰਘ ਬੋਪਾਰਾਏ | ਲਾਡੀ ਮੁਲਤਾਨੀ ਲੈਨਸਿੰਗ | ਮਨਜੀਤ ਸਿੰਘ ਲੈਨਸਿੰਗ | ਨਿਰਮਲ ਸਿੰਘ ਸਮਾਘ

# 15ਵਾਂ ਸਾਲਾਨਾ ਮਿਸ਼ੀਗਨ ਪੰਜਾਬੀ ਖੇਡ ਮੇਲਾ, ਮਿਤੀ: 07/16/2022, ਸਥਾਨ: ਵਿਲੋ ਮੈਟਰੋ ਪਾਰਕ

## Diamond Sponsors




ਦਵਿੰਦਰ ਗਰੇਵਾਲ PRESTIGE FREIGHT CO. | ਸੁੱਖੀ ਨਰਵਾਲ ਮੂਨ ਸਟਾਰ | ਰਸਟੀ ਸਿੰਘ ਸੇਖੋਂ (ਬੀ ਟੀ ਐਸ ਕੈਰੀਅਰ) | ਗੋਲਡੀ ਢਿੱਲੋਂ ਰੋਡਐਕਸ ਐਂਡ ਫਲੈਟ ਰੇਟ ਫੰਡਿੰਗ | ਸਨੀ ਗਿੱਲ ਆਈਐਸਐਸਏ ਲੌਜਿਸਟਿਕਸ | ਜੈਰੀ ਸਿੰਘ ਆਰਟੀਆਈ ਲੈਬਜ਼ ਵਿਨੋਨੀਆ | ਕਰਨ ਗਿੱਲ ਰਿਐਲਟਰ

## Platinum Sponsors



ਇੰਦਰਜੀਤ ਸਿੰਘ ਗਿੱਲ | ਰਸ਼ਮਿੰਦਰ ਸਿੰਘ ਗਿੱਲ | ਮਨਦੀਪ ਸਿੰਘ ਲੋਹਚਮ | ਭੁਪਿੰਦਰ ਸਿੰਘ ਸੰਧੂ | ਪਰਮ ਸਿੰਘ ਪੰਮਾ ਐਨ ਪੀ ਟਰੱਕਿੰਗ | ਗੁਰਜਿੰਦਰ ਸਿੰਘ ਡਿੰਪਲ 7 ਸਟਾਰ ਟਰੱਕਿੰਗ | ਪਰਮੀਤ ਸਿੰਘ 7 ਸਟਾਰ ਟਰੱਕਿੰਗ | ਪਰਮਜੀਤ ਸਿੰਘ ਸਾਗੀਨਾਵ | ਇਕਬਾਲ ਬੇਪਾਰਾਏ ਕਲੀਵਲੈਂਡ | ਸੁਖਬੀਰ ਢਿੱਲੋਂ ਲਾਸ ਵੇਗਸ

## Gold Sponsors



ਰੰਜੀਵ ਪੁਰੀ (ਮਿਸ਼ੀਗਨ ਸਟੇਟ ਰਿਪਰਜੈਂਟੇਟਿਵ) | ਸੁਖੀ ਗਰੇਵਾਲ | ਹਾਰਵੀ ਘੁੰਮਣ | ਐਡੀ ਉਭੀ | ਤਰਲੋਚਨ ਸਿੰਘ ਭੁੱਲਰ | ਡਾ. ਭਾਨ ਗਰਗ (ਵਿੰਡਸਰ) | ਰੁਪਿੰਦਰਪਾਲ ਸਿੰਘ ਗਰੇਵਾਲ | ਮਨਜਿੰਦਰ ਸਿੰਘ ਰਾਇਤ | ਡਾ. ਸੰਦੀਪ ਸਿੰਘ ਢਿਲੋਂ | ਰੇਨੂੰ ਤੱਖਰ | ਸੰਜੀਵ ਖੰਨਾ | ਰੁਪਿੰਦਰਪਾਲ ਗਰੇਵਾਲ | ਅਤੀਤਸਾਗਰ ਧਾਲੀਵਾਲ



ਹਰਵਿੰਦਰ ਵਾਲੀਆ ਸਿਨਸਿਨੈਟੀ | ਪਾਲ ਖਲੀਲ | ਦਰਸ਼ਨ ਬਸਰਾਓਂ ਰੇਡੀਓ ਚੰਨ ਪਰਦੇਸੀ | ਸਰਵਣ ਸਿੰਘ ਟਿਵਾਣਾ (ਚੰਨ ਪਰਦੇਸੀ) | ਸੁਰਜੀਤ ਸਿੰਘ ਮਾਵੀ | ਡਾ. ਹਰਜਿੰਦਰ ਸਿੰਘ ਖਹਿਰਾ | ਹੈਪੀ ਹੀਰ | ਜਸਕਰਨ ਸਿੰਘ ਧਾਲੀਵਾਲ ਸ਼ਿਕਾਗੋ | ਨਵੀ ਮੁਲਤਾਨੀ (ਕਬੱਡੀ ਮਿਲਵਾਕੀ) | ਤਾਰੀ ਡੱਬ (ਕਬੱਡੀ ਇੰਡੀਆਨਾ) | ਵਿੱਕੀ ਸੰਮੀਪੁਰ (ਕਬੱਡੀ ਸ਼ਿਕਾਗੋ)

## Silver Sponsors



ਬਲਵਿੰਦਰ ਬਿੱਲ ਬਾਠ | ਗੁਰਮੀਤ ਸਿੰਘ ਮਾਨ | ਬਲਵਿੰਦਰ ਸਿੰਘ ਰਾਏ | ਦਿਲਬਾਗ ਸਿੰਘ ਗਿੱਲ | ਗੁਰਦੇਵ ਸਿੰਘ ਗਿੱਲ | ਤਰਲੋਚਨ ਸਿੰਘ ਗਿੱਲ | ਰੇਸ਼ਮ ਸਿੰਘ ਗਿੱਲ | ਜਸਵਿੰਦਰ ਸਿੰਘ ਸੁੱਗਾ | ਮਨਫੂਲ ਸਿੰਘ ਚੱਠਾ | ਬਲਬੀਰ ਸਿੰਘ ਵਿਰਦੀ | ਸਤਵਿੰਦਰ ਸਿੰਘ ਬਿੱਲੂ | ਬਲਜਿੰਦਰ ਸਿੰਘ ਮੁੰਡੀ



ਰਣਜੀਤ ਸਿੰਘ | ਸਰਵਜੀਤ ਸਿੰਘ | ਬਲਿੰਦਰਜੀਤ ਰਾਜੂ ਅਟਵਾਲ | ਲਾਲੀ ਮਾਂਗਟ | ਹਰਜਿੰਦਰ ਸਿੰਘ ਗਿੱਲ | ਜਗਦੇਵ ਦੇਬੀ ਘੁੰਮਣ | ਕੁਲਵੰਤ ਸਿੰਘ ਮਾਂਗਟ | ਰਸ਼ਪਾਲ ਸਿੰਘ ਸਿੱਧੂ | ਗੁਰਿੰਦਰ ਗੁਰੀ ਮਾਂਗਟ | ਡਾ. ਭੁਪਿੰਦਰ ਸਿੰਘ ਪੇਲੀਆ | ਡਾ. ਦੀਪਿੰਦਰ ਸਿੰਘ | ਜਗਤਾਰ ਜੱਗਾ ਪਾਹਲ | ਗੁਰਵਿੰਦਰ ਸਿੰਘ ਲੋਹੀ



ਹਰਦੀਪ ਸਿੰਘ ਬੱਲ | ਗੁਰਿੰਦਰ ਸਿੰਘ ਬੱਲ | ਸੁਖਰਾਜ ਸਨੀ ਖਹਿਰਾ | ਇੰਦਰਪਾਲ ਸਿੰਘ ਬਠਲਾ | ਕੁਲਰਾਜ ਸਿੰਘ ਰੰਧਾਵਾ | ਇਸ਼ਟਦੇਵ ਸਿੰਘ ਰਾਠੌਰ | ਸਤਗੁਰੂ ਸਿੰਘ ਘੁੰਮਣ | ਕੁਲਵੰਤ ਸਿੰਘ ਪੱਡਾ | ਇੰਦਰਜੀਤ ਸਿੰਘ ਪੱਡਾ | ਇੰਦਰਜੀਤ ਸਿੰਘ ਦਿਓਲ | ਰਜਿੰਦਰ ਸਿੰਘ | ਸ਼ਮਸ਼ੇਰ ਸਿੰਘ | ਗੁਰਦੇਵ ਸਿੰਘ ਸੇਖੋਂ



ਗੁਰਬਖਸ਼ ਸਿੰਘ ਭੁੱਲਰ, ਵਿੰਡਸਰ | ਜੀਵਨ ਗਿੱਲ ਵਿੰਡਸਰ | ਬਿਕਰਮ ਬਿਕ ਗਰੇਵਾਲ | ਸੁਖਪਾਲ ਬੰਗਾ ਵਿੰਡਸਰ | ਸਤਨਾਮ ਬਾਜਵਾ ਵਿੰਡਸਰ | ਬਲਵਿੰਦਰ ਸਿੰਘ ਸੇਖੋਂ | ਸਰਬਜੀਤ ਸਿੰਘ ਸੰਧੂ | ਮਨਦੀਪ ਲੱਕੀ ਗਿੱਲ | ਦੁਰਲਾਭ ਪੰਨੂ ਵਿੰਡਸਰ | ਪਰਮਜੀਤ ਢਿੱਲੋਂ ਵਿੰਡਸਰ | ਜਗਵਿੰਦਰ ਸਿੰਘ ਮਾਨ | ਬਾਬਾ ਆਟੋ ਵੈਸਟਲੈਂਡ


PAO
Punjabi American Organization
PUNJABI AMERICAN ORGANIZATION
ਤੀਆਂ ਦਾ ਮੇਲਾ 2022
ATTRACTION OF THE EVENT SHAUKAN MELE DI
Teeyan
DA MELA
MISS POOJA PERFORMING LIVE
Sunday July 24th 2022 | 10:30 AM to 4:00 PM
WATERFORD BANQUET
933 S Riverside Dr, Elmhurst, IL 60126
ENJOY DHOLKI • DANCING • SINGING • MEHNDI • GIDDHA • SHOPPING • FOOD
Tickets : General Ticket $15 • VIP $100 • (Kids Under 5 FREE)
For More Information
Mini Multani 630.935.5239
Naina Singh 847.828.9412
Sukhi Singh 847.917.3664
Jasmeet Suga 630.673.6300
Raj Mago 630.890.1362
Pammi Sangha 630.965.2930
Shaloo Chhabra 813.317.6815
Pinky Walia 847.999.8720
Jeewan Dhami 847.409.4675
For Stallss - Kamal Hunjan 630.673.5156 or Gurpreet K. Singh 630.677.6144
For Items & Performances - Rossie Rehal 630.699.8555 or Prabh Khaira 630.267.2107

# ਬਜ਼ੁਰਗਾਂ ਦਵਾਈਆਂ ਕਿਵੇਂ ਲੈਣ ਅਤੇ ਕੀ ਸ਼ੁਗਲ ਰੱਖਣ...

**ਸ਼ਿਕਾਗੋ:** ਪੰਜਾਬੀ ਵਿਰਸੇ ਵਿਚ ਬੁਢਾਪੇ ਨੂੰ ਹੋਰ ਅੱਖ ਨਾਲ ਦੇਖਿਆ ਜਾਂਦਾ ਹੈ। ਆਮ ਧਾਰਨਾ ਹੈ ਕਿ 40 ਸਾਲਾਂ ਤੋਂ ਉਪਰ ਉਮਰ ਦੇ ਲੋਕ ਬੁੱਢੇ ਮਹਿਸੂਸ ਕਰਨ ਲੱਗ ਪੈਂਦੇ ਹਨ। ਕਾਰਨ ਸਾਡਾ ਰਹਿਣ-ਸਹਿਣ ਹੈ। 40 ਕੁ ਸਾਲਾਂ ਦਾ ਤਕਰੀਬਨ ਹਰ ਇਨਸਾਨ ਦਵਾਈਆਂ ਸਹਾਰੇ ਜੀਵਨ ਤੋਰ ਰਿਹਾ ਹੈ। ਇਸ ਗੱਲ ਨੂੰ ਮੁੱਖ ਰੱਖਦਿਆਂ ਇਸ ਮਹੀਨੇ ਸਿੱਖ ਸੀਨੀਅਰਜ਼ ਨੇ ਡਾਕਟਰ ਜਸਵੀਰ ਕੌਰ ਨੂੰ ਵਿਚਾਰ-ਵਟਾਂਦਰੇ ਲਈ ਸੱਦਿਆ। ਉਹ ਫਾਰਮਾਸਿਸਟ ਹਨ ਅਤੇ ਸਿੱਖ ਰਿਲੀਜੀਅਸ ਸੁਸਾਇਟੀ ਦੀ ਬੋਰਡ ਮੈਂਬਰ ਵੀ ਹਨ। ਸਿੱਖ ਸੀਨੀਅਰਜ਼ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਵੀ ਉਨ੍ਹਾਂ ਦੀ ਹੈ। ਨਵਰਾਜ ਕੌਰ ਬਸਾਤੀ ਨੇ ਉਸ ਬਾਰੇ ਜਾਣਕਾਰੀ ਦਿੱਤੀ। ਯਾਦ ਰਹੇ ਕਿ ਪਿਛਲੇ ਸਾਲ ਉਨ੍ਹਾਂ ਦੀ ਮਦਦ ਨਾਲ ਨਵਰਾਜ ਕੌਰ ਬਸਾਤੀ ਨੇ ਪੈਲੇਟਾਈਨ ਗੁਰਦੁਆਰੇ ਨੂੰ 7000 ਡਾਲਰ ਦੀ ਗ੍ਰਾਂਟ ਦਿਵਾਈ ਸੀ।

ਡਾਕਟਰ ਜਸਵੀਰ ਕੌਰ ਨੇ ਗੱਲ ਸ਼ੁਰੂ ਕੀਤੀ ਕਿ ਵਧਦੀ ਉਮਰ ਨਾਲ ਸਰੀਰ ਵਿਚ ਤਬਦੀਲੀ ਆਉਂਦੀ ਹੈ। ਸਰੀਰ ਅੰਦਰ ਭੰਨ-ਤੋੜ ਚਲਦੀ ਰਹਿੰਦੀ ਹੈ ਜਿਸ ਕਰਕੇ ਬਿਮਾਰੀਆਂ ਵੀ ਲਗਦੀਆਂ ਹਨ। ਫਿਰ ਦਵਾਈਆਂ ਲੈਣੀਆਂ ਪੈਂਦੀਆਂ ਹਨ ਤੇ ਦਵਾਈਆਂ ਦੇ ਭੈੜੇ ਅਸਰ ਵੀ ਹਨ। ਇਸ ਲਈ ਜ਼ਰੂਰੀ ਹੈ ਕਿ ਆਪਣੇ ਡਾਕਟਰ ਤੇ ਫਾਰਮਾਸਿਸਟ ਨੂੰ ਦਵਾਈਆਂ ਦੇ ਚੰਗੇ ਮਾੜੇ ਅਸਰਾਂ ਬਾਰੇ ਪੁੱਛੋ। ਦਵਾਈ ਕਿਵੇਂ ਲੈਣੀ ਹੈ, ਇਹ ਵੀ ਜ਼ਰੂਰ ਪਤਾ ਕਰੋ ਕਿ ਖਾਣੇ ਤੋਂ ਪਹਿਲਾਂ, ਬਾਅਦ, ਕਿੰਨੀ ਦੇਰ ਬਾਅਦ ਲੈਣੀ ਹੈ। ਸਾਡੇ ਸਰੀਰ ਵਿਚ 75 ਫੀਸਦੀ ਪਾਣੀ ਹੈ। ਵਧਦੀ ਉਮਰ ਨਾਲ ਸਰੀਰ ਵਧ ਪਾਣੀ ਲੋੜਦਾ ਹੈ। ਮੂੰਹ ਖੁਸ਼ਕ, ਅੱਖਾਂ ਵਿਚ ਹੰਝੂਆਂ ਦੀ ਘਾਟ, ਚਮੜੀ ਖੁਸ਼ਕ ਹੋਣ ਲੱਗਦੀ ਹੈ। ਦਵਾਈਆਂ ਦਾ ਵੀ ਅਸਰ ਹੁੰਦਾ ਹੈ। ਸੋ, ਪਾਣੀ ਦੀ ਲੋੜ ਪੂਰੀ ਕਰੋ। ਹੋ ਸਕੇ ਤਾਂ ਖਾਰਾ (ਅਲਕਲਾਈਨ) ਦਿਨੇ ਦੋ ਤਿੰਨ ਗਲਾਸ ਜ਼ਰੂਰ ਪੀਓ। ਖਾਰਾ ਬਣਾਉਣ ਲਈ ਗੋਲੀਆਂ ਇਸਤੇਮਾਲ ਕਰ ਸਕਦੇ ਹੋ, ਮਸ਼ੀਨਾਂ ਵੀ ਮਿਲਦੀਆਂ ਹਨ। ਸਾਲ ਵਿਚ ਇਕ ਦੋ ਵਾਰ ਜਿਗਰ ਅਤੇ ਗੁਰਦੇ ਦੇ ਟੈਸਟ ਜ਼ਰੂਰ ਕਰਾਓ। ਖੂਨ ਟੈਸਟ ਕਰਾਉਣ ਨਾਲ ਪਤਾ ਲੱਗ ਜਾਂਦਾ ਹੈ ਕਿ ਕਿਹੜੇ-ਕਿਹੜੇ ਵਿਟਾਮਿਨਾਂ ਦੀ ਲੋੜ ਹੈ। ਵਧੇਰੇ ਵਿਟਾਮਿਨ ਖਾਣ ਦਾ ਗਲਤ ਅਸਰ ਵੀ ਪੈ ਸਕਦਾ ਹੈ। ਵੱਡੀ ਉਮਰ ਵਿਚ ਦਵਾਈਆਂ ਵੀ ਸਹੀ ਤਰੀਕੇ ਹਜ਼ਮ ਨਹੀਂ ਹੁੰਦੀਆਂ। ਲਗਾਤਾਰ ਤੇਜ਼ਾਬ ਘਟਾਉਣ ਵਾਲੀ ਦਵਾਈਆਂ ਵੀ ਨੁਕਸਾਨ ਪਹੁੰਚਾਉਂਦੀਆਂ ਹਨ, ਖਾਸ ਤੌਰ 'ਤੇ ਜੇ ਥਾਇਰਾਇਡ ਠੀਕ ਕੰਮ ਨਾ ਕਰਦਾ ਹੋਵੇ ਤੇ ਦਵਾਈ ਇਸਤੇਮਾਲ ਕਰਦੇ ਹੋ। ਇਸੇ ਤਰ੍ਹਾਂ ਲਗਾਤਾਰ ਐਲਰਜੀ ਦੀ ਦਵਾਈਆਂ ਦੀ ਵਰਤੋਂ ਵੀ ਨੁਕਸਾਨਦੇਹ ਹੋ ਸਕਦੀ ਹੈ। ਡਾਕਟਰਾਂ ਕੋਲ ਇਕ ਬੀਅਰਜ਼ ਲਿਸਟ ਹੁੰਦੀ ਹੈ ਜਿਸ 'ਤੇ ਇਹ ਸਭ ਲਿਖਿਆ ਹੁੰਦਾ ਹੈ। ਇਸੇ ਤਰ੍ਹਾਂ Tylenol, Nyquil ਦੀ ਲਗਾਤਾਰ ਵਰਤੋਂ ਠੀਕ ਨਹੀਂ। ਕਈ ਦਵਾਈਆਂ ਵਿਚ ਤਿੰਨ ਚਾਰ ਕਿਸਮ ਦੀ ਦਵਾਈਆਂ ਮਿਲਾਈਆਂ ਹੁੰਦੀਆਂ ਹਨ ਜਿਨ੍ਹਾਂ ਦੀ ਕੋਈ ਲੋੜ ਨਹੀਂ ਹੁੰਦੀ, ਤੇ ਇਹ ਨੁਕਸਾਨ ਕਰਦੀਆਂ ਹਨ। ਸੋ, ਪੁੱਛ ਲਵੋ, ਤੁਹਾਡੇ ਡਾਕਟਰ ਤੇ ਫਾਰਮਾਸਿਸਟ ਨੂੰ ਪਤਾ ਹੁੰਦਾ ਹੈ ਕਿ ਤੁਸੀਂ ਕਿਹੜੀ-ਕਿਹੜੀ ਦਵਾਈ ਲੈ ਰਹੇ ਹੋ ਤੇ ਕਿਹੜੀ ਦਵਾਈ ਨਾਲ ਮਾੜਾ ਅਸਰ ਪੈ ਸਕਦਾ ਹੈ। ਹੋ ਸਕੇ ਤਾਂ ਕੁਝ ਦੇਸੀ ਨੁਸਖੇ ਵਰਤੋ, ਜਿਵੇਂ ਜ਼ੁਕਾਮ ਲਈ ਭਾਫ, ਤੇਜ਼ਾਬ ਲਈ ਅਦਰਕ ਆਦਿ। ਕਈ ਲੋਕ ਦਿਲ ਦੀ ਜਲਣ ਨੂੰ ਤੇਜ਼ਾਬ ਸਮਝ ਲੈਂਦੇ ਹਨ ਜਦੋਂ ਕਿ ਇਹ ਦਿਲ ਦਾ ਦੌਰਾ ਵੀ ਹੋ ਸਕਦਾ ਹੈ। ਸੋ, ਅਣਗਹਿਲੀ ਨਾ ਕਰੋ। ਤੇਜ਼ਾਬ ਘਟਾਉਣ ਵਾਲੀ ਦਵਾਈਆਂ ਲਗਾਤਾਰ ਖਾਣ ਨਾਲ ਹੱਡੀਆਂ 'ਤੇ ਮਾੜਾ ਅਸਰ ਹੁੰਦਾ ਹੈ। ਇਹ ਕੈਲਸ਼ੀਅਮ ਦੀ ਘਾਟ ਪੈਦਾ ਕਰ ਸਕਦੀਆਂ ਹਨ। ਜਿਵੇਂ Priose, Pepcid, Pepto Bismol ਆਦਿ। ਕੁਝ ਚੀਜ਼ਾਂ ਜਿਵੇਂ ਨਿੰਬੂ, ਸੰਤਰਾ, ਚਟਣੀ ਵੀ ਤੇਜ਼ਾਬ ਵਧਾ ਸਕਦੀਆਂ ਹਨ। ਦੂਜੇ ਪਾਸੇ ਬੇਸਿਕ ਖਾਣੇ ਜਿਵੇਂ ਅਦਰਕ, ਦਾਲਾਂ ਤੇਜ਼ਾਬ ਘਟਾਉਂਦੇ ਹਨ। ਦਾਲਾਂ ਵਿਚ ਵਿਟਾਮਿਨ ਬਹੁਤ ਹੁੰਦੇ ਹਨ। ਇਨ੍ਹਾਂ ਨਾਲ ਸਰੀਰਕ ਲੋੜ ਪੂਰੀ ਹੋ ਸਕਦੀ ਹੈ। ਕਈ ਦਵਾਈਆਂ ਲਗਾਤਾਰ ਵਰਤਣ ਨਾਲ ਕੈਂਸਰ ਵੀ ਹੋ ਸਕਦਾ ਹੈ। ਘੱਟ ਕੈਫੀਨ ਵਾਲੀ ਕਾਫੀ ਆਦਿ ਪੀਓ। ਦੁੱਧ ਅਤੇ ਚੀਨੀ ਪੀਣ ਨਾਲ ਚਾਹ ਤੇ ਕੌਫੀ ਦੀ ਤਸੀਰ ਬਦਲ ਜਾਂਦੀ ਹੈ। ਇਹ ਘੱਟ ਤੋਂ ਘੱਟ ਵਰਤੋ ਜਾਂ ਬਿਲਕੁਲ ਨਹੀਂ।

ਸ਼ਾਮੀ ਖਾਣਾ ਘੱਟ ਖਾਓ ਤੇ ਕੋਸ਼ਿਸ਼ ਕਰੋ, ਸੌਣ ਤੋਂ 4 ਘੰਟੇ ਪਹਿਲਾਂ ਖਾਓ, ਫਿਰ ਸਿੱਧੇ ਨਾ ਲੇਟੋ। ਕੋਸ਼ਿਸ਼ ਕਰੋ, ਥੋੜ੍ਹਾ ਤੁਰ-ਫਿਰ ਲਵੋ। ਬੁਢਾਪੇ ਵਿਚ ਵੱਡੀ ਬਿਮਾਰੀ ਕਬਜ਼ ਦੀ ਹੈ, ਇਸ ਲਈ ਦਵਾਈਆਂ 'ਤੇ ਨਿਰਭਰਤਾ ਨਾ ਰੱਖੋ। ਖਾਣੇ ਸਹੀ ਕਰ ਲਵੋ। ਕੁਝ ਦਵਾਈਆਂ ਵੀ ਕਬਜ਼ ਵਧਾਉਂਦੀਆਂ ਹਨ। ਇਸਬਗੋਲ ਦੀ ਵਰਤੋਂ ਕਿਸੇ ਹੱਦ ਤੱਕ ਠੀਕ ਹੈ। ਬੁਢਾਪੇ ਵਿਚ ਕੈਲਸ਼ੀਅਮ ਦੀ ਘਾਟ ਵੀ ਖਤਰਨਾਕ ਹੈ। ਥੋੜ੍ਹੀ ਜਿਹੀ ਟੱਕਰ ਨਾਲ ਹੱਡੀ ਟੁੱਟ ਸਕਦੀ ਹੈ। ਕੁੱਬ ਨਿਕਲ ਆਉਂਦਾ ਹੈ। ਜੋ ਲੋਕ ਸ਼ੂਗਰ ਕੰਟਰੋਲ ਕਰਨ ਲਈ ਮੈਟਫਾਰਮੀਨ ਦਵਾਈ ਲੈਂਦੇ ਹਨ, ਉਨ੍ਹਾਂ ਨੂੰ ਬੀ6, ਬੀ12 ਵਿਟਾਮਿਨ ਚੈੱਕ ਕਰਵਾਉਂਦੇ ਰਹਿਣਾ ਚਾਹੀਦਾ ਹੈ। ਇਹ ਦਵਾਈ ਵਿਟਾਮਿਨ ਘਟਾਉਂਦੀ ਹੈ। ਅੱਜ ਕੱਲ੍ਹ ਬਹੁਤੇ ਲੋਕ ਧੁੱਪੇ ਨਹੀਂ ਰਹਿੰਦੇ, ਸੋ ਡੀ ਵਿਟਾਮਿਨ ਦੀ ਘਾਟ ਵੀ ਆਮ ਹੈ।

ਦੂਜਾ ਪੜਾਅ ਨਵਰਾਜ ਕੌਰ ਬਸਾਤੀ ਦਾ ਸੀ। ਉਸ ਨੇ ਦੱਸਿਆ ਕਿ ਮੌਸਮ ਬਦਲ ਰਹੇ ਹਨ, ਅੱਜ ਕੱਲ੍ਹ ਸਬਜ਼ੀਆਂ ਸ਼ਿਕਾਗੋ ਵਿਚ ਨਵੰਬਰ ਤੱਕ ਬਾਹਰ ਚੱਲਦੀਆਂ ਹਨ। ਹੁਣ ਵਕਤ ਹੈ ਇਹ ਵਿਚਾਰਨ ਦਾ ਕਿ ਜੁਲਾਈ ਵਿਚ ਬਾਹਰ ਕੀ-ਕੀ ਲਾਉਣਾ ਹੈ। ਬੀਜ ਲਾ ਸਕਦੇ ਹੋ। ਜੋ ਗ੍ਰਾਂਟ ਪੈਲੇਟਾਈਨ ਗੁਰਦੁਆਰੇ ਨੂੰ ਮਿਲੀ ਹੈ, ਉਸ ਤਹਿਤ 4 ਡੱਬੇ ਲਾਏ ਜਾਣਗੇ ਜਿਨ੍ਹਾਂ ਨੂੰ ਜੋੜਨਾ ਪਵੇਗਾ। 6 ਉਤੇ ਖੜ੍ਹਵੇਂ ਕਿਆਰੇ, ਦੋ ਸ਼ੈੱਡ ਬਣਾਉਣੇ ਹਨ। ਕਿਆਰਿਆਂ ਦੀ ਸ਼ਕਲ ਅੰਗਰੇਜ਼ੀ ਅੱਖਰ 'ਵੀ' (V) ਵਰਗੀ ਹੋਵੇਗੀ ਤਾਂ ਕਿ ਵ੍ਹੀਲ ਚੇਅਰ 'ਤੇ ਬਹਿ ਕੇ ਵੀ ਦੋਨੋਂ ਪਾਸਿਓਂ ਕੰਮ ਕਰ ਸਕੀਏ। ਵਿਚਾਰਨਾ ਪਏਗਾ ਕਿ ਅੰਦਰ ਕੀ ਲਾਉਣਾ ਹੈ। ਵਿਚਾਲੇ ਛੋਟੇ ਕੱਦ ਦੇ ਟਮਾਟਰ, ਧਨੀਆ, ਮਿਰਚਾਂ ਲਾਏ ਜਾ ਸਕਦੇ ਹਨ ਜੋ ਬਹੁਤੇ ਫੈਲਦੇ ਨਹੀਂ ਤਾਂ ਕਿ ਸੌਖੇ ਲਾ ਸਕੀਏ, ਸੌਖੇ ਕੱਟ ਸਕੀਏ। ਛੋਟੇ ਟਮਾਟਰ ਜੁਲਾਈ ਦੇ ਅਖੀਰ ਤੱਕ ਲਾ ਸਕਦੇ ਹੋ ਜੋ ਨਵੰਬਰ ਤਕ ਚੱਲਣਗੇ। ਇਹ ਬੂਟੇ 30-30 ਟਮਾਟਰ ਵੀ ਦੇ ਦਿੰਦੇ ਹਨ। ਕਿਸਮਾਂ ਬਹੁਤ ਹਨ। ਕਿਆਰਿਆਂ ਦੀ ਬਣਤਰ ਅਜਿਹੀ ਹੈ ਕਿ ਹੱਡਾਂ ਵਿਚ ਦਰਦਾਂ ਵਾਲੇ ਵੀ ਕੰਮ ਕਰ ਸਕਣਗੇ। ਲੰਮੇ-ਲੰਮੇ ਸੰਦ ਵਰਤੇ ਜਾਣਗੇ। ਕੋਸ਼ਿਸ਼ ਹੋਵੇਗੀ ਕਿ ਜਵਾਨ, ਬੱਚੇ, ਬਜ਼ੁਰਗਾਂ ਨਾਲ ਰਲ ਕੇ



ਕੰਮ ਸਿੱਖਣ। ਪੂਰਾ ਫਲ ਲੈਣ ਲਈ ਕੀੜੇ-ਮਕੌੜਿਆਂ, ਮੱਖੀਆਂ ਦੀ ਵੀ ਸਖਤ ਜ਼ਰੂਰਤ ਹੈ; ਸੋ, ਫੁੱਲਦਾਰ ਬੂਟੇ ਵੀ ਜ਼ਰੂਰੀ ਹਨ। ਫੁੱਲਾਂ ਵਾਲੇ ਕੁਝ ਬੂਟਿਆਂ ਵਿਚੋਂ ਰਸ ਚੂਸਣ ਸਾਰ ਹੀ ਬਣਨਾ ਸ਼ੁਰੂ ਹੋ ਜਾਂਦਾ ਹੈ। ਕਈਆਂ ਲਈ ਵਕਤ ਲੱਗਦਾ ਹੈ। ਕੁਝ ਫੁੱਲ ਖਾਧੇ ਵੀ ਜਾਂਦੇ ਹਨ। ਕੁਝ ਫੁੱਲਾਂ ਦਾ ਰਸ ਚੂਸਣ ਸਾਰ ਹੀ 25 ਸੈਕਿੰਡ ਵਿਚ ਦੁਬਾਰਾ ਬਣਨਾ ਸ਼ੁਰੂ ਹੋ ਜਾਂਦਾ ਹੈ। ਕਈਆਂ ਨੂੰ 2-3 ਘੰਟੇ ਲੱਗਦੇ ਹਨ। ਗੇਂਦਾ ਬਹੁਤ ਫਾਇਦੇਮੰਦ ਹੈ, ਖੁਸ਼ਬੋ ਬਹੁਤ ਹੈ ਤੇ ਨੁਕਸਾਨਦੇਹ ਕੀੜੇ ਪਸੰਦ ਨਹੀਂ ਕਰਦੇ। ਤਾਜ਼ੀ ਸਬਜ਼ੀਆਂ ਸ਼ੌਕ ਹੀ ਨਹੀਂ, ਜ਼ਰੂਰਤ ਹੈ। ਬਾਜ਼ਾਰੀ ਸਬਜ਼ੀਆਂ 3-4 ਹਫਤੇ ਤੱਕ ਸਟੋਰਾਂ 'ਤੇ ਪਹੁੰਚਦੀਆਂ ਹਨ। ਦਵਾਈਆਂ ਤੇ ਖਾਦ ਵੀ ਵਰਤੀ ਹੁੰਦੀ ਹੈ। ਵਜ਼ਨ ਵਧਾਇਆ ਹੁੰਦਾ ਹੈ।

ਗੁਰਦੁਆਰਿਆਂ ਵਿਚੋਂ ਹੀ ਕੁਦਰਤੀ ਖਾਦ ਇੰਨੀ ਅੱਛੀ ਬਣਦੀ ਹੈ ਜਿਸ ਨਾਲ ਸਬਜ਼ੀਆਂ ਭਰਪੂਰ ਉਗਾਈਆਂ ਜਾ ਸਕਦੀਆਂ ਹਨ। ਜੋ ਸਬਜ਼ੀਆਂ ਲੰਗਰ ਵਿਚ ਬਣਦੀਆਂ ਹਨ, ਉਨ੍ਹਾਂ ਦੇ ਛਿਲਕਿਆਂ ਤੋਂ ਆਹਲਾ ਖਾਦ ਬਣਦੀ ਹੈ। ਨਾ ਦਵਾਈ ਵਰਤਣੀ ਹੈ। ਸਬਜ਼ੀਆਂ ਉਗਾਉਣ ਲਈ ਛੱਤ ਤੋਂ ਡਿਗਿਆ ਬਰਸਾਤੀ ਪਾਣੀ ਨਹੀਂ ਵਰਤਦਾ ਚਾਹੀਦਾ, ਨਹੀਂ ਤਾਂ ਖਤਰਨਾਕ ਰਸਾਇਣ ਆ ਮਿਲਣਗੇ। ਧਰਤੀ ਨੂੰ ਖਾਦ ਮੁਕਤ ਕਰਾਉਣ ਲਈ ਸਰੋਂ ਅਤੇ ਸੂਰਜਮੁਖੀ ਬੇਹੱਦ ਲਾਭਦਾਇਕ ਹਨ। ਪੁਰਾਣੇ ਜ਼ਿਮੀਦਾਰ ਇਹ ਫਸਲਾਂ ਉਗਾ ਕੇ ਧਰਤੀ ਵਿਚ ਹੀ ਵਾਹ ਦਿੰਦੇ ਸਨ। ਐਟਮੀ ਫੈਕਟਰੀਆਂ ਨੇੜੇ ਤਾਂ ਹੀ ਸਰੋਂ ਉਗਾਈ ਜਾਂਦੀ ਹੈ। ਉਨ੍ਹਾਂ ਦੀਆਂ ਜੜ੍ਹਾਂ ਰਸਾਇਣ ਚੂਸ ਲੈਂਦੀਆਂ ਹਨ ਤੇ ਉਸ ਦਾ ਮਾੜਾ ਅਸਰ ਘਟਾ ਦਿੰਦੀਆਂ ਹਨ। ਇਸੇ ਤਰ੍ਹਾਂ ਬਾਥੂ ਉਗਾਉਣਾ ਅਤੇ ਵਰਤਣਾ ਸਹੀ ਹੈ। ਇਸ ਦੀ ਬਣਤਰ ਸਰੀਰ ਲਈ ਚੰਗੀ ਹੈ। ਬਾਥੂ ਪਾਰਸਲੇ ਕਿਊ3 ਜਮ੍ਹਾਂ ਕਰ ਲੈਂਦੇ ਹਨ। ਜ਼ਮੀਨ ਦੀ ਬਣਤਰ ਕੀੜਿਆਂ ਤੋਂ ਪਤਾ ਲੱਗ ਜਾਂਦੀ ਹੈ ਕਿ ਸਹੀ ਹੈ ਜਾਂ ਨਹੀਂ। ਦੇਸੀ ਖਾਦ ਬਣਾਉਣ ਲਈ ਆਂਡੇ ਦੇ ਛਿਲਕੇ ਬਹੁਤ ਲਾਹੇਵੰਦ ਹਨ। ਚਾਹ ਪੱਤੀ ਜੇ ਦੁੱਧ ਵਾਲੀ ਹੋਵੇ ਤਾਂ ਧੋ ਲੈਣੀ ਚਾਹੀਦੀ ਹੈ। ਮਿੱਟੀ ਦੀ ਬਣਤਰ ਸਹੀ ਬਣਾਉਣ ਲਈ 7 ਸਾਲ ਦਾ ਸਮਾਂ ਚਾਹੀਦਾ ਹੈ। ਸੋ, ਸ਼ੁਰੂ-ਸ਼ੁਰੂ ਵਿਚ ਸਟੋਰ ਤੋਂ ਦੇਸੀ ਤਰੀਕੇ ਨਾਲ ਬਣਾਈ ਮਿੱਟੀ ਵਰਤ ਸਕਦੇ ਹੋ।

ਬੱਲੇ ਰਸਾਇਣ ਰਹਿਤ ਲੱਕੜ ਪਾ ਸਕਦੇ ਹੋ ਜੋ ਧਰਤੀ 'ਚੋਂ ਪਾਣੀ ਖਿੱਚਦੀ ਹੈ ਤੇ ਫਿਰ ਕੀੜੇ ਉਪਰ ਆਉਣ ਲੱਗ ਜਾਂਦੇ ਹਨ। ਵਿਗਿਆਨੀਆਂ ਨੂੰ ਅਜੇ ਸਿਰਫ 2 ਫੀਸਦੀ ਕੀੜਿਆਂ ਬਾਰੇ ਹੀ ਪਤਾ ਹੈ। ਫਸਲਾਂ ਨੂੰ ਨੁਕਸਾਨ ਵਾਲੇ ਕੀੜਿਆਂ ਤੋਂ ਬਚਾਉਣ ਲਈ ਨਿੰਮ ਦਾ ਸਤ ਛਿੜਕਿਆ ਜਾ ਸਕਦਾ ਹੈ। ਪੁਦੀਨਾ ਅਜਿਹੀ ਚੀਜ਼ ਹੈ ਜਿਸ ਨੂੰ ਸਿਰਫ ਇਨਸਾਨ ਹੀ ਖਾਂਦੇ ਹਨ। ਬਾਕੀ ਜਾਨਵਰ ਇਸ ਤੋਂ ਦੂਰ ਭੱਜਦੇ ਹਨ। ਕਾਟੂਆਂ ਖਾਸ ਤੌਰ 'ਤੇ ਇਸ ਦੇ ਨੇੜੇ ਨਹੀਂ ਜਾਂਦੀਆਂ ਪਰ ਇਹ ਮਿੱਟੀ ਦੇ ਵੱਡੇ ਭਾਂਡੇ ਵਿਚ ਧਰਤੀ ਵਿਚ ਦਬਣਾ ਚਾਹੀਦਾ ਹੈ ਤਾਂ ਕਿ ਫੈਲਣਾ ਕਾਬੂ ਰਹੇ। ਸਿੱਖ ਸੀਨੀਅਰਜ਼ ਦੀਆਂ ਗਤੀਵਿਧੀਆਂ ਲਈ ਸ. ਸੁਰਿੰਦਰਪਾਲ ਸਿੰਘ ਕਾਲਰਾ ਨੂੰ ਫੋਨ ਨੰਬਰ 847-305-9119, ਬੀਬੀ ਡਾਕਟਰ ਜਸਵੀਰ ਕੌਰ ਨੂੰ ਫੋਨ ਨੰਬਰ 224-545-0542 ਜਾਂ ਠਾਕਰ ਸਿੰਘ ਬਸਾਤੀ ਨੂੰ ਈਮੇਲ (basatit@aol.com) 'ਤੇ ਸੰਪਰਕ ਕਰੋ ਜੀ।

# ਮੂਸੇਵਾਲਾ ਕਤਲ ਕਾਂਡ: ਅਜੇ ਹਵਾ ਵਿਚ ਹੱਥ-ਪੈਰ ਮਾਰ ਰਹੀ ਹੈ ਪੁਲਿਸ

**ਚੰਡੀਗੜ੍ਹ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ 'ਚ ਪੰਜਾਬ ਪੁਲਿਸ ਦੇ ਢਾਈ ਹਫਤਿਆਂ ਬਾਅਦ ਵੀ ਹੱਥ ਖਾਲੀ ਹਨ। 29 ਮਈ ਦੀ ਘਟਨਾ ਤੋਂ ਬਾਅਦ ਹੁਣ ਤੱਕ ਪੁਲਿਸ ਨਾ ਕਾਤਲਾਂ ਨੂੰ ਫੜ ਸਕੀ ਹੈ ਅਤੇ ਨਾ ਹੀ ਹਥਿਆਰ, ਜਦੋਂ ਕਿ ਨਾ ਹੀ ਸ਼ੂਟਰਾਂ ਦੀ ਪੱਕੀ ਗਿਣਤੀ ਦਾ ਕੋਈ ਦਾਅਵਾ ਕਰ ਸਕੀ।

ਪੁਲਿਸ ਵੱਲੋਂ ਅਜੇ ਤੱਕ ਕੋਈ ਸ਼ਾਰਪ ਸ਼ੂਟਰ ਕਾਤਲ ਵਜੋਂ ਕਾਬੂ ਨਹੀਂ ਕੀਤਾ ਜਾ ਸਕਿਆ। ਪੁਲਿਸ ਨੂੰ ਅਜੇ ਇਸ ਗੱਲ ਦਾ ਵੀ ਪਤਾ ਨਹੀਂ ਕਿ ਕਤਲ ਲਈ ਕਿਹੜੇ ਹਥਿਆਰਾਂ ਦੀ ਵਰਤੋਂ ਕੀਤੀ ਗਈ। ਪੁਲਿਸ ਕੋਲ ਇਸ ਗੱਲ ਦੇ ਵੀ ਪੁਖਤਾ ਸਬੂਤ ਨਹੀਂ ਕਿ ਕਤਲ ਕਰਨ ਵੇਲੇ ਸ਼ਾਰਪ ਸ਼ੂਟਰਾਂ ਜਾਂ ਕਾਤਲਾਂ ਦੀ ਗਿਣਤੀ ਕਿੰਨੀ ਸੀ।

ਪ੍ਰਾਪਤ ਵੇਰਵਿਆਂ ਅਨੁਸਾਰ ਪਹਿਲਾਂ 8 ਸ਼ਾਰਪ ਸ਼ੂਟਰਾਂ ਦੀ ਲਿਸਟ ਰਿਲੀਜ਼ ਕੀਤੀ ਗਈ ਸੀ, ਪਰ ਹੁਣ ਪੁਲਿਸ ਕਹਿ ਰਹੀ ਹੈ ਕਿ ਇਨ੍ਹਾਂ ਵਿਚੋਂ ਕਈ ਉਸ ਘਟਨਾ ਵਿਚ ਸ਼ਾਮਲ ਨਹੀਂ ਸਨ। ਦਿੱਲੀ ਪੁਲਿਸ ਜਿੱਥੇ 5 ਜਾਂ 6 ਸ਼ੂਟਰਾਂ ਦੀ ਗੱਲ ਕਹਿ ਰਹੀ ਹੈ, ਉੱਥੇ ਹੀ ਪੰਜਾਬ ਪੁਲਿਸ ਚਾਰ ਸ਼ੂਟਰ ਦੱਸ ਰਹੀ ਹੈ, ਜਦਕਿ ਸਹੀ ਗਿਣਤੀ ਦਾ ਹਾਲੇ ਤੱਕ ਕਿਸੇ ਨੂੰ ਵੀ ਪਤਾ ਨਹੀਂ ਹੈ। ਇਕ ਉੱਚ ਪੁਲਿਸ ਅਧਿਕਾਰੀ ਨੇ ਕਿਹਾ ਕਿ ਪਹਿਲਾਂ ਸਿੱਧੂ ਮੂਸੇਵਾਲਾ ਦੇ ਕਤਲ ਕੇਸ 'ਚ 8 ਸ਼ੂਟਰਾਂ ਦੀ ਲਿਸਟ ਰਿਲੀਜ਼ ਕੀਤੀ ਗਈ ਸੀ। ਇਨ੍ਹਾਂ ਵਿਚੋਂ ਪੁਣੇ ਦੇ ਸਿਧੇਸ਼ ਹੀਰਾਮਨ ਕਾਂਬਲੇ ਉਰਫ ਸੌਰਵ ਮਹਾਕਾਲ ਨੂੰ ਪੁਣੇ ਦੀ ਪੁਲਿਸ ਨੇ ਫੜਿਆ ਹੈ, ਪਰ ਹੁਣ ਦਿੱਲੀ ਪੁਲਿਸ ਦਾ ਕਹਿਣਾ ਹੈ ਕਿ ਮਹਾਕਾਲ, ਸਿੱਧੂ ਮੂਸੇਵਾਲਾ ਦਾ ਕਾਤਲ ਨਹੀਂ ਹੈ ਤੇ ਕਾਤਲਾਂ ਦਾ ਕਰੀਬੀ ਹੋ ਸਕਦਾ ਹੈ। ਉਧਰ, ਬਠਿੰਡਾ ਪੁਲਿਸ ਨੇ ਹਰਕਮਲ ਰਾਣੂ ਨੂੰ ਹਿਰਾਸਤ ਵਿਚ ਲਿਆ ਹੈ, ਪਰ ਉਸ ਬਾਰੇ ਵੀ ਕਿਹਾ ਜਾ ਰਿਹਾ ਹੈ ਕਿ ਉਹ ਅਪਰਾਧੀ ਕਿਸਮ ਦਾ ਬੰਦਾ ਤਾਂ ਹੈ ਤੇ ਉਸ 'ਤੇ ਗਿਆਰਾਂ ਕੇਸ ਵੀ ਦਰਜ ਹਨ, ਪਰ ਸਿੱਧੂ ਦੇ ਕਤਲ ਵਿਚ ਉਹ ਸ਼ਾਮਲ ਨਹੀਂ ਲੱਗਦਾ। ਪੁਲਿਸ ਹਾਲੇ ਤੱਕ ਕਤਲ ਲਈ ਵਰਤੇ ਗਏ ਹਥਿਆਰਾਂ ਬਾਰੇ ਵੀ ਸਪੱਸ਼ਟ ਨਹੀਂ ਹੋ ਸਕੀ ਹੈ। ਸਿੱਧੂ ਮੂਸੇਵਾਲਾ ਦੇ ਸਰੀਰ ਉੱਤੇ 24 ਗੋਲੀਆਂ ਦੇ ਨਿਸ਼ਾਨ ਮਿਲੇ ਸਨ, ਜਿਨ੍ਹਾਂ ਵਿਚੋਂ 7 ਗੋਲੀਆਂ ਉਸ ਦੇ ਸਰੀਰ ਅੰਦਰੋਂ ਮਿਲੀਆਂ ਸਨ। ਪੁਲਿਸ ਨੇ ਪਹਿਲਾਂ ਕਿਹਾ ਸੀ ਕਿ ਸਿੱਧੂ ਮੂਸੇਵਾਲਾ ਦੇ ਕਤਲ ਲਈ 3 ਕਿਸਮ ਦੇ ਹਥਿਆਰ ਵਰਤੇ ਗਏ ਹਨ ਤੇ ਇਨ੍ਹਾਂ ਵਿਚੋਂ ਇਕ ਰੂਸੀ ਏਐਨ-94 ਹੋਣ ਦਾ ਵੀ ਦਾਅਵਾ ਸੀ, ਪਰ ਯਕੀਨ ਨਾਲ ਇਸ ਹਥਿਆਰ ਦੀ ਵਰਤੋਂ ਹੋਣ ਬਾਰੇ ਪੰਜਾਬ ਪੁਲਿਸ ਹਾਲੇ ਕੁਝ ਨਹੀਂ ਕਹਿ ਰਹੀ। ਪੁਲਿਸ ਅਫਸਰਾਂ ਦਾ ਕਹਿਣਾ ਹੈ ਕਿ ਸਬੂਤ ਲੈਬਾਰਟਰੀ 'ਚ ਭੇਜੇ ਗਏ ਹਨ ਤੇ ਰਿਪੋਰਟਾਂ ਆਉਣ 'ਤੇ ਹੀ ਅਸਲੀਅਤ ਪਤਾ ਲੱਗ ਸਕੇਗੀ। ਪੰਜਾਬ ਪੁਲਿਸ ਨੇ ਹੁਣ ਤੱਕ ਇਸ ਕੇਸ ਵਿਚ ਨੌਂ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਵਿਚ ਸਿੱਧੂ ਮੂਸੇਵਾਲਾ ਦੀ ਰੇਕੀ ਕਰਨ ਵਾਲਾ



ਸੰਦੀਪ ਕੁਮਾਰ ਉਰਫ ਕੇਕੜਾ ਵੀ ਸ਼ਾਮਲ ਹੈ। ਉਹ ਹੁਣ ਪੁਲਿਸ ਰਿਮਾਂਡ 'ਤੇ ਹੈ। ਉਸ ਤੋਂ ਇਲਾਵਾ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦੇ ਮੋਨੂੰ ਡਾਗਰ, ਪਵਨ, ਨਸੀਬ ਖਾਨ ਦਾ ਵੀ ਕੇਕੜਾ ਦੇ ਨਾਲ ਹੀ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ, ਜਦਕਿ ਮਨਪ੍ਰੀਤ ਮੰਨਾ, ਮਨਪ੍ਰੀਤ ਭਾਊ, ਸਰਾਜ ਮਿੰਟੂ, ਪ੍ਰਭਦੀਪ ਸਿੰਘ ਪੱਬੀ ਤੇ ਚਰਨਜੀਤ ਸਿੰਘ ਚੇਤਨ ਨੂੰ 14 ਦਿਨਾਂ ਦੇ ਜੁਡੀਸ਼ਲ ਰਿਮਾਂਡ 'ਤੇ ਮਾਨਸਾ ਦੀ ਜੇਲ੍ਹ ਵਿਚ ਭੇਜ ਦਿੱਤਾ ਗਿਆ ਹੈ।

## ਦੇਸ਼ ਦਾ ਖੁਸ਼ਹਾਲ ਸੂਬਾ ਗੈਂਗਵਾਰ ਦਾ ਗੜ੍ਹ ਬਣਿਆ: ਸੁਖਬੀਰ


**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਹੈ ਕਿ ਆਮ ਆਦਮੀ ਪਾਰਟੀ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਬਦਲਾਅ ਦੀਆਂ ਵੱਡੀਆਂ-ਵੱਡੀਆਂ ਗੱਲਾਂ ਕੀਤੀਆਂ ਸਨ, ਪਰ ਅੱਜ ਦੇਸ਼ ਦਾ ਸਭ ਤੋਂ ਵੱਧ ਖੁਸ਼ਹਾਲ ਸੂਬਾ ਕਤਲਾਂ, ਗੈਂਗਵਾਰਾਂ ਤੇ ਧਾਰਮਿਕ ਝੜਪਾਂ ਦਾ ਗੜ੍ਹ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੇ ਅਜਿਹਾ ਬਦਲਾਅ ਨਹੀਂ ਮੰਗਿਆ ਸੀ। ਸ੍ਰੀ ਬਾਦਲ ਨੇ ਟਵੀਟ ਵਿਚ ਦੁੱਖ ਜ਼ਾਹਰ ਕੀਤਾ ਕਿ 'ਦੇਸ਼ ਦਾ ਸਭ ਤੋਂ ਵੱਧ ਖੁਸ਼ਹਾਲ ਸੂਬਾ ਅੱਜ ਕਤਲਾਂ, ਗੈਂਗਵਾਰ, ਧਾਰਮਿਕ ਝੜਪਾਂ ਅਤੇ ਹੋਰਨਾਂ ਘਟਨਾਵਾਂ ਦਾ ਗੜ੍ਹ ਬਣ ਗਿਆ ਹੈ। ਇਹ ਸਭ ਕੁਝ ਸੂਬੇ 'ਚ ਹੋਣ ਵਾਲੇ ਨਿਵੇਸ਼ ਅਤੇ ਸੂਬੇ ਦੀ ਪ੍ਰਤਿਭਾ ਲਈ ਘਾਤਕ ਸਾਬਤ ਹੋਵੇਗਾ।'

ਟਰੱਕ ਵਾਸ਼ ਵਿਕਾਊ ਜਾਂ ਲੀਜ਼ 'ਤੇ ਉਪਲੱਬਧ ਹੈ

I-80 'ਤੇ 'ਟੂ ਵੇਅ' ਟਰੱਕ ਵਾਸ਼ ਵਿਕਾਊ ਜਾਂ ਲੀਜ਼ 'ਤੇ ਉਪਲੱਬਧ ਹੈ

ਚਾਹਵਾਨ ਸੰਪਰਕ ਕਰਨ

ਫੋਨ: 815-603-5877



Madan Khatri
NMLS #1980752

No Cost Financing Available!
Call 919-307-7577 or 847-530-1550
MKhatri@PrismHomeLending.com
NC, IL and CA Mortgage Loans
Prism Lending Inc. NMLS # 1587080
830 E Higgins road, Schaumburg, IL 60173
CA, FL, IA, IL, IN, NC, TX, WI Licensee

Want to Buy/Sell Home or RE Investments
PropertyZoom Inc.
1204 Nichols Creek Road, Durham NC 27703
Berkshire Hathaway HomeServices AH
1010 Rohlwing Road, Elk Grove Village, IL 60007
Call Now 919-307-7577 or 847-530-1550
16 Years of Experience, over 500 transactions
One of Top 10 Producers at the office for Several Years

ਪੰਜਾਬ ਟਾਈਮਜ਼

ਸਨਿਚਰਵਾਰ, 18 ਜੂਨ 2022

## ਬਦਲ ਰਿਹਾ ਭਾਰਤ

ਮਈ 2014 ਵਿਚ ਨਰਿੰਦਰ ਮੋਦੀ ਦੀ ਤਾਜਪੋਸ਼ੀ ਤੋਂ ਹਫਤੇ ਬਾਅਦ ਹੀ ਜਦੋਂ ਹਿੰਦੂਤਵਵਾਦੀਆਂ ਨੇ ਪੁਣੇ ਵਿਚ ਨੌਜਵਾਨ ਇੰਜਨੀਅਰ ਮੋਹਸਿਨ ਖਾਨ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਸੀ, ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਅੱਠ ਵਰ੍ਹਿਆਂ ਬਾਅਦ ਹਾਲਾਤ ਬਦ ਤੋਂ ਬਦਤਰ ਹੋ ਜਾਣੇ ਹਨ। ਉਦੋਂ ਨਰਿੰਦਰ ਮੋਦੀ ਕਾਂਗਰਸੀ ਸਿਆਸਤ ਦੀ ਅਸਫਲਤਾ ਉਤੇ ਸਵਾਰ ਹੋ ਕੇ ਕੇਂਦਰੀ ਸੱਤਾ ਉਤੇ ਬਿਰਾਜਮਾਨ ਹੋਇਆ ਸੀ, ਇਸ ਲਈ ਬਹੁਤ ਸਾਰੇ ਲੋਕ ਤਵੱਕੋ ਕਰ ਰਹੇ ਸਨ ਕਿ ਉਹ ਇਸ ਕਤਲ ਦੇ ਪ੍ਰਸੰਗ ਵਿਚ ਕੁਝ ਬੋਲਣਗੇ ਪਰ ਕੇਂਦਰੀ ਸੱਤਾ ਵਿਚ ਆਉਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਅਤੇ ਨਰਿੰਦਰ ਮੋਦੀ ਨੇ ਜਿਸ ਤਰ੍ਹਾਂ ਧਰਮ ਨੂੰ ਸਿਆਸਤ ਨਾਲ ਜੋੜਨਾ ਸ਼ੁਰੂ ਕੀਤਾ, ਉਸ ਨਾਲ ਸਪਸ਼ਟ ਹੋ ਗਿਆ ਕਿ ਭਾਰਤੀ ਜਨਤਾ ਪਾਰਟੀ ਅਤੇ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਫਿਰਕੂ ਸਿਆਸਤ ਦੇ ਰੱਥ ਉਤੇ ਸਵਾਰ ਹੋ ਕੇ ਆਪਣੀਆਂ ਜੜ੍ਹਾਂ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰੇਗੀ। ਇਹ ਜੜ੍ਹਾਂ ਅਸਲ ਵਿਚ ਇਟਲੀ ਦੇ ਫਾਸ਼ੀਵਾਦ ਅਤੇ ਜਰਮਨੀ ਦੇ ਨਾਜ਼ੀਵਾਦ ਨਾਲ ਡੂੰਘੀਆਂ ਜੁੜੀਆਂ ਹੋਈਆਂ ਹਨ। ਇਨ੍ਹਾਂ ਨੂੰ ਸਮਝੇ ਬਗੈਰ ਹਿੰਦੂਤਵੀ ਸਿਆਸਤ ਨੂੰ ਸਮਝਣਾ ਮੁਸ਼ਕਿਲ ਹੀ ਨਹੀਂ, ਨਾਮੁਮਕਿਨ ਹੈ।

ਇਤਾਲਵੀ ਇਤਿਹਾਸਕਾਰ ਮਾਰਜ਼ੀਆ ਕੈਸੋਲਰੀ ਨੇ ਆਪਣੀ ਕਿਤਾਬ 'ਸ਼ੈਡੋ ਆਫ ਦਿ ਸਵਾਸਤਿਕ: ਦਿ ਰਿਲੇਸ਼ਨਸ਼ਿਪਜ਼ ਬਿਟਵੀਨ ਇੰਡੀਅਨ ਰੈਡੀਕਲ ਨੈਸ਼ਨਲਿਜ਼ਮ ਇਟੈਲੀਅਨ ਫਾਸਿਜ਼ਮ ਐਂਡ ਨਾਜ਼ੀਇਜ਼ਮ' (2020) ਵਿਚ ਹਿੰਦੂਤਵਵਾਦੀਆਂ ਅਤੇ ਫਾਸ਼ੀਵਾਦੀਆਂ ਦੀ ਨੇੜਤਾ ਦਾ ਵਿਸਥਾਰ ਸਹਿਤ ਖੁਲਾਸਾ ਕੀਤਾ ਹੈ। 1930ਵਿਆਂ ਵਿਚ ਜਦੋਂ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀ ਫਾਂਸੀ ਤੋਂ ਬਾਅਦ ਆਜ਼ਾਦੀ ਦੀ ਲਹਿਰ ਹੋਰ ਤਿੱਖੀ ਹੋ ਰਹੀ ਸੀ ਤਾਂ ਹਿੰਦੂਤਵਵਾਦੀ ਇਤਾਲਵੀ ਫਾਸ਼ੀਵਾਦ ਤੋਂ ਪ੍ਰੇਰਨਾ ਲੈਂਦੇ ਦੋ ਧਰਾਤਲਾਂ ਉਤੇ ਆਪਣੀ ਊਰਜਾ ਲਾ ਰਹੇ ਸਨ। ਇਕ ਤਾਂ ਇਹ ਕਿ ਹਿੰਦੂਆਂ ਦੀਆਂ ਵੱਖ-ਵੱਖ ਧਾਰਾਵਾਂ ਨੂੰ ਇਕ ਥਾਂ ਕਿਵੇਂ ਲਿਆਂਦਾ ਜਾਵੇ; ਦੂਜੇ, ਨੌਜਵਾਨਾਂ ਨੂੰ ਜੰਗਬਾਜ਼ੀ (ਸੈਨਿਕੀਕਰਨ) ਲਈ ਕਿਵੇਂ ਤਿਆਰ ਕੀਤਾ ਜਾਵੇ। ਇਸ ਕਾਰਜ ਬਾਰੇ ਵਿਚਾਰਾਂ ਲਈ ਆਰ.ਐਸ.ਐਸ. ਦੇ ਕਰਤਾ-ਧਰਤਾ ਕੇ.ਬੀ. ਹੈਡਗੇਵਾਰ ਦਾ ਸਿਆਸੀ ਮੁਰਸ਼ਦ ਬਾਲਕ੍ਰਿਸ਼ਨ ਸ਼ਿਵਰਾਮ ਮੁੰਜੇ ਇਤਾਲਵੀ ਲੀਡਰਾਂ ਨਾਲ ਵਿਚਾਰਾਂ ਲਈ ਇਟਲੀ ਗਿਆ ਸੀ। ਇਨ੍ਹਾਂ ਦੋਹਾਂ ਵਿਚੋਂ ਪਹਿਲਾ ਕਾਰਜ ਮੋਦੀ ਸਰਕਾਰ ਦੇ ਪਹਿਲੇ ਕਾਰਜਕਾਲ ਦੌਰਾਨ ਤਕਰੀਬਨ ਮੁਕੰਮਲ ਕਰ ਲਿਆ ਗਿਆ। ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਨੇ ਘੱਟੋ-ਘੱਟ ਅਜਿਹੀ ਚੋਣ ਮਸ਼ੀਨਰੀ ਤਿਆਰ ਕਰ ਲਈ ਹੈ ਜੋ ਹਿੰਦੂ ਸਮਾਜ ਦੇ ਇਕ ਹਿੱਸੇ ਨੂੰ ਕਾਫੀ ਅਪੀਲ ਕਰਦੀ ਜਾਪਦੀ ਹੈ। ਦੂਜੇ ਕਾਰਜ ਦੀ ਤਿਆਰੀ ਹੁਣ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਆਰ.ਐਸ.ਐਸ. ਦੀ ਲਾਠੀ ਵਾਲੀ ਪਛਾਣ ਹੁਣ ਛੇਤੀ ਹੀ ਅਗਨ-ਹਥਿਆਰਾਂ ਵਿਚ ਬਦਲ ਸਕਦੀ ਹੈ। ਮੋਦੀ ਸਰਕਾਰ ਨੇ ਹੁਣ 'ਅਗਨੀਪੱਥ ਭਰਤੀ ਯੋਜਨਾ' ਐਲਾਨ ਦਿੱਤੀ ਹੈ। ਇਸ ਯੋਜਨਾ ਤਹਿਤ ਨੌਜਵਾਨਾਂ ਨੂੰ ਫੌਜ ਵਿਚ ਚਾਰ ਸਾਲ ਲਈ ਭਰਤੀ ਕੀਤਾ ਜਾਵੇਗਾ। ਇਹ ਨੌਜਵਾਨ ਚਾਰ ਸਾਲ ਬਾਅਦ ਸੇਵਾ-ਮੁਕਤ ਹੋ ਸਕਣਗੇ। ਦਾਅਵਾ ਇਹ ਕੀਤਾ ਜਾ ਰਿਹਾ ਹੈ ਕਿ ਇਸ ਨਾਲ ਇਕ ਤਾਂ ਫੌਜ ਵਿਚ ਸ਼ਾਮਿਲ ਨੌਜਵਾਨਾਂ ਦੀ ਔਸਤ ਉਮਰ ਘਟੇਗੀ; ਦੂਜੇ, ਸੁਰੱਖਿਆ ਬਲਾਂ ਉਤੇ ਪੈਨਸ਼ਨਾਂ ਬਗੈਰਾ ਦਾ ਖਰਚਾ ਵੀ ਘਟੇਗਾ। ਇਹੀ ਨਹੀਂ, ਚਾਰ ਸਾਲ ਬਾਅਦ ਸੇਵਾ-ਮੁਕਤ ਹੋਣ ਵਾਲੇ ਇਨ੍ਹਾਂ ਨੌਜਵਾਨਾਂ ਨੂੰ ਹੋਰ ਥਾਈਂ ਨੌਕਰੀ ਦਿਵਾਉਣ ਲਈ ਫੌਜ ਵੱਡੀ ਭੂਮਿਕਾ ਨਿਭਾਏਗੀ। ਫੌਜੀ ਸਿਖਲਾਈ ਲੈਣ ਵਾਲੇ ਇਨ੍ਹਾਂ ਨੌਜਵਾਨਾਂ ਵਿਚੋਂ 25 ਫੀਸਦ ਨੂੰ ਫੌਜ ਵਿਚ ਪੱਕੀ ਨੌਕਰੀ ਦਾ ਮੌਕਾ ਦਿੱਤਾ ਜਾਵੇਗਾ। ਜ਼ਾਹਿਰ ਹੈ ਕਿ ਇਕ ਅਰਸੇ ਬਾਅਦ ਫੌਜੀ ਸਿਖਲਾਈਯਾਫਤਾ ਨੌਜਵਾਨਾਂ ਦੀ ਗਿਣਤੀ ਚੋਖੀ ਹੋ ਜਾਵੇਗੀ। ਇਹ ਅਸਲ ਵਿਚ ਸਮਾਜ ਦਾ ਫੌਜੀਕਰਨ ਹੀ ਹੈ ਅਤੇ ਇਹ ਫਾਸ਼ੀਵਾਦੀ ਆਗੂਆਂ ਦੀ ਉਸੇ ਕੜੀ ਦੀ ਹਿੱਸਾ ਹੈ ਜਿਸ ਤਹਿਤ ਜੰਗਬਾਜ਼ੀ ਦੀ ਮਹਿਮਾ ਕੀਤੀ ਜਾਂਦੀ ਹੈ।

ਇਹ ਉਹ ਪ੍ਰਸੰਗ ਅਤੇ ਪਿਛੋਕੜ ਹਨ ਜਿਨ੍ਹਾਂ ਤਹਿਤ ਭਾਰਤੀ ਸਿਆਸਤ ਸੱਜੇ ਪਾਸੇ ਤਿੱਖਾ ਮੋੜਾ ਕੱਟ ਰਹੀ ਹੈ। ਸਾਲ 2014 ਵਿਚ ਭਾਰਤੀ ਜਨਤਾ ਪਾਰਟੀ ਦੀ ਜਿੱਤ ਦੇ ਬਹੁਤ ਸਾਰੇ ਕਾਰਨਾਂ ਵਿਚੋਂ ਇਕ ਅਹਿਮ ਕਾਰਨ ਕਾਂਗਰਸ ਦੀ ਨਾਲਾਇਕੀ ਸੀ। ਵੀਹਵੀਂ ਸਦੀ ਦੇ ਅਖੀਰਲੇ ਸਾਲਾਂ ਦੌਰਾਨ ਜਦੋਂ ਹਿੰਦੂਤਵੀ ਸਿਆਸਤ ਪੈਰ ਪਸਾਰਨ ਦਾ ਯਤਨ ਕਰ ਰਹੀ ਸੀ ਤਾਂ ਇਸ ਨੇ ਸਭ ਤੋਂ ਪਹਿਲਾਂ 'ਧਰਮ-ਨਿਰਪੱਖਤਾ' ਨੂੰ 'ਜਾਅਲੀ ਧਰਮ ਨਿਰਪੱਖਤਾ' ਕਹਿ ਕੇ ਹਮਲਾ ਸ਼ੁਰੂ ਕੀਤਾ ਸੀ। ਇਸ ਤੋਂ ਬਾਅਦ ਕਹਾਣੀ ਬਦਲਦੀ ਗਈ ਅਤੇ ਆਖਿਰਕਾਰ ਹੁਣ ਹਾਲਾਤ ਵਿਗੜਦੇ-ਵਿਗੜਦੇ ਹੁਣ ਵਾਲੀ ਹਾਲਤ ਤੱਕ ਪਹੁੰਚ ਗਏ ਹਨ। ਹੁਣ ਭਾਰਤੀ ਜਨਤਾ ਪਾਰਟੀ ਦੇ ਕਾਂਗਰਸ-ਮੁਕਤ ਭਾਰਤ ਦੀ ਮੁਹਿੰਮ ਅੰਦਰ ਖੱਬੇਪੱਖੀ ਹਾਸ਼ੀਏ 'ਤੇ ਹਨ। ਭਾਰਤੀ ਜਨਤਾ ਪਾਰਟੀ ਨੂੰ ਵੰਗਾਰ ਵਾਲੀ ਗੱਲ ਹੁਣ ਲੈ-ਦੇ ਕੇ ਖੇਤਰੀ ਪਾਰਟੀਆਂ ਤੱਕ ਸਿਮਟ ਗਈ ਹੈ। ਅੱਜ ਮੁਲਕ ਦੇ ਸੱਜੇ ਪਾਸੇ ਕੱਟੇ ਜਾ ਰਹੇ ਮੋੜ ਬਾਰੇ ਸੋਚਣ-ਵਿਚਾਰਨ ਵਾਲਿਆਂ ਲਈ ਸਭ ਤੋਂ ਵੱਡਾ ਸਵਾਲ ਹੈ: ਕੀ ਖੇਤਰੀ ਪਾਰਟੀ ਸੱਜੇਪੱਖੀ ਸਿਆਸਤ ਦਾ ਤੋੜ ਲੱਭਣ ਵਿਚ ਸਹਾਈ ਹੋ ਸਕਦੀਆਂ ਹਨ? ਇਨ੍ਹਾਂ ਖੇਤਰੀ ਪਾਰਟੀਆਂ ਨਾਲ ਤਾਲਮੇਲ ਲਈ ਸਭ ਤੋਂ ਵੱਧ ਚਰਚਾ ਆਮ ਆਦਮੀ ਪਾਰਟੀ (ਆਪ) ਦੀ ਹੋ ਰਹੀ ਹੈ। ਦਿੱਲੀ ਮਗਰੋਂ ਪੰਜਾਬ ਵਿਚ ਜਿੱਤ ਤੋਂ ਬਾਅਦ ਇਸ ਦੀ ਅੱਖ ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ ਉਤੇ ਹੈ। ਦਿੱਲੀ ਅਤੇ ਪੰਜਾਬ ਦੇ 'ਆਪ' ਮੁੱਖ ਮੰਤਰੀ ਇਨ੍ਹਾਂ ਦੋਹਾਂ ਸੂਬਿਆਂ ਦੇ ਗੇੜੇ ਲਗਾਤਾਰ ਕੱਢ ਰਹੇ ਹਨ ਪਰ ਪਿਛਲੇ ਸਾਲਾਂ ਦੌਰਾਨ ਇਸ ਪਾਰਟੀ ਦੀ ਸਿਆਸਤ ਇਸ਼ਾਰੇ ਸੁੱਟ ਰਹੀ ਹੈ ਕਿ ਇਹ ਜਥੇਬੰਦੀ ਕੁਲ ਮਿਲਾ ਕੇ ਭਾਰਤੀ ਜਨਤਾ ਪਾਰਟੀ ਦੇ ਨੇੜੇ-ਤੇੜੇ ਜਾ ਖੜ੍ਹਦੀ ਹੈ। ਪੰਜਾਬ ਵਿਚ 'ਆਪ' ਸਰਕਾਰ ਭਾਵੇਂ ਹੁਣੇ-ਹੁਣੇ ਬਣੀ ਹੈ ਪਰ ਜਾਪਦਾ ਨਹੀਂ ਕਿ ਇਹ ਭਾਰਤੀ ਜਨਤਾ ਪਾਰਟੀ ਦੀ ਹਿੰਦੂਤਵੀ ਸਿਆਸਤ ਖਿਲਾਫ ਕੋਈ ਮੋਰਚਾ ਬੰਨ੍ਹੇਗੀ। ਹੁਣ ਤਾਂ ਸਗੋਂ ਸਵਾਲ ਇਹ ਹੈ ਕਿ ਕਿਤੇ ਭਾਰਤੀ ਜਨਤਾ ਪਾਰਟੀ ਦੀ ਕਾਂਗਰਸ-ਮੁਕਤ ਮੁਹਿੰਮ ਵਿਚ ਇਹ ਆਮ ਆਦਮੀ ਪਾਰਟੀ ਤਾਂ ਫਿੱਟ ਨਹੀਂ ਕੀਤੀ ਜਾ ਰਹੀ। ਇਸ ਸਮੁੱਚੇ ਹਾਲਾਤ ਨੂੰ ਜੇ ਭਾਰਤੀ ਜਨਤਾ ਪਾਰਟੀ ਦੇ ਹਿੰਦੂਤਵ ਅਤੇ ਨਰਮ ਹਿੰਦੂਤਵ ਵਾਲੀ ਤੱਕੜੀ ਵਿਚ ਤੋਲੀਏ ਤਾਂ ਸਮੀਕਰਨ ਬਹੁਤ ਘਾਤਕ ਮੋੜ ਕੱਟਦੀ ਨਜ਼ਰੀਂ ਪੈ ਰਹੀ ਹੈ। ਇਸ ਲਈ ਸੰਜੀਦਾ ਧਿਰਾਂ ਨੂੰ ਹੁਣੇ ਹੀ ਇਕੱਠੇ ਹੋ ਕੇ ਅਗਲਾ ਕਦਮ ਉਠਾਉਣ ਲਈ ਅਹੁਲਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਝਾੜੂ ਪੋਚੇ ਦਾ ਡਰ?

ਸੂਰਜ ਡੁੱਬਦਾ ਦੇਖ ਕੇ 'ਪਾਰਟੀ' ਦਾ, ਕੱਚੇ ਬੇਰਾਂ ਦੇ ਵਾਂਗ ਹੁਣ ਝੜਨ ਲੱਗੇ।  
ਵਿਜੀਲੈਂਸ ਦੀ 'ਵਾਜ ਨਾ ਪਵੇ ਕੰਨੀਂ, ਬਚਣੇ ਲਈ ਸਕੀਮਾਂ ਉਹ ਘੜਨ ਲੱਗੇ।  
ਲੈਣ ਵਾਸਤੇ 'ਕਮਲ' ਦੀ ਓਟ ਬਹੁਤੇ, ਭਗਵੀਂ ਬੇੜੀ ਦੇ ਵਿਚ ਜਾ ਚੜ੍ਹਨ ਲੱਗੇ।  
ਪਿੱਠ ਦੇ ਕੇ 'ਸੈਕੂਲਰ' ਸੋਚ ਤਾਈਂ, ਫਿਰਕਾਪ੍ਰਸਤੀ ਦੇ ਨਾਲ ਨੇ ਖੜ੍ਹਨ ਲੱਗੇ।  
'ਲੂਣ' ਦੇਣ ਲਈ ਤਿਆਰ ਸਰਕਾਰ ਹੋਈ, ਖਾ ਖਾ ਰਿਸ਼ਵਤ ਕਰੋੜਾਂ ਦੀ ਭਕਲਿਆਂ ਨੂੰ।  
ਝਾੜੂ ਨਾਲ ਹੁਣ ਪੋਚਾ ਵੀ ਲੱਗਣਾ ਏਂ, ਨੰਗੇ ਕਰਦਿਆਂ 'ਪੰਜੇ' ਦੇ ਘਪਲਿਆਂ ਨੂੰ!

# ਹਿੰਦੂਤਵ ਸਿਆਸਤ ਅਤੇ ਟੀ.ਵੀ. ਚੈਨਲਾਂ ਦਾ ਮੇਲ ਖਤਰਨਾਕ

*ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਨੂਪੁਰ-ਨਵੀਨ ਮਾਮਲੇ ਨੇ ਭਾਰਤੀ ਜਨਤਾ ਪਾਰਟੀ, ਭਾਰਤ ਸਰਕਾਰ ਅਤੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ। ਆਮ ਜੀਵਨ 'ਚ ਇਸ ਦੇ ਪੱਖ-ਵਿਰੋਧ 'ਚ ਕੀਤੀਆਂ ਜਾ ਰਹੀਆਂ ਬਹਿਸਾਂ ਅਤੇ ਉਨ੍ਹਾਂ ਦੀਆਂ ਕਿਸਮਾਂ ਦੀ ਕੋਈ ਹੱਦ ਨਹੀਂ ਹੈ ਪਰ ਇਸ ਦਾ ਇਕ ਪਹਿਲੂ ਅਜਿਹਾ ਹੈ ਜਿਸ ਦੀ ਨਾ ਕੋਈ ਖਾਸ ਚਰਚਾ ਹੈ ਅਤੇ ਨਾ ਹੀ ਉਸ ਨਾਲ ਸੰਬੰਧਿਤ ਪੱਖਾਂ ਦੀ ਜ਼ਿੰਮੇਵਾਰੀ ਤੈਅ ਕਰਨ ਦੀ ਕੋਈ ਕੋਸ਼ਿਸ਼ ਹੀ ਨਜ਼ਰ ਆ ਰਹੀ ਹੈ। ਇਹ ਪਹਿਲੂ ਮੀਡੀਆ ਦਾ ਹੈ।*

ਮੀਡੀਆ ਦੇ ਇਕ ਵੱਡੇ ਹਿੱਸੇ ਅਤੇ ਭਾਰਤੀ ਜਨਤਾ ਪਾਰਟੀ ਸਮਰਥਕ ਬੁੱਧੀਜੀਵੀਆਂ ਨੇ ਨੂਪੁਰ ਸ਼ਰਮਾ-ਨਵੀਨ ਜਿੰਦਲ ਮਾਮਲੇ 'ਚ ਉਠੇ ਸਵਾਲਾਂ 'ਤੇ ਚਰਚਾ ਕਰਨ ਦੀ ਬਜਾਇ ਮੁਸਲਮਾਨਾਂ ਵਲੋਂ ਕੀਤੇ ਗਏ ਹਮਲਾਵਰ ਪ੍ਰਦਰਸ਼ਨਾਂ 'ਤੇ ਆਲੋਚਨਾਤਮਿਕ ਟਿੱਪਣੀਆਂ ਕਰਨ ਨੂੰ ਤਰਜੀਹ ਦਿੱਤੀ ਹੈ। ਉਹ ਇਹ ਸਵਾਲ ਵੀ ਪੁੱਛ ਰਹੇ ਹਨ ਕਿ ਜਿਨ੍ਹਾਂ ਇਸਲਾਮਿਕ ਦੇਸ਼ਾਂ ਦਾ ਖੁਦ ਦਾ ਰਵੱਈਆ ਲੋਕਤੰਤਰਿਕ ਨਹੀਂ ਹੈ, ਉਨ੍ਹਾਂ ਨੂੰ ਭਾਰਤ 'ਤੇ ਉਂਗਲ ਚੁੱਕਣ ਦਾ ਹੱਕ ਕਿਸ ਨੇ ਦਿੱਤਾ? ਪਰ ਅਜਿਹਾ ਕਰਨ ਸਮੇਂ ਉਹ ਇਹ ਭੁੱਲ ਰਹੇ ਹਨ ਕਿ ਖਾੜੀ ਦੇਸ਼ਾਂ ਦੇ ਇਨ੍ਹਾਂ ਸ਼ੇਖਾਂ ਦੇ ਨਾਲ ਚੰਗੇ ਸੰਬੰਧ ਬਣਾਉਣ ਸਮੇਂ ਭਾਰਤ ਸਰਕਾਰ ਨੇ ਉਨ੍ਹਾਂ ਦੀ ਲੋਕਤੰਤਰਿਕ ਪਛਾਣ ਨੂੰ ਪਹਿਲ ਨਹੀਂ ਦਿੱਤੀ ਸੀ।

ਦੂਜਾ ਇਹ ਲੋਕ ਇਹ ਵੀ ਨਹੀਂ ਦੇਖ ਰਹੇ ਕਿ ਨੂਪੁਰ-ਨਵੀਨ ਮਾਮਲੇ 'ਤੇ ਧਿਆਨ ਹਟਾਉਣ

**ਅਭੈ ਕੁਮਾਰ ਦੂਬੇ**

ਦੀ ਉਨ੍ਹਾਂ ਦੀ ਇਹ ਕੋਸ਼ਿਸ਼ ਭਾਰਤ ਦੇ ਆਮ ਜੀਵਨ 'ਚ ਪਿਛਲੇ ਦਿਨੀਂ ਆਏ ਵਿਗਾੜ ਨੂੰ ਹੋਰ ਉਤਸ਼ਾਹਿਤ ਕਰਨ ਵਾਲੀ ਸਾਬਤ ਹੋਵੇਗੀ। ਅੱਜ ਦਾ ਭਾਰਤੀ ਮੀਡੀਆ ਆਤਮ-ਕੰਟਰੋਲ ਅਤੇ ਵਾਕ-ਸੰਜਮ ਵਰਗੇ ਗੁਣਾਂ ਤੋਂ ਪੂਰੀ ਤਰ੍ਹਾਂ ਵਾਂਝਾ ਦਿਖਾਈ ਦੇ ਰਿਹਾ ਹੈ। ਹੋਰ ਤਾਂ ਹੋਰ ਆਮ ਜੀਵਨ 'ਚ ਘੱਟ ਗਿਣਤੀਆਂ ਦਾ ਰਾਕਸ਼ੀਕਰਨ ਕਰਨ ਦੀ ਬਿਰਤੀ ਸਿਰ ਚੜ੍ਹ ਕੇ ਬੋਲ ਰਹੀ ਹੈ। ਹਿੰਦੂਤਵਵਾਦੀ ਤਾਕਤਾਂ ਅਤੇ ਮੀਡੀਆ ਆਪਸ 'ਚ ਗੱਠਜੋੜ ਕਰਕੇ ਹਿੰਦੂਆਂ ਦੀ ਪ੍ਰਤੀਕਿਰਿਆਤਮਿਕ ਗੋਲਬੰਦੀ ਨੂੰ ਉਤਸ਼ਾਹਿਤ ਕਰ ਰਹੇ ਹਨ।

ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਨੂਪੁਰ-ਨਵੀਨ ਮਾਮਲੇ ਨੇ ਭਾਰਤੀ ਜਨਤਾ ਪਾਰਟੀ, ਸਰਕਾਰ ਅਤੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ। ਆਮ ਜੀਵਨ 'ਚ ਇਸ ਦੇ ਪੱਖ-ਵਿਰੋਧ 'ਚ ਕੀਤੀਆਂ ਜਾ ਰਹੀਆਂ ਬਹਿਸਾਂ ਅਤੇ ਉਨ੍ਹਾਂ ਦੀਆਂ ਕਿਸਮਾਂ ਦੀ ਕੋਈ ਹੱਦ ਨਹੀਂ ਹੈ। ਪਰ ਇਸ ਦਾ ਇਕ ਪਹਿਲੂ ਅਜਿਹਾ ਹੈ, ਜਿਸ ਦੀ ਨਾ ਕੋਈ ਖਾਸ ਚਰਚਾ ਹੈ ਅਤੇ ਨਾ ਹੀ ਉਸ ਨਾਲ ਸੰਬੰਧਿਤ ਪੱਖਾਂ ਦੀ ਜ਼ਿੰਮੇਵਾਰੀ ਤੈਅ ਕਰਨ ਦੀ ਕੋਈ ਕੋਸ਼ਿਸ਼ ਹੀ ਨਜ਼ਰ ਆ ਰਹੀ ਹੈ। ਇਹ ਹੈ ਮੀਡੀਆ ਦਾ ਪਹਿਲੂ। ਇਹ ਬੜੇ ਹੀ ਸੌਖੇ ਢੰਗ ਨਾਲ ਭੁਲਾ ਦਿੱਤਾ ਜਾ ਰਿਹਾ ਹੈ ਕਿ ਨੂਪੁਰ ਸ਼ਰਮਾ ਵਲੋਂ ਦਿੱਤਾ ਗਿਆ ਇਤਰਾਜ਼ਯੋਗ ਬਿਆਨ ਇਕ ਮੀਡੀਆ ਮੰਚ 'ਤੇ ਦਿੱਤਾ ਗਿਆ ਸੀ। ਇਸ ਮੰਚ 'ਤੇ ਹੋ ਰਹੀ ਬਹਿਸ ਦਾ ਸੰਚਾਲਨ ਇਕ ਤਜਰਬੇਕਾਰ ਅਤੇ ਸੀਨੀਅਰ ਮਹਿਲਾ ਐਂਕਰ ਦੇ ਹੱਥ 'ਚ ਸੀ। ਜੇਕਰ ਉਸ ਐਂਕਰ ਨੇ ਉਸੇ ਵਕਤ ਇਤਰਾਜ਼ਯੋਗ ਟਿੱਪਣੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਹੁੰਦੀ ਅਤੇ ਉਸ 'ਤੇ ਖੇਦ ਜਤਾਇਆ ਹੁੰਦਾ ਜਾਂ ਬਿਆਨ ਦਿੱਤੇ ਜਾਣ ਤੋਂ ਬਾਅਦ ਵੀ ਟੀ.ਵੀ. ਚੈਨਲ ਵਲੋਂ ਅਧਿਕਾਰਤ ਤੌਰ 'ਤੇ ਉਸ ਨੂੰ ਵਾਪਸ ਲੈ ਲਿਆ ਹੁੰਦਾ ਤਾਂ ਸ਼ਾਇਦ ਇਸਲਾਮਿਕ ਦੇਸ਼ਾਂ ਵਲੋਂ ਐਨੀ ਤਿੱਖੀ ਪ੍ਰਤੀਕਿਰਿਆ ਨਾ ਹੁੰਦੀ।

ਸਵਾਲ ਇਹ ਹੈ ਕਿ ਅਜਿਹਾ ਕਿਉਂ ਨਹੀਂ ਕੀਤਾ ਗਿਆ? ਇਸ ਲਈ ਕਿ ਉਸ ਟੀ.ਵੀ. ਐਂਕਰ ਦੇ ਕੋਲ ਅਜਿਹੀਆਂ ਕੋਈ ਨੈਤਿਕ ਕਦਰਾਂ-ਕੀਮਤਾਂ ਨਹੀਂ ਸਨ, ਜਿਸ ਦੇ ਸੰਜਮ ਤਹਿਤ ਉਸ ਦੀ ਅਜਿਹਾ ਕਰਨ ਦੀ ਕੋਈ ਮਜਬੂਰੀ ਹੁੰਦੀ। ਸਮਝਣ ਦੀ ਗੱਲ ਇਹ ਹੈ ਕਿ ਅਸਲੀਅਤ ਇਸ ਦੇ ਠੀਕ ਉਲਟੀ ਸੀ। ਟੀ.ਵੀ. 'ਤੇ ਹੋਣ ਵਾਲੀਆਂ ਸਿਆਸੀ ਬਹਿਸਾਂ ਦੇ ਸ਼ੀਸ਼ੇ 'ਚ ਦੇਖਣ 'ਤੇ ਸਾਫ ਹੋ ਜਾਂਦਾ ਹੈ ਕਿ ਇਸ ਜ਼ਹਿਰੀਲੀ ਬਹਿਸ ਨੂੰ ਹੋਣ ਦੇ ਕੇ ਉਹ ਟੀ.ਵੀ. ਐਂਕਰ ਮਨ ਹੀ ਮਨ ਆਪਣੀ ਪਿੱਠ ਥਪ-ਥਪਾ ਰਹੀ ਹੋਵੇਗੀ।

ਇਸ ਤਰ੍ਹਾਂ ਦੀ ਇਹ ਪਹਿਲੀ ਬਹਿਸ ਨਹੀਂ ਸੀ। ਠੀਕ ਇਸੇ ਤਰ੍ਹਾਂ ਦੀ ਨਾ ਸਹੀ, ਪਰ ਇਸ ਨਾਲ ਮਿਲਦੀਆਂ-ਜੁਲਦੀਆਂ ਪਤਾ ਨਹੀਂ ਕਿੰਨੀਆਂ ਹੀ ਬਹਿਸਾਂ ਖਬਰਾਂ ਵਾਲੇ ਚੈਨਲਾਂ 'ਤੇ ਪਿਛਲੇ ਅੱਠ ਸਾਲਾਂ ਤੋਂ ਅਕਸਰ ਕਰਵਾਈਆਂ ਜਾ ਰਹੀਆਂ ਹਨ। ਇਸ ਦੌਰਾਨ ਸਮੇਂ-ਸਮੇਂ 'ਤੇ ਭਗਵੇਂ ਵਸਤਰਧਾਰੀ ਨਵੇਂ-ਨਵੇਂ ਸਾਧੂ ਅਤੇ




ਸਾਧਵੀਆਂ ਇਨ੍ਹਾਂ ਚੈਨਲਾਂ 'ਤੇ ਆਉਂਦੀਆਂ ਰਹਿੰਦੀਆਂ ਹਨ। ਉਨ੍ਹਾਂ ਦਾ ਮੁਕਾਬਲਾ ਕਰਨ ਲਈ ਗੋਲ ਟੋਪੀਧਾਰੀ ਮੌਲਵੀ ਲੱਗਣ ਵਾਲੇ ਲੋਕ ਤੈਨਾਤ ਕੀਤੇ ਜਾਂਦੇ ਹਨ। ਇਨ੍ਹਾਂ ਦਾ ਹਿੰਦੂ ਅਧਿਆਤਮ ਜਾਂ ਇਸਲਾਮਿਕ ਅਧਿਆਤਮ ਨਾਲ ਕੋਈ ਸੰਬੰਧ ਨਹੀਂ ਹੁੰਦਾ। ਉਕਸਾਵੇ-ਭਰੀ, ਇਕ-ਦੂਜੇ ਦੀਆਂ ਭਾਵਨਾਵਾਂ ਨੂੰ ਦੁਖੀ ਕਰਨ ਵਾਲੀ ਭਾਸ਼ਾ ਬੋਲਣ ਵਾਲੇ ਇਨ੍ਹਾਂ ਟੀ.ਵੀ. ਯੋਧਿਆਂ ਨੂੰ ਐਂਕਰਾਂ ਵਲੋਂ ਮੁਰਗਿਆਂ ਵਾਂਗ ਲੜਾਇਆ ਜਾਂਦਾ ਹੈ। ਮੋਦੀ ਸਰਕਾਰ ਦੇ ਵਿਦੇਸ਼ ਮੰਤਰਾਲੇ ਨੇ ਇਸਲਾਮਿਕ ਦੇਸ਼ਾਂ ਨੂੰ ਸਫਾਈ ਦਿੰਦਿਆਂ ਇਸ ਤਰ੍ਹਾਂ ਦੇ ਬਿਆਨਾਂ ਨੂੰ 'ਫਰਿੰਜ ਐਲੀਮੈਂਟਸ' (ਗੈਰ-ਸਮਾਜਿਕ ਤੱਤਾਂ) ਦੀ ਕਾਰਸਤਾਨੀ ਕਰਾਰ ਦਿੱਤਾ ਹੈ ਪਰ ਟੀ.ਵੀ. ਚੈਨਲਾਂ ਦੀਆਂ ਬਹਿਸਾਂ 'ਚ ਇਹ 'ਫਰਿੰਜ ਐਲੀਮੈਂਟ' ਲਗਾਤਾਰ 'ਮੇਨਸਟ੍ਰੀਮਿੰਗ' (ਮੁੱਖ ਧਾਰਾ 'ਚ ਲਿਆਉਣ) ਦੀ ਪ੍ਰਕਿਰਿਆ 'ਚੋਂ ਲੰਘਦੇ ਰਹਿੰਦੇ ਹਨ। ਐਂਕਰਾਂ ਦਾ ਕੰਮ 'ਫਰਿੰਜ' ਦੀ 'ਮੇਨਸਟ੍ਰੀਮਿੰਗ' ਕਰਨਾ ਹੋ ਗਿਆ ਹੈ ਅਤੇ ਜਿਨ੍ਹਾਂ ਸਿਆਸੀ ਸ਼ਕਤੀਆਂ ਨੂੰ ਮੀਡੀਆ ਮੰਚਾਂ 'ਤੇ ਚੱਲ ਰਹੀਆਂ ਇਨ੍ਹਾਂ ਸਰਗਰਮੀਆਂ ਨਾਲ ਲਾਭ ਹੁੰਦਾ ਹੈ, ਉਹ ਕਦੇ ਚੁੱਪਚਾਪ ਅਤੇ ਕਦੇ ਸਪੱਸ਼ਟ ਅੰਦਾਜ਼ ਨਾਲ ਇਸ ਦਾ ਅਨੰਦ ਲੈਂਦੀਆਂ ਹਨ।

ਸਵਾਲ ਕੁਝ ਹੋਰ ਵੀ ਹਨ ਜੋ ਨਹੀਂ ਪੁੱਛੇ ਜਾ ਰਹੇ। ਭਾਵ ਕੀ ਸੱਤਾਧਾਰੀ ਪਾਰਟੀ ਦੇ ਕੌਮੀ ਬੁਲਾਰੇ ਅਤੇ ਦਿੱਲੀ ਰਾਜ ਦੇ ਮੀਡੀਆ ਸੈੱਲ ਦੇ ਇੰਚਾਰਜ ਨੂੰ 'ਫਰਿੰਜ' ਦੀ ਸ਼੍ਰੇਣੀ 'ਚ ਮੰਨਿਆ ਜਾ ਸਕਦਾ ਹੈ? ਨਿਸ਼ਚਿਤ ਤੌਰ 'ਤੇ ਇਹ ਲੋਕ 'ਫਰਿੰਜ' ਨਹੀਂ, ਸਗੋਂ 'ਮੇਨਸਟ੍ਰੀਮ' ਹਨ। ਇਸ ਦਾ ਸਬੂਤ ਖੁਦ ਭਾਰਤੀ ਜਨਤਾ ਪਾਰਟੀ ਵਲੋਂ ਮੁਹੱਈਆ ਕਰਵਾਏ ਅੰਕੜਿਆਂ ਨੇ ਦਿੱਤਾ ਹੈ।

*ਭਾਜਪਾ ਸੰਗਠਿਤ ਅਤੇ ਕੇਂਦਰੀ ਕੰਟਰੋਲ ਤਹਿਤ ਚੱਲਣ ਵਾਲੀ ਪਾਰਟੀ ਹੈ। ਉਸ ਦਾ ਮੀਡੀਆ ਸੈੱਲ ਰੋਜ਼ ਤੈਅ ਕਰਦਾ ਹੈ ਕਿ ਕਿਹੜਾ ਬੁਲਾਰਾ ਕਿਸ ਚੈਨਲ 'ਤੇ ਜਾਵੇਗਾ, ਕਿਸ ਸਮੱਸਿਆ 'ਤੇ ਬਹਿਸ ਕਰੇਗਾ ਅਤੇ ਕੀ ਤਰਕ ਦੇਵੇਗਾ। ਸਭ ਕੁਝ ਨਿਰਦੇਸ਼ਿਤ ਹੁੰਦਾ ਹੈ। ਕਾਂਗਰਸ ਵਾਂਗ ਉਸ ਦੇ ਕਿਸੇ ਨੇਤਾ ਜਾਂ ਵਰਕਰ ਦੀ ਐਨੀ ਮਜ਼ਾਲ ਨਹੀਂ ਹੋ ਸਕਦੀ ਕਿ ਉਹ ਹਦਾਇਤਾਂ ਖਿਲਾਫ ਜਾ ਕੇ ਮਨਮਰਜ਼ੀ ਦਾ ਬਿਆਨ ਦੇ ਸਕੇ। ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦੀ ਅਗਵਾਈ 'ਚ ਹਾਈਕਮਾਨ ਦਾ ਅਧਿਕਾਰ ਸਪੱਸ਼ਟ ਹੈ।*

ਜਦੋਂ ਨੂਪੁਰ-ਨਵੀਨ ਮਾਮਲੇ 'ਤੇ ਹੋਏ ਵਿਵਾਦ ਦਾ ਪੱਧਰ ਅੰਤਰਰਾਸ਼ਟਰੀ ਹੋ ਗਿਆ, ਤਾਂ ਪਾਰਟੀ ਨੇ ਆਈ.ਟੀ. ਸੈੱਲ ਮਾਹਿਰਾਂ ਦੀ ਮਦਦ ਨਾਲ ਜਾਂਚ-ਪੜਤਾਲ ਕੀਤੀ। ਸਤੰਬਰ, 2014 ਤੋਂ 3 ਮਈ, 2022 ਦਰਮਿਆਨ ਪਾਰਟੀ ਦੇ 38 ਬੁਲਾਰਿਆਂ, ਸੰਸਦ ਮੈਂਬਰਾਂ, ਵਿਧਾਇਕਾਂ, ਮੰਤਰੀਆਂ ਅਤੇ ਹੋਰ ਨੇਤਾਵਾਂ ਨੇ 5200 ਇਤਰਾਜ਼ਯੋਗ ਬਿਆਨ ਦਿੱਤੇ, ਜਿਸ ਨਾਲ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜੀ। ਭਾਵ, ਇਹ ਸਿਲਸਿਲਾ ਲਗਾਤਾਰ ਜਾਰੀ ਹੈ ਅਤੇ ਹਰ ਮਹੀਨੇ 54 ਤੋਂ ਜ਼ਿਆਦਾ ਵਾਰ ਇਸ ਤਰ੍ਹਾਂ ਦੀ ਭਾਸ਼ਾ ਦੀ ਵਰਤੋਂ ਕੀਤੀ ਜਾ ਰਹੀ ਹੈ। ਮੈਨੂੰ ਤਾਂ ਲਗਦਾ ਹੈ ਕਿ ਜੇਕਰ ਇਸ ਵਾਰ ਇਸਲਾਮਿਕ ਦੇਸ਼ ਤਿੱਖੀ ਪ੍ਰਤੀਕਿਰਿਆ ਨਾ ਦਿੰਦੇ ਤਾਂ ਹੋ ਸਕਦਾ ਹੈ ਕਿ ਨੂਪੁਰ-ਨਵੀਨ ਦੀ ਜੋੜੀ ਇਸ ਸਮੇਂ ਭਾਜਪਾ ਦੀ ਅੰਦਰੂਨੀ ਸਿਆਸਤ 'ਚ ਆਪਣੀ ਤਰੱਕੀ ਦੀ ਉਮੀਦ ਕਰ ਰਹੀ ਹੁੰਦੀ। ਇਹ 38 ਲੋਕ ਕਿਸੇ ਅਣਪਛਾਤੇ ਕੁਲ-ਸ਼ੀਲ ਹਿੰਦੂ ਸੰਗਠਨ ਦੇ ਮੈਂਬਰ ਨਹੀਂ ਹਨ। ਇਹ ਭਾਜਪਾ ਦੇ ਨੇਤਾ, ਜਨ ਪ੍ਰਤੀਨਿਧੀ ਅਤੇ ਅਹੁਦੇਦਾਰ ਹਨ।

ਭਾਜਪਾ ਇਕ ਸੰਗਠਿਤ ਅਤੇ ਕੇਂਦਰੀ ਕੰਟਰੋਲ ਤਹਿਤ ਚੱਲਣ ਵਾਲੀ ਪਾਰਟੀ ਹੈ। ਉਸ ਦਾ ਮੀਡੀਆ ਸੈੱਲ ਰੋਜ਼ ਤੈਅ ਕਰਦਾ ਹੈ ਕਿ ਕਿਹੜਾ ਬੁਲਾਰਾ ਕਿਸ ਚੈਨਲ 'ਤੇ ਜਾਵੇਗਾ, ਕਿਸ ਸਮੱਸਿਆ 'ਤੇ ਬਹਿਸ ਕਰੇਗਾ ਅਤੇ ਕੀ ਤਰਕ ਦੇਵੇਗਾ। ਸਭ ਕੁਝ ਨਿਰਦੇਸ਼ਿਤ ਹੁੰਦਾ ਹੈ। ਕਾਂਗਰਸ ਵਾਂਗ ਉਸ ਦੇ ਕਿਸੇ ਨੇਤਾ ਜਾਂ ਵਰਕਰ ਦੀ ਐਨੀ ਮਜ਼ਾਲ ਨਹੀਂ ਹੋ ਸਕਦੀ ਕਿ ਉਹ ਹਦਾਇਤਾਂ ਖਿਲਾਫ ਜਾ ਕੇ ਮਨਮਰਜ਼ੀ ਦਾ ਬਿਆਨ ਦੇ ਸਕੇ। ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦੀ ਅਗਵਾਈ 'ਚ ਹਾਈਕਮਾਨ ਦਾ ਅਧਿਕਾਰ ਸਪੱਸ਼ਟ ਹੈ। ਉਧਰ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਆਪਣੇ ਕਈ ਬਿਆਨਾਂ 'ਚ ਮੁਸਲਮਾਨ ਸਮਾਜ ਦੀ ਦੇਸ਼ ਭਗਤੀ ਦਰਸਾ ਚੁੱਕੇ ਹਨ। ਅਜੇ ਹਾਲ ਹੀ 'ਚ ਉਨ੍ਹਾਂ ਨੇ 'ਝਗੜਾ ਕਿਉਂ ਵਧਾਉਣ' ਅਤੇ 'ਹਰ ਮਸਜਿਦ ਦੇ ਹੇਠਾਂ ਸ਼ਿਵਲਿੰਗ ਕਿਉਂ ਲੱਭਣਾ' ਵਰਗੇ ਬਿਆਨ ਦਿੱਤੇ ਸਨ। ਮੋਦੀ ਅਤੇ ਭਾਗਵਤ ਦੀ ਐਨੀ ਜ਼ਬਰਦਸਤ 'ਅਥਾਰਟੀ' ਪਾਰਟੀ ਅਤੇ ਸੰਘ ਦੇ ਤੱਤਾਂ ਨੂੰ ਰੋਕਣ ਲਈ ਕਾਫੀ ਕਿਉਂ ਨਹੀਂ ਹੈ?

ਭਾਜਪਾ ਚਾਹੇ ਤਾਂ ਇਸ ਸੰਕਟ ਨੂੰ ਮੌਕਿਆਂ 'ਚ ਬਦਲ ਕੇ ਆਪਣੇ ਨੇਤਾਵਾਂ ਅਤੇ ਬੁਲਾਰਿਆਂ ਦੀ ਭਾਸ਼ਾ 'ਤੇ ਰੋਕ ਲਗਾ ਸਕਦੀ ਹੈ। ਇਸ ਨਾਲ ਮੋਦੀ ਸਰਕਾਰ ਨੂੰ ਲਾਭ ਹੀ ਹੋਵੇਗਾ। ਮੋਦੀ ਨੇ ਖਾੜੀ ਦੇਸ਼ਾਂ ਦੇ ਨਾਲ ਭਾਰਤ ਦੇ ਸੰਬੰਧ ਬਿਹਤਰ ਕਰਨ ਦੀ ਪ੍ਰਕਿਰਿਆ 'ਚ ਨਿੱਜੀ ਪੱਧਰ 'ਤੇ ਆਪਣੇ ਮਾਣ ਦਾ ਨਿਵੇਸ਼ ਕੀਤਾ ਸੀ। ਯਕੀਨਨ ਉਨ੍ਹਾਂ ਦੀ ਇਸ ਕੋਸ਼ਿਸ਼ ਨੂੰ ਸੱਟ ਵੱਜੀ ਹੈ, ਪਰ ਅੱਗੇ ਚੱਲ ਕੇ ਉਹ ਇਸ ਨੁਕਸਾਨ ਨੂੰ ਫਾਇਦੇ 'ਚ ਬਦਲ ਸਕਦੇ ਹਨ। ਸ਼ਰਤ ਇਹ ਹੈ ਕਿ 'ਵਾਕ-ਸੰਜਮ' ਹਕੀਕਤ 'ਚ ਹੋਵੇ।

ਦੂਜੇ ਪਾਸੇ ਮੀਡੀਆ ਸੰਸਥਾਵਾਂ, ਖਾਸਕਰ ਇਲੈਕਟ੍ਰਾਨਿਕ ਮੀਡੀਆ ਵੀ ਜੇਕਰ ਚਾਹੇ ਤਾਂ ਇਸ ਸੰਕਟ ਤੋਂ ਸਬਕ ਸਿੱਖ ਕੇ ਆਪਣੇ ਕੰਮਕਾਜ ਨੂੰ ਨਿਯਮਤ ਕਰਨ ਵਾਲੇ ਕੋਡ ਬਣਾ ਸਕਦੀਆਂ ਹਨ। ਇਸ ਦਾ ਮਤਲਬ ਇਹ ਹਰਗਿਜ਼ ਨਹੀਂ ਹੈ ਕਿ ਮੀਡੀਆ-ਸੰਚਾਲਕ ਐਂਕਰਾਂ ਦੀ ਕੰਮਕਾਜੀ ਆਜ਼ਾਦੀ ਖੋਹ ਲਏ। ਕਿਸੇ ਵੀ ਤਰ੍ਹਾਂ ਦਾ ਸੰਜਮ ਕਿਸੇ ਵੀ ਤਰ੍ਹਾਂ ਦੀ ਆਜ਼ਾਦੀ ਦੀ ਉਲੰਘਣਾ ਕਰਨ ਵਾਲਾ ਨਹੀਂ ਹੋ ਸਕਦਾ। ਬਹਿਸ 'ਚ ਕੁਝ ਸਮੀਖਿਅਕਾਂ ਅਤੇ ਬੁਲਾਰਿਆਂ ਲਈ ਲਛਮਣ-ਰੇਖਾ ਖਿੱਚਣਾ ਐਂਕਰ ਦੇ ਫਰਜ਼ਾਂ 'ਚ ਸ਼ਾਮਿਲ ਕਰ ਦੇਣਾ ਜ਼ਰੂਰੀ ਹੈ। ਐਂਕਰ ਹੀ ਉਹ 'ਫਿਲਟਰ' ਹੈ, ਜਿਸ ਤੋਂ ਛਣ ਕੇ ਟੀ.ਵੀ. ਦੀ ਬਹਿਸ ਦਰਸ਼ਕਾਂ-ਸਰੋਤਿਆਂ ਤੱਕ ਪਹੁੰਚਣੀ ਚਾਹੀਦੀ ਹੈ।

**ਨਫਰਤ ਭੜਕਾਊ ਸੰਘ ਬ੍ਰਿਗੇਡ ਦੇ ਬੁਲਾਰਿਆਂ ਨੂਪੁਰ ਸ਼ਰਮਾ ਅਤੇ ਨਵੀਨ ਜਿੰਦਲ ਵੱਲੋਂ ਪੈਗੰਬਰ ਮੁਹੰਮਦ ਬਾਰੇ ਜੋ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਗਈਆਂ ਸਨ ਉਨ੍ਹਾਂ ਨੂੰ ਲੈ ਕੇ ਮੁਸਲਿਮ ਭਾਈਚਾਰੇ ਵਿਚ ਬੇਹੱਦ ਗੁੱਸਾ ਹੈ। ਨਫਰਤ ਭੜਕਾਊ ਸਿਆਸਤ ਵਿਰੁੱਧ 10 ਜੂਨ ਨੂੰ ਜੁੰਮੇ ਦੇ ਦਿਨ ਉੱਤਰ ਪ੍ਰਦੇਸ਼ ਸਮੇਤ ਪੂਰੇ ਮੁਲਕ ਵਿਚ ਮੁਸਲਮਾਨ ਭਾਈਚਾਰੇ ਨੇ ਜੋ ਵਿਆਪਕ ਰੋਸ ਮੁਜ਼ਾਹਰੇ ਕੀਤੇ, ਉਨ੍ਹਾਂ ਤੋਂ ਸੰਘ ਬ੍ਰਿਗੇਡ ਬਹੁਤ ਜ਼ਿਆਦਾ ਬੌਖਲਾ ਗਿਆ। ਕੁਝ ਥਾਵਾਂ 'ਤੇ ਮਾਮੂਲੀ ਹਿੰਸਾ ਵੀ ਹੋਈ, ਅਲਾਹਾਬਾਦ ਦੇ ਇਕ ਇਲਾਕੇ 'ਚ ਮੁਜ਼ਾਹਰਾਕਾਰੀਆਂ ਨੇ ਪੁਲਿਸ ਉੱਪਰ ਪਥਰਾਓ ਕੀਤਾ। ਇਹ ਸਾਧਾਰਨ ਪ੍ਰਤੀਕਰਮ ਸੀ। ਮਹੰਤ ਆਦਿੱਤਿਆਨਾਥ ਸਰਕਾਰ ਨੇ ਇਸ ਕਥਿਤ ਹਿੰਸਾ ਦੇ ਬਹਾਨੇ ਘੱਟਗਿਣਤੀ ਮੁਸਲਿਮ ਭਾਈਚਾਰੇ ਦੇ ਉਨ੍ਹਾਂ ਆਗੂਆਂ ਦੇ ਘਰ ਤੋੜਨੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਨੇ ਨਾਗਰਿਕਤਾ ਸੋਧ ਕਾਨੂੰਨ ਅਤੇ ਨਾਗਰਿਕ ਰਜਿਸਟਰ ਦੀ ਭਗਵੀਂ ਫਿਰਕਾਪ੍ਰਸਤ ਸਾਜ਼ਿਸ਼ ਵਿਰੁੱਧ ਅੰਦੋਲਨ ਵਿਚ ਆਗੂ ਭੂਮਿਕਾ ਨਿਭਾਈ ਸੀ। ਜਾਵੇਦ ਨੂੰ ਮੁੱਖ ਸਾਜ਼ਿਸ਼ਘਾੜਾ ਕਰਾਰ ਦੇ ਕੇ ਉਸ ਘਰ ਉੱਪਰ ਬੁਲਡੋਜ਼ਰ ਚਲਾ ਦਿੱਤਾ ਗਿਆ ਜੋ ਉਸ ਦੇ ਨਾਮ ਵੀ ਨਹੀਂ ਹੈ। ਇਹ ਜਾਵੇਦ ਦੀ ਪਤਨੀ ਦੇ ਨਾਮ ਹੈ ਪਰ ਨੋਟਿਸ ਉਸ ਦੀ ਬਜਾਇ ਜਾਵੇਦ ਦੇ ਨਾਮ 'ਤੇ ਜਾਰੀ ਕਰਨਾ ਆਪਣੇ ਆਪ ਵਿਚ ਹੀ ਗ਼ੈਰ-ਕਾਨੂੰਨੀ ਹੈ। ਘਰ ਢਾਹਿਆ ਵੀ ਉਦੋਂ ਗਿਆ ਜਦੋਂ ਪਰਿਵਾਰ ਪੁਲਿਸ ਹਿਰਾਸਤ 'ਚ ਹੈ।**

# ਬੁਲਡੋਜ਼ਰ ਰਾਜ ਦਾ 'ਨਿਆਂ': ਮਜ਼ਲੂਮਾਂ ਨੂੰ ਸਜ਼ਾਵਾਂ

**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

ਕਾਨਪੁਰ ਅਤੇ ਸਹਾਰਨਪੁਰ ਦੇ ਮੁਸਲਮਾਨ ਘਰਾਂ ਉੱਪਰ ਬੁਲਡੋਜ਼ਰ ਚਲਾ ਕੇ ਯੂ.ਪੀ. ਦੀ ਮਹੰਤ ਅਦਿੱਤਿਆਨਾਥ ਸਰਕਾਰ ਦੀ ਮੁਸਲਮਾਨ ਵਿਰੋਧੀ ਬਦਲਾਖੋਰ ਜ਼ਿਹਨੀਅਤ ਸੰਤੁਸ਼ਟ ਨਹੀਂ ਹੋਈ। ਹੁਣ ਹਿੰਸਾ ਦੇ ਕਥਿਤ ਦੋਸ਼ੀਆਂ ਨੂੰ ਸਬਕ ਸਿਖਾਉਣ ਦੇ ਰਾਜਨੀਤਕ ਹਥਿਆਰ ਬੁਲਡੋਜ਼ਰ ਨੇ 12 ਜੂਨ ਨੂੰ ਅਲਾਹਾਬਾਦ ਦੇ ਮੁਸਲਿਮ ਆਗੂ ਜਾਵੇਦ ਮੁਹੰਮਦ ਦੇ ਘਰ ਨੂੰ ਮਲ਼ਬੇ ਦਾ ਢੇਰ ਬਣਾ ਦਿੱਤਾ।

ਯੂ.ਪੀ. ਪੁਲਿਸ ਅਨੁਸਾਰ ਜਾਵੇਦ 10 ਹੋਰ ਵਿਅਕਤੀਆਂ ਸਮੇਤ ਉਸ ਕਥਿਤ ਹਿੰਸਾ ਦਾ ਮੁੱਖ ਸਾਜ਼ਿਸ਼ਘਾੜਾ ਹੈ ਜੋ ਪੈਗ਼ੰਬਰ ਹਜ਼ਰਤ ਮੁਹੰਮਦ ਬਾਰੇ ਭਾਜਪਾ ਦੇ ਬੁਲਾਰਿਆਂ ਦੀਆਂ ਟਿੱਪਣੀਆਂ ਵਿਰੁੱਧ ਵਿਰੋਧ ਪ੍ਰਦਰਸ਼ਨਾਂ ਦੌਰਾਨ ਅਲਾਹਾਬਾਦ 'ਚ ਹੋਈ। ਜਾਵੇਦ ਵੈਲਫੇਅਰ ਪਾਰਟੀ ਆਫ ਇੰਡੀਆ ਦਾ ਆਗੂ ਅਤੇ ਸੀ.ਏ.ਏ. ਵਿਰੋਧੀ ਪ੍ਰਦਰਸ਼ਨਾਂ ਦਾ ਇਕ ਮੁੱਖ ਚਿਹਰਾ ਰਿਹਾ ਹੈ। ਉਸ ਦੀ ਧੀ ਆਫਰੀਨ ਫਾਤਿਮਾ ਜੇ.ਐੱਨ.ਯੂ. ਦੀ ਵਿਦਿਆਰਥੀ ਆਗੂ ਹੈ ਜੋ ਹਰ ਬੇਇਨਸਾਫੀ ਵਿਰੁੱਧ ਜੂਝਣ ਵਾਲੀ ਬੇਖੌਫ ਆਵਾਜ਼ ਹੈ। ਜਾਵੇਦ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸ ਦੀ ਪਤਨੀ ਅਤੇ ਇਕ ਧੀ ਨੂੰ 30 ਘੰਟੇ ਤੱਕ ਗ਼ੈਰ-ਕਾਨੂੰਨੀ ਤੌਰ 'ਤੇ ਪੁਲਿਸ ਹਿਰਾਸਤ ਵਿਚ ਰੱਖਿਆ ਗਿਆ। ਜਾਵੇਦ ਅਜੇ ਵੀ ਪੁਲਿਸ ਹਿਰਾਸਤ 'ਚ ਹੈ। ਸਰਕਾਰੀ ਰਿਪੋਰਟਾਂ ਅਨੁਸਾਰ ਅਲਾਹਾਬਾਦ 'ਚ 91 ਗ੍ਰਿਫਤਾਰੀਆਂ ਸਮੇਤ ਫਿਰੋਜ਼ਾਬਾਦ, ਅੰਬੇਡਕਰ ਨਗਰ, ਮੁਰਾਦਾਬਾਦ, ਸਹਾਰਨਪੁਰ, ਹਾਥਰਸ, ਅਲੀਗੜ੍ਹ, ਜਾਲੌਨ ਤੋਂ ਹੁਣ ਤੱਕ ਪੌਣੇ ਤਿੰਨ ਸੌ ਦੇ ਕਰੀਬ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜ਼ਾਹਿਰ ਹੈ ਕਿ ਇਨ੍ਹਾਂ ਵਿਚੋਂ ਹੋਰ ਕਥਿਤ ਦੋਸ਼ੀਆਂ ਦੇ ਘਰ ਵੀ ਬੁਲਡੋਜ਼ਰਾਂ ਨਾਲ ਢਾਹੇ ਜਾ ਸਕਦੇ ਹਨ।

ਨਫਰਤ ਭੜਕਾਊ ਸੰਘ ਬ੍ਰਿਗੇਡ ਦੇ ਬੁਲਾਰਿਆਂ ਨੂਪੁਰ ਸ਼ਰਮਾ ਅਤੇ ਨਵੀਨ ਜਿੰਦਲ ਵੱਲੋਂ ਪਿਛਲੇ ਦਿਨੀਂ ਮੁਸਲਿਮ ਜਗਤ ਦੇ ਸਤਿਕਾਰਤ ਪੈਗੰਬਰ ਮੁਹੰਮਦ ਬਾਰੇ ਜੋ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਗਈਆਂ ਸਨ ਉਨ੍ਹਾਂ ਨੂੰ ਲੈ ਕੇ ਮੁਸਲਿਮ ਭਾਈਚਾਰੇ ਵਿਚ ਬੇਹੱਦ ਗੁੱਸਾ ਹੈ। ਨਫਰਤ ਭੜਕਾਊ ਸਿਆਸਤ ਵਿਰੁੱਧ 10 ਜੂਨ ਨੂੰ ਜੁੰਮੇ ਦੇ ਦਿਨ ਉੱਤਰ ਪ੍ਰਦੇਸ਼ ਸਮੇਤ ਪੂਰੇ ਮੁਲਕ ਵਿਚ ਮੁਸਲਮਾਨ ਭਾਈਚਾਰੇ ਨੇ ਜੋ ਵਿਆਪਕ ਰੋਸ ਮੁਜ਼ਾਹਰੇ ਕੀਤੇ, ਉਨ੍ਹਾਂ ਤੋਂ ਸੰਘ ਬ੍ਰਿਗੇਡ ਬਹੁਤ ਜ਼ਿਆਦਾ ਬੌਖਲਾ ਗਿਆ। ਕੁਝ ਥਾਵਾਂ 'ਤੇ ਮਾਮੂਲੀ ਹਿੰਸਾ ਵੀ ਹੋਈ, ਅਲਾਹਾਬਾਦ ਦੇ ਇਕ ਇਲਾਕੇ 'ਚ ਮੁਜ਼ਾਹਰਾਕਾਰੀਆਂ ਨੇ ਪੁਲਿਸ ਉੱਪਰ ਪਥਰਾਓ ਕੀਤਾ। ਇਹ ਸਾਧਾਰਨ ਪ੍ਰਤੀਕਰਮ ਸੀ। ਮਹੰਤ ਆਦਿੱਤਿਆਨਾਥ ਸਰਕਾਰ ਨੇ ਇਸ ਕਥਿਤ ਹਿੰਸਾ ਦੇ ਬਹਾਨੇ ਘੱਟਗਿਣਤੀ ਮੁਸਲਿਮ ਭਾਈਚਾਰੇ ਦੇ ਉਨ੍ਹਾਂ ਆਗੂਆਂ ਦੇ ਘਰ ਤੋੜਨੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਨੇ ਨਾਗਰਿਕਤਾ ਸੋਧ ਕਾਨੂੰਨ ਅਤੇ ਨਾਗਰਿਕ ਰਜਿਸਟਰ ਦੀ ਭਗਵੀਂ ਫਿਰਕਾਪ੍ਰਸਤ ਸਾਜ਼ਿਸ਼ ਵਿਰੁੱਧ ਅੰਦੋਲਨ ਵਿਚ ਆਗੂ ਭੂਮਿਕਾ ਨਿਭਾਈ ਸੀ। ਜਾਵੇਦ ਨੂੰ ਮੁੱਖ ਸਾਜ਼ਿਸ਼ਘਾੜਾ ਕਰਾਰ ਦੇ ਕੇ ਉਸ ਘਰ ਉੱਪਰ ਬੁਲਡੋਜ਼ਰ ਚਲਾ ਦਿੱਤਾ ਗਿਆ ਜੋ ਉਸ ਦੇ ਨਾਮ ਵੀ ਨਹੀਂ ਹੈ। ਇਹ ਜਾਵੇਦ ਦੀ ਪਤਨੀ ਦੇ ਨਾਮ ਹੈ ਪਰ ਨੋਟਿਸ ਉਸ ਦੀ ਬਜਾਇ ਜਾਵੇਦ ਦੇ ਨਾਮ 'ਤੇ ਜਾਰੀ ਕਰਨਾ ਆਪਣੇ ਆਪ ਵਿਚ ਹੀ ਗ਼ੈਰ-ਕਾਨੂੰਨੀ ਹੈ। ਘਰ ਢਾਹਿਆ ਵੀ ਉਦੋਂ ਗਿਆ ਜਦੋਂ ਪਰਿਵਾਰ ਪੁਲਿਸ ਹਿਰਾਸਤ 'ਚ ਹੈ।




*ਜਾਵੇਦ ਮੁਹੰਮਦ ਦੇ ਘਰ ਨੂੰ ਮਲਬੇ ਦਾ ਢੇਰ ਵਿਚ ਬਦਲ ਦਿੱਤਾ ਗਿਆ।*

ਘਰ ਦੀ ਉਸਾਰੀ ਗ਼ੈਰ-ਕਾਨੂੰਨੀ ਐਲਾਨ ਦਿੱਤੀ ਗਈ। ਨੋਟਿਸ ਰਾਤ ਨੂੰ ਜਾਰੀ ਕੀਤਾ ਗਿਆ ਤਾਂ ਜੁ ਪਰਿਵਾਰ ਅਦਾਲਤ ਤੱਕ ਪਹੁੰਚ ਕਰਕੇ ਕਾਨੂੰਨੀ ਚਾਰਾਜੋਈ ਨਾ ਕਰ ਸਕੇ। ਜੇ ਘਰ ਦੀ ਉਸਾਰੀ ਗ਼ੈਰ-ਕਾਨੂੰਨੀ ਸੀ ਤਾਂ ਐਨੇ ਸਾਲਾਂ ਤੋਂ ਮੁਕਾਮੀ ਪ੍ਰਸ਼ਾਸਨ ਅਤੇ ਸਰਕਾਰ ਚੁੱਪ ਕਿਉਂ ਸੀ। ਬਾਕਾਇਦਾ ਪ੍ਰਕਿਰਿਆ ਅਪਣਾਉਣ ਦੀ ਬਜਾਇ ਹੁਣ ਅਚਾਨਕ ਗ਼ੈਰ-ਕਾਨੂੰਨੀ ਤਰੀਕਾ ਅਖਤਿਆਰ ਕਰਨ ਦੀ ਜ਼ਰੂਰਤ ਉਦੋਂ ਹੀ ਕਿਉਂ ਪਈ ਜਦੋਂ ਮੁਸਲਮਾਨ ਘੱਟਗਿਣਤੀ ਰੋਸ ਪ੍ਰਗਟਾਉਣ ਲਈ ਸੜਕਾਂ ਉੱਪਰ ਆਈ ਹੋਈ ਹੈ। ਜਹਾਂਗੀਰਪੁਰੀ (ਦਿੱਲੀ), ਖਰਗੋਨ (ਮੱਧ ਪ੍ਰਦੇਸ਼), ਅਤੇ ਉੱਤਰ ਪ੍ਰਦੇਸ਼ ਦੇ ਸਹਾਰਨਪੁਰ, ਕਾਨਪੁਰ, ਅਲਾਹਾਬਾਦ ਵਿਚ ਇਕ ਸਾਫ ਪੈਟਰਨ ਦੇਖਿਆ ਜਾ ਸਕਦਾ ਹੈ। ਪਹਿਲਾਂ ਹਿੰਸਾ ਦੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਦੇਣ ਦੇ ਹਕੂਮਤੀ ਐਲਾਨ ਕਰਕੇ ਦਹਿਸ਼ਤ ਅਤੇ ਡਰ ਫੈਲਾਓ ਅਤੇ ਆਪਣੇ ਹੱਕ 'ਚ ਬਹੁਗਿਣਤੀ ਫਿਰਕੇ ਦੀ ਰਾਏ ਬਣਾਓ। ਫਿਰ ਕਿਸੇ ਵੀ ਘਟਨਾ ਦੇ ਬਹਾਨੇ ਮੁਸਲਿਮ ਘਰਾਂ-ਦੁਕਾਨਾਂ ਨੂੰ ਗ਼ੈਰ-ਕਾਨੂੰਨੀ ਉਸਾਰੀਆਂ ਕਰਾਰ ਦੇ ਕੇ ਅਚਾਨਕ ਅਣਉਚਿਤ ਤਰੀਕੇ ਨਾਲ ਗ਼ੈਰ-ਕਾਨੂੰਨੀ ਦਾ ਨੋਟਿਸ ਜਾਰੀ ਕਰੋ ਅਤੇ ਪੁਲਿਸ ਫੋਰਸ ਦੇ ਜ਼ੋਰ ਬੁਲਡੋਜ਼ਰ ਚਲਾ ਦਿਓ। ਬੁਲਡੋਜ਼ਰ ਰਾਜ ਦਾ ਅਗਰਦੂਤ ਆਦਿੱਤਿਆਨਾਥ ਜਿਸ ਨੇ 2020 ਦੇ ਸ਼ੁਰੂ 'ਚ ਸੀ.ਏ.ਏ.-ਐੱਨ.ਆਰ.ਸੀ.-ਐੱਨ.ਪੀ.ਆਰ. ਦਾ ਵਿਰੋਧ ਕਰਨ ਵਾਲੇ ਅੰਦੋਲਨਕਾਰੀਆਂ ਦੀਆਂ ਤਸਵੀਰਾਂ ਵਾਲੇ ਹੋਰਡਿੰਗ ਅਤੇ ਪੋਸਟਰ ਜਨਤਕ ਥਾਵਾਂ ਉੱਪਰ ਲਗਵਾ ਕੇ ਫਰਮਾਨ ਜਾਰੀ ਕਰ ਦਿੱਤਾ ਸੀ ਕਿ ਧਰਨੇ-ਪ੍ਰਦਰਸ਼ਨਾਂ ਦੌਰਾਨ ਹੋਏ ਕਥਿਤ ਨੁਕਸਾਨ ਦਾ ਹਰਜਾਨਾ ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕਰਕੇ ਵਸੂਲਿਆ ਜਾਵੇਗਾ। ਹਾਈਕੋਰਟ ਦੇ ਆਦੇਸ਼ 'ਤੇ ਇਹ ਹੋਰਡਿੰਗ ਅਤੇ ਪੋਸਟਰ ਹਟਾਉਣੇ ਪਏ ਅਤੇ ਸੁਪਰੀਮ ਕੋਰਟ ਨੇ ਪ੍ਰਸ਼ਾਸਨ ਨੂੰ ਪ੍ਰਦਰਸ਼ਨਕਾਰੀਆਂ ਤੋਂ ਵਸੂਲੇ ਕਰੋੜਾਂ ਰੁਪਏ ਉਨ੍ਹਾਂ ਨੂੰ ਮੋੜਨ ਦਾ ਆਦੇਸ਼ ਦਿੱਤਾ। ਭਗਵੇਂ ਹੁਕਮਰਾਨ ਅਦਾਲਤੀ ਆਦੇਸ਼ਾਂ ਨੂੰ ਟਿੱਚ ਸਮਝਦੇ ਹਨ, ਹੁਣ ਉਨ੍ਹਾਂ ਨੇ ਬਹਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਕਿ ਉਸਾਰੀਆਂ ਗ਼ੈਰ-ਕਾਨੂੰਨੀ ਹਨ।

ਕਥਿਤ ਹਿੰਸਾ ਕਿਸ ਨੇ ਕੀਤੀ, ਉਸ ਦੇ ਸਾਜ਼ਿਸ਼ ਘਾੜੇ ਕੌਣ ਸਨ, ਇਸ ਦੇ ਸਬੂਤ ਕੀ ਹਨ, ਲਾਏ ਗਏ ਇਲਜ਼ਾਮਾਂ ਨੂੰ ਸਾਬਤ ਕਰਕੇ ਦੋਸ਼ੀ ਨੂੰ ਸਜ਼ਾ ਦੇਣ ਦਾ ਬਾਕਾਇਦਾ ਤੌਰ 'ਤੇ ਸਥਾਪਿਤ ਕਾਨੂੰਨੀ ਤਰੀਕਾ ਹੈ। ਮਹਿਜ਼ ਇਲਜ਼ਾਮ ਲਗਾਉਣ ਨਾਲ ਕੋਈ ਦੋਸ਼ੀ ਸਾਬਤ ਨਹੀਂ ਹੋ ਜਾਂਦਾ ਪਰ ਆਰ.ਐੱਸ.ਐੱਸ.-ਭਾਜਪਾ ਰਾਜ ਨੇ ਕਾਨੂੰਨੀ ਪ੍ਰਕਿਰਿਆ ਰਾਹੀਂ ਦੋਸ਼ ਸਿੱਧ ਕਰਕੇ ਸਜ਼ਾਵਾਂ ਦੇਣ ਦੇ ਉਚਿਤ ਅਮਲ ਦੀਆਂ ਧੱਜੀਆਂ ਉਡਾ ਕੇ ਪੁਲਿਸ ਨੂੰ ਹੀ ਜੱਜ ਬਣਾ ਦਿੱਤਾ ਗਿਆ ਹੈ। ਇਹ ਸਜ਼ਾਵਾਂ ਦੇਣ ਦਾ ਬਦਲਾਲਊ ਫਾਸ਼ੀਵਾਦੀ ਰਸਤਾ ਹੈ। ਆਦਿੱਤਿਆਨਾਥ ਹਿੰਸਾ ਕਰਨ ਵਾਲਿਆਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਦੇਣ ਅਤੇ ਉਨ੍ਹਾਂ ਦੇ ਘਰ ਅਤੇ ਜਾਇਦਾਦਾਂ ਤੋੜਨ ਦੇ ਫਰਮਾਨ ਜਾਰੀ ਕਰ ਰਿਹਾ ਹੈ। ਪੁਲਿਸ ਅਧਿਕਾਰੀਆਂ ਨੇ ਜਾਵੇਦ ਨੂੰ ਹਿੰਸਾ ਦਾ 'ਮਾਸਟਰਮਾਈਂਡ' ਕਰਾਰ ਦਿੱਤਾ ਹੈ। ਜਦਕਿ ਨੋਟਿਸ ਗ਼ੈਰ-ਕਾਨੂੰਨੀ ਉਸਾਰੀ ਦਾ ਜਾਰੀ ਕੀਤਾ ਗਿਆ। ਆਫਰੀਨ ਫਾਤਿਮਾ ਨੇ 11 ਜੂਨ ਦੀ ਰਾਤ ਨੂੰ ਹੀ ਵੀਡੀਓ ਸੰਦੇਸ਼ ਰਾਹੀਂ ਆਪਣਾ ਘਰ ਤੋੜੇ ਜਾਣ ਦਾ ਖਦਸ਼ਾ ਜ਼ਾਹਿਰ ਕੀਤਾ ਸੀ ਜੋ ਅਗਲੇ ਦਿਨ ਸੱਚ ਹੋ ਗਿਆ। ਦਰਅਸਲ, ਹਿੰਸਾ ਦੇ ਮਾਸਟਰ ਮਾਈਂਡ ਦਾ ਪ੍ਰਚਾਰ ਮੁਸਲਮਾਨਾਂ ਵਿਰੁੱਧ ਬਹੁਗਿਣਤੀ ਲੋਕ ਰਾਇ ਤਿਆਰ ਕਰਨ ਲਈ ਕੀਤਾ ਜਾਂਦਾ ਹੈ। ਗ਼ੈਰ-ਕਾਨੂੰਨੀ ਉਸਾਰੀ ਦਾ ਪ੍ਰਚਾਰ ਇਸ ਬਦਲਾਲਊ ਕਾਰਵਾਈ ਉੱਪਰ ਪਰਦਾ ਪਾਉਣ ਦਾ ਸ਼ਾਤਰ ਤਰੀਕਾ ਹੈ।ਇਹ ਕੋਈ ਨਾ ਕੋਈ ਬਹਾਨਾ ਬਣਾ ਕੇ ਘੱਟਗਿਣਤੀ ਮੁਸਲਿਮ ਭਾਈਚਾਰੇ ਦੀ ਆਵਾਜ਼ ਨੂੰ ਦਬਾਉਣ ਅਤੇ ਉਨ੍ਹਾਂ ਨੂੰ ਦਹਿਸ਼ਤਜ਼ਦਾ ਕਰਕੇ ਬਹੁਗਿਣਤੀ ਦੀ ਧੌਂਸ ਰਾਹੀਂ ਉਨ੍ਹਾਂ ਨੂੰ ਬੇਵਸ ਦੋਮ ਦਰਜੇ ਦੇ ਨਾਗਰਿਕ ਬਣਾਉਣ ਦੇ ਭਗਵੇਂ ਪ੍ਰੋਜੈਕਟ ਦਾ ਹਿੱਸਾ ਹੈ। ਯੂ.ਪੀ., ਗੁਜਰਾਤ, ਮੱਧ ਪ੍ਰਦੇਸ਼ ਅਤੇ ਦਿੱਲੀ ਵਿਚ ਬੁਲਡੋਜ਼ਰ ਰਾਜ ਪਹਿਲਾਂ ਹੀ ਬਹੁਤ ਸਾਰੇ ਮੁਸਲਮਾਨਾਂ ਪਰਿਵਾਰਾਂ ਨੂੰ ਆਰਥਿਕ ਤੌਰ 'ਤੇ ਦਰੜ ਚੁੱਕਾ ਹੈ।


ਗੋਦੀ ਮੀਡੀਆ ਸੰਘ ਬ੍ਰਿਗੇਡ ਵੱਲੋਂ ਘੜੇ ਝੂਠੇ ਬਿਰਤਾਂਤ ਨੂੰ ਪ੍ਰਚਾਰਨ 'ਚ ਪਿੱਛੇ ਨਹੀਂ ਰਹਿਣਾ ਚਾਹੁੰਦਾ। ਮੀਡੀਆ ਟਰਾਇਲ ਨੇ ਜਸ਼ਨ ਰਿਪੋਰਟਾਂ ਟੈਲੀਕਾਸਟ ਕੀਤੀਆਂ: 'ਮਾਸਟਰਮਾਈਂਡ ਨੂੰ ਮੁੱਲ ਚੁਕਾਉਣਾ ਪਿਆ', 'ਬੁਲਡੋਜ਼ਰ ਜਸਟਿਸ ਟਾਈਮ', 'ਉਹ ਕਾਰਵਾਈ ਨੂੰ ਭੁੱਲ ਨਹੀਂ ਸਕਣਗੇ', ਮੁੱਖ ਮੰਤਰੀ ਦੀ ਨੋ ਟੌਲਰੈਂਸ ਪਾਲਿਸੀ', 'ਕਾਨਪੁਰ ਕੇ ਬਾਅਦ ਪ੍ਰਯਾਗਰਾਜ ਮੇਂ ਬੁਲਡੋਜ਼ਰ ਐਕਸ਼ਨ', 'ਬੁਲਡੋਜ਼ਰ ਸੇ ਪ੍ਰਹਾਰ, ਯੋਗੀ ਕਾ ਸੰਦੇਸ਼ ਤੈਯਾਰ'। ਨਾਲ ਹੀ ਗੋਦੀ ਮੀਡੀਆ ਦੇ ਐਂਕਰਾਂ ਨੇ ਆਫਰੀਨ ਫਾਤਿਮਾ ਦੀਆਂ ਜੇ.ਐੱਨ.ਯੂ. ਦੀਆਂ ਸਰਗਰਮੀਆਂ ਨੂੰ ਸਨਸਨੀਖੇਜ਼ ਮੁੱਦਾ ਬਣਾ ਕੇ ਇਹ ਝੂਠ ਫੈਲਾਉਣਾ ਸ਼ੁਰੂ ਕਰ ਦਿੱਤਾ ਹੈ ਕਿ ਉਸ ਦੇ ਬਾਰੇ ਹੈਰਤਅੰਗੇਜ਼ ਖੁਲਾਸੇ ਹੋ ਰਹੇ ਹਨ। ਜੱਗ ਜ਼ਾਹਿਰ ਤੱਥਾਂ ਨੂੰ ਖੁਲਾਸੇ ਦੱਸ ਕੇ ਅਲਾਹਾਬਾਦ ਹਿੰਸਾ ਦੀਆਂ ਤਾਰਾਂ ਜੇ.ਐੱਨ.ਯੂ. ਨਾਲ ਜੁੜੀਆਂ ਹੋਣ ਦਾ ਬਿਰਤਾਂਤ ਘੜਿਆ ਜਾ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਆਫਰੀਨ ਸ਼ਾਹੀਨ ਬਾਗ਼ ਮੋਰਚੇ ਵਿਚ ਸਰਗਰਮ ਰਹੀ ਹੈ ਅਤੇ ਉਹ ਸ਼ਰਜ਼ੀਲ ਇਮਾਮ ਦੇ ਸੰਪਰਕ 'ਚ ਸੀ; ਉਹ ਜੇ.ਐੱਨ.ਯੂ. ਵਿਚ ਅਫਜ਼ਲ ਗੁਰੂ ਦੇ ਹੱਕ 'ਚ ਨਾਅਰੇਬਾਜ਼ੀ ਕਰਦੀ ਸੀ ਅਤੇ ਰਾਜਧ੍ਰੋਹੀ ਕਾਰਵਾਈਆਂ 'ਚ ਸ਼ਾਮਿਲ ਸੀ; ਕਿ ਉਹ 'ਟੁਕੜੇ-ਟੁਕੜੇ ਗੈਂਗ' ਦੀ ਤਜਰਬੇਕਾਰ ਮੈਂਬਰ ਹੈ, ਉਸ ਨੇ ਹੀ ਆਪਣੇ ਪਿਤਾ ਨੂੰ ਸਲਾਹ ਦਿੱਤੀ ਹੋਵੇਗੀ ਕਿ ਹਿੰਸਾ ਕਿਵੇਂ ਭੜਕਾਉਣੀ ਹੈ। ਖਦਸ਼ਾ ਇਹ ਹੈ ਕਿ ਜਿਵੇਂ ਉਮਰ ਖਾਲਿਦ, ਦੇਵਾਂਗਨਾ ਕਲੀਤਾ, ਨਤਾਸ਼ਾ ਨਰਵਾਲ ਅਤੇ ਯੂਨੀਵਰਸਿਟੀਆਂ ਦੇ ਹੋਰ ਸਰਗਰਮ ਵਿਦਿਆਰਥੀਆਂ ਨੂੰ ਦਿੱਲੀ ਹਿੰਸਾ ਦਾ ਝੂਠਾ ਸਾਜ਼ਿਸ਼ ਕੇਸ ਬਣਾ ਕੇ ਜੇਲ੍ਹਾਂ ਵਿਚ ਸਾੜਿਆ ਗਿਆ, ਆਉਣ ਵਾਲੇ ਦਿਨਾਂ 'ਚ ਪੁਲਿਸ ਯੂ.ਪੀ. ਦੀਆਂ ਘਟਨਾਵਾਂ ਨੂੰ ਨਵੀਂ ਸਾਜ਼ਿਸ਼ ਕਰਾਰ ਦੇ ਕੇ ਅਤੇ ਆਫਰੀਨ ਫਾਤਿਮਾ ਨੂੰ ਇਸ ਦੀ ਮੁੱਖ ਸਾਜ਼ਿਸ਼ਘਾੜਾ ਬਣਾ ਕੇ ਉਸ ਨੂੰ ਅਤੇ ਹੋਰ ਇਨਸਾਫਪਸੰਦ ਆਵਾਜ਼ਾਂ ਨੂੰ ਵੀ ਜੇਲ੍ਹਾਂ 'ਚ ਡੱਕ ਸਕਦੀ ਹੈ।

ਇਹ ਕਾਰਵਾਈ ਸਪਸ਼ਟ ਤੌਰ 'ਤੇ ਮੁਸਲਿਮ ਵਿਰੋਧੀ ਹੈ। ਜਿੱਥੋਂ ਤੱਕ ਹਿੰਸਾ ਦਾ ਸਵਾਲ ਹੈ, ਸਭ ਤੋਂ ਵੱਧ ਖੂੰਖਾਰ ਹਿੰਸਕ ਤਾਕਤ ਭਾਜਪਾ ਅਤੇ ਇਸ ਦਾ ਸੰਘ ਪਰਿਵਾਰ ਹੈ। ਭਾਜਪਾ ਅਤੇ ਹੋਰ ਹਿੰਦੂਤਵੀ ਜਥੇਬੰਦੀਆਂ ਦੇ ਆਗੂ ਅਤੇ ਬੁਲਾਰੇ ਖੁੱਲ੍ਹੇਆਮ ਨਫਰਤ ਫੈਲਾਉਂਦੇ ਦੇਖੇ ਜਾ ਸਕਦੇ ਹਨ। ਜੇ ਪੈਮਾਨਾ ਹਿੰਸਾ ਦਾ ਯੋਜਨਾਘਾੜਾ ਹੋਣਾ ਅਤੇ ਦਹਿਸ਼ਤਵਾਦ ਦੀ ਹਮਾਇਤ ਹੈ ਤਾਂ ਸਭ ਤੋਂ ਪਹਿਲਾਂ ਕਾਰਵਾਈ ਯਤੀ ਨਰਸਿੰਘਾਨੰਦ ਵਰਗੇ ਉਨ੍ਹਾਂ ਨਕਲੀ ਸੰਤਾਂ-ਮਹੰਤਾਂ ਵਿਰੁੱਧ ਹੋਣੀ ਚਾਹੀਦੀ ਸੀ ਜੋ ਹਿੰਦੂਆਂ ਨੂੰ ਹਥਿਆਰਬੰਦ ਹੋ ਕੇ ਬਦਲਾ ਲੈਣ, ਮੁਸਲਮਾਨਾਂ ਦਾ ਕਤਲੇਆਮ ਕਰਨ ਅਤੇ ਮੁਸਲਮਾਨ ਔਰਤਾਂ ਦੇ ਬਲਾਤਕਾਰ ਕਰਨ ਦੇ ਸੱਦੇ 'ਧਰਮ ਸੰਸਦਾਂ' ਕਰਕੇ ਦਿੰਦੇ ਹਨ। ਇਹ ਸੱਦੇ ਅਕਸਰ ਹੀ ਭਾਜਪਾ ਦੇ ਆਗੂਆਂ ਅਤੇ ਮੰਤਰੀਆਂ ਦੀ ਹਾਜ਼ਰੀ ਅਤੇ ਪੁਲਿਸ ਅਧਿਕਾਰੀਆਂ ਦੀ ਮੌਜੂਦਗੀ 'ਚ ਦਿੱਤੇ ਜਾਂਦੇ ਹਨ। ਫਿਰਕੂ ਨਾਗਰਿਕਤਾ ਸੋਧ ਕਾਨੂੰਨ ਅਤੇ ਨਾਗਰਿਕ ਰਜਿਸਟਰ ਵਿਰੁੱਧ ਜਾਇਜ਼ ਅੰਦੋਲਨਾਂ ਨੂੰ ਕੁਚਲਣ ਲਈ ਭਾਜਪਾ ਦੇ ਆਗੂਆਂ ਕਪਿਲ ਮਿਸ਼ਰਾ ਅਤੇ ਅਨੁਰਾਗ ਠਾਕੁਰ ਆਦਿ ਨੇ ਨਾ ਸਿਰਫ 'ਦੇਸ਼ ਕੇ ਗ਼ਦਾਰੋਂ ਕੋ, ਗੋਲੀ ਮਾਰੋ ਸਾਲੋਂ ਕੋ' ਦੇ ਸੱਦੇ ਦੇ ਕੇ ਜਨੂਨੀ ਹਜੂਮਾਂ ਨੂੰ ਪ੍ਰਦਰਸ਼ਨਕਾਰੀਆਂ ਜਿਨ੍ਹਾਂ ਵਿਚ ਮੁੱਖ ਤੌਰ 'ਤੇ ਮੁਸਲਮਾਨ ਔਰਤਾਂ/ਲੜਕੀਆਂ ਅਤੇ ਪੁਰਅਮਨ ਇਨਸਾਫਪਸੰਦ ਨਾਗਰਿਕ ਸ਼ਾਮਿਲ ਸਨ, ਉੱਪਰ ਹਮਲੇ ਕਰਨ ਲਈ ਉਕਸਾਇਆ ਸਗੋਂ ਸਮਾਜ ਵਿਰੋਧੀ ਅਨਸਰਾਂ ਅਤੇ ਗੁੰਡਿਆਂ ਨੂੰ ਲਾਮਬੰਦ ਕਰਕੇ ਉਨ੍ਹਾਂ ਦੀ ਅਗਵਾਈ ਵੀ ਕੀਤੀ। ਆਰ.ਐੱਸ.ਐੱਸ. ਅਤੇ ਇਸ ਦੀਆਂ ਫਰੰਟ ਜਥੇਬੰਦੀਆਂ ਦੀਆਂ ਹਿੰਸਕ ਪੈੜਾਂ 1947 ਦੀ ਫਿਰਕੂ ਵੰਡ, ਮਹਾਤਮਾ ਗਾਂਧੀ ਦੇ ਕਤਲ ਤੋਂ ਲੈ ਕੇ ਅਸਾਮ ਦੇ ਨੇਲੀ ਕਤਲੇਆਮ, 1984 'ਚ ਸਿੱਖਾਂ ਦੇ ਕਤਲੇਆਮ, ਬਾਬਰੀ ਮਸਜਿਦ ਢਾਹੇ ਜਾਣ, ਗੁਜਰਾਤ ਕਤਲੇਆਮ (2002), ਪੂਰਬ-ਉੱਤਰੀ ਦਿੱਲੀ ਦੀ ਹਿੰਸਾ (ਫਰਵਰੀ 2020) ਅਤੇ ਹਜੂਮੀ ਕਤਲਾਂ ਤੱਕ ਦੇਖੀਆਂ ਜਾ ਸਕਦੀਆਂ ਹਨ। ਕੁਝ ਮਹੀਨੇ ਪਹਿਲਾਂ ਰਾਮ ਨੌਮੀ ਦੇ ਮੌਕੇ 'ਤੇ ਦਿੱਲੀ ਦੇ ਜਹਾਂਗੀਰਪੁਰੀ ਇਲਾਕੇ ਅਤੇ ਮੁਲਕ ਦੇ ਹੋਰ ਹਿੱਸਿਆਂ 'ਚ ਕੱਢੇ ਗਏ ਜਲੂਸਾਂ 'ਚ ਭਗਵੀਂ ਹਿੰਸਾ ਅਤੇ ਨਫਰਤ ਦਾ ਮੁਜ਼ਾਹਰਾ ਪੂਰੀ ਦੁਨੀਆ ਨੇ ਦੇਖਿਆ। ਸਾਧਵੀ ਪ੍ਰੱਗਿਆ ਅਤੇ ਹੋਰ ਭਗਵੇਂ ਆਗੂਆਂ ਤੇ ਕਾਰਕੁੰਨਾਂ ਦੀ ਦਹਿਸ਼ਤਵਾਦੀ ਭੂਮਿਕਾ ਜੱਗ ਜ਼ਾਹਿਰ ਹੈ ਜਿਨ੍ਹਾਂ ਨੇ ਸਮਝੌਤਾ ਐਕਸਪ੍ਰੈੱਸ ਅਤੇ ਹੋਰ ਬੰਬ ਕਾਂਡਾਂ ਨੂੰ ਅੰਜਾਮ ਦੇ ਕੇ ਸੈਂਕੜੇ ਮਾਸੂਮ ਲੋਕਾਂ ਦੀਆਂ ਜਾਨਾਂ ਲਈਆਂ। ਲਖੀਮਪੁਰ ਖੀਰੀ 'ਚ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਗੱਡੀਆਂ ਹੇਠ ਕੁਚਲ ਕੇ ਮਾਰਨ ਵਾਲੇ ਅਜੈ ਮਿਸ਼ਰਾ ਟੈਨੀ ਦੇ ਘਰ ਵੱਲ ਆਦਿੱਤਿਆਨਾਥ ਦਾ ਬੁਲਡੋਜ਼ਰ ਮੂੰਹ ਨਹੀਂ ਕਰੇਗਾ ਕਿਉਂਕਿ ਸੰਘ ਬ੍ਰਿਗੇਡ ਦਾ ਆਪਣਾ ਗੁੰਡਾ ਹੈ। ਭਗਵੀਂ ਹਕੂਮਤ ਇਨ੍ਹਾਂ ਤਮਾਮ ਦਹਿਸ਼ਤਵਾਦੀਆਂ ਦੀਆਂ ਕਾਰਵਾਈਆਂ ਦੀ ਰਾਜਸੀ ਅਤੇ ਰਾਜਕੀ ਪੁਸ਼ਤਪਨਾਹੀ ਕਰਦੀ ਹੈ। ਕਦੇ ਕਿਸੇ ਇਕ ਵੀ ਹਿੰਦੂ ਦੰਗਈ ਜਾਂ ਦਹਿਸ਼ਤੀ ਸਰਗਨੇ ਵਿਰੁੱਧ ਕਾਨੂੰਨੀ ਕਾਰਵਾਈ ਨਹੀਂ ਹੋਈ। ਹੁਣ ਉਡੀਕਣ ਦਾ ਵਕਤ ਨਹੀਂ ਹੈ। ਬੁਲਡੋਜ਼ਰ ਰਾਹੀਂ ਸਜ਼ਾਵਾਂ ਦਾ ਗ਼ੈਰ-ਅਦਾਲਤੀ ਮਾਹੌਲ ਸਿਰਜਿਆ ਜਾ ਰਿਹਾ ਹੈ। ਇਨਸਾਫਪਸੰਦ ਤਾਕਤਾਂ ਨੂੰ ਇਸ ਬੁਲਡੋਜ਼ਰ ਨੀਤੀ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਣ ਅਤੇ ਬੁਲਡੋਜ਼ਰ ਰਾਜ ਨੂੰ ਠੱਲ੍ਹ ਪਾਉਣ ਲਈ ਸੜਕਾਂ ਉੱਪਰ ਆਉਣਾ ਚਾਹੀਦਾ ਹੈ। ਸੰਵਿਧਾਨ ਦੀ ਧਾਰਾ 21 ਅਨੁਸਾਰ ਰੈਣ-ਬਸੇਰਾ ਨਾਗਰਿਕ ਦਾ ਬੁਨਿਆਦੀ ਹੱਕ ਹੈ। ਦਰਅਸਲ ਬੁਲਡੋਜ਼ਰ ਕਿਸੇ ਮੁਸਲਮਾਨ ਦੇ ਘਰ ਉੱਪਰ ਨਹੀਂ, ਨਾਗਰਿਕ ਦੇ ਸੁਰੱਖਿਅਤ ਰੈਣ-ਬਸੇਰੇ ਦੇ ਬੁਨਿਆਦੀ ਹੱਕ ਉੱਪਰ ਚਲਾਇਆ ਜਾ ਰਿਹਾ ਹੈ। ਜੋ ਬੁਲਡੋਜ਼ਰ ਅੱਜ ਮੁਸਲਮਾਨ ਆਗੂਆਂ/ਕਾਰਕੁਨਾਂ ਦੇ ਘਰਾਂ ਉੱਪਰ ਚੱਲ ਰਿਹਾ ਹੈ, ਇਹ ਇੱਥੇ ਰੁਕਣ ਵਾਲਾ ਨਹੀਂ ਹੈ। ਉਹ ਦਿਨ ਦੂਰ ਨਹੀਂ ਜਦੋਂ ਕੱਲ੍ਹ-ਕਲੋਤਰ ਨੂੰ ਇਹ ਬੁਲਡੋਜ਼ਰ ਮੁਲਕ ਦੇ ਕਿਸੇ ਵੀ ਹਿੱਸੇ ਵਿਚ ਕਿਸੇ ਵੀ ਕਿਸਾਨ ਮਜ਼ਦੂਰ, ਵਿਦਿਆਰਥੀ ਜਾਂ ਮੁਲਾਜ਼ਮ ਜਥੇਬੰਦੀ ਦੇ ਆਗੂ/ਕਾਰਕੁਨ ਦੇ ਘਰ ਨੂੰ ਮਲਬੇ ਦਾ ਢੇਰ ਬਣਾਉਣ ਲਈ ਪਹੁੰਚ ਜਾਵੇਗਾ।

> ***ਇਹ ਕਾਰਵਾਈ ਸਪਸ਼ਟ ਤੌਰ 'ਤੇ ਮੁਸਲਿਮ ਵਿਰੋਧੀ ਹੈ। ਜਿੱਥੋਂ ਤੱਕ ਹਿੰਸਾ ਦਾ ਸਵਾਲ ਹੈ, ਸਭ ਤੋਂ ਵੱਧ ਖੂੰਖਾਰ ਹਿੰਸਕ ਤਾਕਤ ਭਾਜਪਾ ਅਤੇ ਇਸ ਦਾ ਸੰਘ ਪਰਿਵਾਰ ਹੈ। ਭਾਜਪਾ ਅਤੇ ਹੋਰ ਹਿੰਦੂਤਵੀ ਜਥੇਬੰਦੀਆਂ ਦੇ ਆਗੂ ਅਤੇ ਬੁਲਾਰੇ ਖੁੱਲ੍ਹੇਆਮ ਨਫਰਤ ਫੈਲਾਉਂਦੇ ਦੇਖੇ ਜਾ ਸਕਦੇ ਹਨ। ਜੇ ਪੈਮਾਨਾ ਹਿੰਸਾ ਦਾ ਯੋਜਨਾਘਾੜਾ ਹੋਣਾ ਅਤੇ ਦਹਿਸ਼ਤਵਾਦ ਦੀ ਹਮਾਇਤ ਹੈ ਤਾਂ ਸਭ ਤੋਂ ਪਹਿਲਾਂ ਕਾਰਵਾਈ ਯਤੀ ਨਰਸਿੰਘਾਨੰਦ ਵਰਗਿਆਂ ਵਿਰੁੱਧ ਹੋਣੀ ਚਾਹੀਦੀ ਸੀ ਜੋ ਹਿੰਦੂਆਂ ਨੂੰ ਹਥਿਆਰਬੰਦ ਹੋ ਕੇ ਬਦਲਾ ਲੈਣ, ਮੁਸਲਮਾਨਾਂ ਦਾ ਕਤਲੇਆਮ ਕਰਨ ਅਤੇ ਮੁਸਲਮਾਨ ਔਰਤਾਂ ਦੇ ਬਲਾਤਕਾਰ ਕਰਨ ਦੇ ਸੱਦੇ 'ਧਰਮ ਸੰਸਦਾਂ' ਕਰਕੇ ਦਿੰਦੇ ਹਨ।***

# ਆਨੰਦ ਦੀ ਅਰਥਗੀਰੀ

**ਸ਼ਬਦ ਜੋਤ**



ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖ਼ਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਆਨੰਦ ਦੇ ਅਸਲ ਅਰਥ ਸਮਝਾਏ ਹਨ ਕਿ ਆਨੰਦ ਮਨ ਨਾਲ ਸਬੰਧਤ ਹੈਪਰ ਸਮਿਆਂ ਦੀ ਇਹ ਤਰਾਸਦੀ ਹੈ ਕਿ ਅਸੀਂ ਇਸਨੂੰ ਦਿਮਾਗ ਦੇ ਲੜ ਲਾ ਦਿੱਤਾ ਹੈ।***

ਅਮੀਰੀ, ਸੁੱਖ-ਸਹੂਲਤਾਂ ਦੀ ਅਮੀਰਤਾ, ਖਾਣ-ਪੀਣ ਦੀ ਬਹੁਲਤਾ। ਮਨ-ਮਰਜ਼ੀ ਦੇ ਬਸਤਰ ਪਹਿਨਣੇ। ਮਨ ਵਿਚ ਆਈ ਹਰ ਉਸ ਕੰਮ/ਕਿਰਿਆ ਨੂੰ ਕਰਨ ਦੀ ਚਾਹਨਾ, ਜਿਸਦੇ ਸਿੱਟੇ ਕੁਝ ਵੀ ਹੋਣ।

ਅਮੀਰੀ ਦਾ ਸੰਬੰਧ ਕਦੇ ਸੁਖਨ, ਸਕੂਨ, ਸਹਿਜ, ਸੰਤੁਸ਼ਟੀ ਜਾਂ ਸਫ਼ਤਾ ਦਾ ਸਿਰਨਾਵਾਂ ਨਹੀਂ ਹੁੰਦੀ। ਇਹ ਜੀਵਨ ਦੀਆਂ ਨਿਆਮਤਾਂ ਦੀ ਭਰਪੂਰਤਾ, ਆਪਣੀ ਮਰਜ਼ੀ ਨਾਲ ਸੌਣਾ, ਜਾਗਣਾ, ਖਾਣ-ਪੀਣਾ ਅਤੇ ਮਨਮਰਜ਼ੀ ਦੀ ਜੀਵਨ-ਸ਼ੈਲੀ ਅਪਨਾਉਣਾ ਹੁੰਦੀ।

ਪਰ ਆਨੰਦ ਮਨ ਨਾਲ ਸਬੰਧਤ। ਮਨ ਦੀ ਖ਼ੁਸ਼ੀ ਅਤੇ ਹੁਲਾਸ ਨੂੰ ਪ੍ਰਣਾਇਆ। ਪਰ ਸਮਿਆਂ ਦੀ ਕੇਹੀ ਤਰਾਸਦੀ ਕਿ ਅਸੀਂ ਇਸਨੂੰ ਦਿਮਾਗ ਦੇ ਲੜ ਲਾ ਦਿਤਾ ਹੈ। ਅਮੀਰੀ ਨੂੰ ਅਸੀਂ ਨਵੇਂ ਦਾਇਰੇ ਵਿਚ ਪਰਿਭਾਸ਼ਤ ਕਰਦਿਆਂ, ਇਸਦੀ ਤਾਸੀਰ, ਤਾਬੀਰ ਅਤੇ ਤਕਦੀਰ ਨੂੰ ਹੀ ਸਿਉਂਕ ਦਿੱਤਾ ਹੈ। ਹੁਣ ਅਮੀਰੀ ਸਿਰਫ਼ ਦਿਖਾਵੇ ਤੀਕ ਹੀ ਸੀਮਤ।

ਆਨੰਦ ਦੇ ਅਰਥਾਂ ਦੀ ਬੇਆਬਰੂ ਅਤੇ ਬੇਅਦਬੀ ਕਰਨ ਵਿਚ ਅਸੀਂ ਮੋਹਰੀ। ਇਸਦੇ ਅਰਥਾਂ ਨੂੰ ਆਪਣੇ ਅੰਤਰੀਵ ਵਿਚ ਵਸਾਉਣ ਲਈ ਜ਼ਰੂਰਤ ਹੈ ਕਿ ਅਸੀਂ ਇਸਨੂੰ ਬੀਤੇ ਵਿਚੋਂ ਪਛਾਨਣ ਦਾ ਯਤਨ ਕਰੀਏ ਤਾਂ ਪਤਾ ਲੱਗੇਗਾ ਕਿ ਜਦ ਅਸੀਂ ਤਰੱਕੀ ਕੀਤੀ ਜਾਂ ਵੱਡੇ ਹੋਏ ਤਾਂ ਅਸੀਂ ਆਨੰਦ ਨੂੰ ਵਰਤਣ ਦੇ ਨਜ਼ਰੀਏ ਤੋਂ ਦੇਖਣ ਅਤੇ ਮਾਨਣ ਦੀ ਰੁਚੀ ਪੈਦਾ ਕੀਤੀ। ਇਸ ਰੁਚੀ ਨੇ ਹੀ ਸਾਨੂੰ ਆਪਣੇ ਆਪ ਨਾਲੋਂ ਵੀ ਦੂਰ ਕੀਤਾ ਅਤੇ ਸਮਾਜ ਤੋਂ ਵੀ ਅਸੀਂ ਬਹੁਤ ਦੂਰ ਚਲੇ ਗਏ। ਇਨ੍ਹਾਂ ਦੂਰੀਆਂ ਵਿਚੋਂ ਹੀ ਅਸੀਂ ਕੁਦਰਤ ਅਤੇ ਇਸ ਦੀਆਂ ਰਹਿਮਤਾਂ ਤੋਂ ਇੰਨੀ ਵਿੱਥ ਬਣਾ ਲਈ ਕਿ ਸਾਨੂੰ ਯਾਦ ਹੀ ਨਾ ਰਿਹਾ ਕਿ ਕਦੇ ਅਸੀਂ ਵੀ ਕੁਦਰਤ ਦਾ ਨਿੱਕਾ ਜਿਹਾ ਕਿਣਕਾ ਸਾਂ। ਕੁਦਰਤ ਸੰਗ ਜਿਉ ਕੇ ਹੀ ਅਸੀਂ ਆਪਣੀ ਅਉਧ ਨੂੰ ਨਵਾਂ ਸਿਰਲੇਖ ਦੇ ਸਕਦੇ ਹਾਂ।

ਅਮੀਰੀ ਦੇ ਅਸੀਮਤ ਅਰਥਾਂ ਨੂੰ ਜੀਵਨ ਵਿਚੋਂ ਮਨਫ਼ੀ ਕਰ ਕੇ ਅਸੀਂ ਕੁਝ ਖੱਟਿਆ ਨਹੀਂ ਸਗੋਂ ਗਵਾਇਆ ਹੀ ਗਵਾਇਆ ਹੈ। ਇਸ ਕਾਰਨ ਹੀ ਅਸੀਂ ਦੁਨੀਆਂ ਦੀ ਭੀੜ ਵਿਚ ਗਵਾਚ ਗਏ ਹਾਂ ਅਤੇ ਅਲੱਗ-ਥਲੱਗ ਹੋ ਕੇ ਰਹਿ ਗਏ ਹਾਂ।

ਆਨੰਦ ਇਹ ਨਹੀਂ ਹੁੰਦਾ ਕਿ ਅਸੀਂ ਕਿਸੇ ਨੂੰ ਬੋਲ ਕੇ ਦੱਸੀਏ ਕਿ ਅਸੀਂ ਉਸਨੂੰ ਕਿੰਨਾ ਪਿਆਰ ਕਰਦੇ ਹਾਂ। ਕਦੇ ਮੂਕ ਰਹਿ ਕੇ ਪਿਆਰ ਜਤਾਉਣਾ, ਤੁਹਾਡਾ ਅੰਤਰੀਵ ਖ਼ੁਸ਼ੀ 'ਚ ਖੀਵਾ ਹੋ ਜਾਵੇਗਾ। ਨਾ ਹੀ ਇਹ ਆਨੰਦ ਹੁੰਦਾ ਕਿ ਅਸੀਂ ਕਿਸੇ ਨੂੰ ਚੁੰਮੀਏ, ਚੱਟੀਏ। ਕਦੇ ਹਵਾ ਹੱਥ ਚੁੰਮਣ ਦਾ ਸੁਨੇਹਾ ਭੇਜਣਾ। ਮੁੜਦੀ ਹੋਈ ਹਵਾ ਦੀ ਰੁਮਕਣੀ ਵਿਚ ਸੱਜਣਾਂ ਦੀ ਮਹਿਕ ਤੁਹਾਨੂੰ ਮਦਹੋਸ਼ ਕਰ ਦੇਵੇਗੀ। ਨਾ ਹੀ ਚਾਹਤ ਇਹ ਹੁੰਦੀ ਕਿ ਅਸੀਂ ਸੱਜਣ ਪਿਆਰੇ ਨੂੰ ਨਿੱਤ ਹੀ ਮਿਲਣ ਲਈ ਤਾਂਘੀਏ ਅਤੇ ਉਸਦਾ ਨਾ ਆਉਣਾ ਸਾਨੂੰ ਮਾਯੂਸ ਕਰ ਦੇਵੇ। ਸਗੋਂ ਮਿੱਤਰ ਪਿਆਰੇ ਨੂੰ ਨਿੱਤ ਸੁਪਨਿਆਂ ਵਿਚ ਮਿਲਦੇ ਰਹੋਗੇ ਤਾਂ ਉਸਦੀ ਦੂਰੀ ਕਦੇ ਉਕਤਾਹਟ ਪੈਦਾ ਨਹੀਂ ਕਰੇਗੀ।

ਠਾਠ ਤਾਂ ਹੁੰਦਾ ਸੀ ਉਨ੍ਹਾਂ ਦਿਨਾਂ ਵਿਚ ਜਦ ਅਸੀਂ ਰੱਜ ਕੇ ਗੰਨੇ ਚੂਪਦੇ ਅਤੇ ਗੁੜ ਖਾਂਦੇ ਸਾਂ ਅਤੇ ਸਾਨੂੰ ਕਦੇ ਵੀ ਸ਼ੂਗਰ ਨਹੀਂ ਸੀ ਹੋਈ। ਹੁਣ ਅਸੀਂ ਖੰਡ ਖਾਣਾ ਅਜਿਹਾ ਗਿੱਝ ਗਏ ਹਾਂ ਕਿ ਸ਼ੂਗਰ ਦੇ ਮਰੀਜ਼ ਬਣਨ ਦਾ ਤੌਖ਼ਲਾ ਸਾਨੂੰ ਖੰਡ ਖਾਣ ਤੋਂ ਵੀ ਵਰਜਦਾ ਹੈ।

ਬਾਦਸ਼ਾਹੀ ਤਾਂ ਹੁੰਦੀ ਸੀ ਜਦ ਅਸੀਂ ਵਗਦੀ ਆੜ, ਕਿਸੇ ਤਲਾਅ, ਨਦੀ, ਨਹਿਰ ਜਾਂ ਦਰਿਆ ਵਿਚੋਂ ਪਾਣੀ ਪੀ ਕੇ ਆਪਣੀ ਪਿਆਸ ਮਿਟਾਉਂਦੇ ਸਾਂ। ਸਾਨੂੰ ਚਿੱਤ-ਚੇਤਾ ਵੀ ਨਹੀਂ ਸੀ ਕਿ ਇਹ ਪਾਣੀ ਦੂਸ਼ਿਤ ਹੈ ਅਤੇ ਇਸ ਨਾਲ ਪੇਟ ਵਿਚ ਗੜਬੜੀ ਹੋ ਸਕਦੀ ਹੈ। ਇਹ ਕੇਹੀ ਅਮੀਰੀ ਕਿ ਅਸੀਂ ਬੋਤਲ ਬੰਦ ਪਾਣੀ ਪੀਂਦੇ ਹਾਂ ਅਤੇ ਪੇਟ ਦੀਆਂ ਬਿਮਾਰੀਆਂ ਦੇ ਇਲਾਜ ਲਈ ਹਸਪਤਾਲਾਂ ਦੇ ਚੱਕਰ ਮਾਰਦੇ ਰਹਿੰਦੇ ਹਾਂ।

ਸ਼ਾਹਾਨਾ ਫ਼ਕੀਰੀ ਹੀ ਹੁੰਦੀ ਸੀ ਜਦ ਅਸੀਂ ਬੱਚੇ ਸਾਂ। ਸਾਈਕਲ ਦੇ ਟਾਇਰ ਨੂੰ ਚਲਾਉਂਦੇ ਪਿੰਡ ਦੀ ਫਿਰਨੀ ਗਾਹ ਲੈਂਦੇ ਸਾਂ। ਕਦੇ ਗਲੀ ਵਿਚ ਤੁਰੇ ਜਾਂਦਿਆਂ ਦੀਆਂ ਝਿੜਕਾਂ ਵੀ ਖਾਂਦੇ ਸਾਂ। ਆਲੇ ਦੁਆਲੇ ਆਪਣੀ ਹੀ ਸਲਤਨਤ ਹੁੰਦੀ ਸੀ। ਇਹ ਤਾਂ ਲਗਜ਼ਰੀ ਨਹੀਂ ਕਿ ਬੱਚਾ ਸਾਰਾ ਦਿਨ ਫੋਨ 'ਤੇ ਗੇਮਾਂ ਖੇਡਦਾ ਆਪਣੀ ਹੀ ਦੁਨੀਆ ਤੀਕ ਸੀਮਤ ਰਹਿੰਦਾ ਹੈ ਜੋ ਕਦੇ ਉਸਦੀ ਜਾਨ ਦਾ ਖ਼ੌਅ ਵੀ ਬਣ ਜਾਂਦੀ ਹੈ।

ਕਿੰਨਾ ਆਨੰਦ ਮਿਲਦਾ ਸੀ ਜਦ ਹਰ ਸ਼ਾਮ ਨੂੰ ਕਦੇ ਗੁੱਲੀ-ਡੰਡਾ ਖੇਡਣਾ, ਕਦੇ ਖਿੱਦੋ-ਖੂੰਡੀ ਅਤੇ ਕਦੇ ਛੂਹਣ ਛੂਹਾਈ। ਅੱਧੀ ਅੱਧੀ ਰਾਤ ਤੀਕ ਖੇਡਦਿਆਂ ਪਤਾ ਹੀ ਨਹੀਂ ਸੀ ਲੱਗਦਾ ਕਿ ਕਦੋਂ ਚਾਨਣੀ ਰਾਤ ਸਾਰੇ ਪਿੰਡ ਨੂੰ ਆਪਣੀ ਲਪੇਟ ਵਿਚ ਲੈ ਲੈਂਦੀ। ਅਸੀਂ ਚਾਨਣੀ ਵਿਚ ਨਹਾਉਂਦੇ, ਆਪਣੇ ਹੀ ਜਨੂੰਨ ਵਿਚ ਰਾਤ ਨੂੰ ਠਹਿਰ ਜਾਣ ਲਈ ਕਹਿ ਦਿੰਦੇ ਸਾਂ। ਮਸਨੂਈ ਰੌਸ਼ਨੀਆਂ ਵਿਚ ਖੇਡੀਆਂ ਜਾਣ ਵਾਲੀਆਂ ਗੇਮਾਂ, ਸਾਡੀਆਂ ਬਚਪਨੀ ਖੇਡਾਂ ਦਾ ਕਿਵੇਂ ਮੁਕਾਬਲਾ ਕਰਨਗੀਆਂ? ਉਸ ਸਮੇਂ ਹਰ ਕੋਈ ਛਿੰਝਾਂ ਅਤੇ ਮੇਲੇ ਦੇਖਣ ਲਈ ਅਹੁਲਦਾ ਅਤੇ ਹਰ ਖਿਡਾਰੀ ਦੀ ਹੱਲਾਸ਼ੇਰੀ ਕਰਦਾ ਸੀ। ਪਰ ਹੁਣ ਅਸੀਂ ਮਹਿੰਗੀਆਂ ਟਿਕਟਾਂ ਖਰੀਦ ਕੇ ਮੈਚ ਦੇਖਣ ਲਈ ਖੁਦ ਨੂੰ ਗੇਮ ਦਾ ਹਿੱਸਾ ਬਣਨ ਲਈ ਤਰਸ ਜਾਂਦੇ ਹਾਂ।

ਕਦੇ ਸਮਾਂ ਸੀ ਘਰ ਨਿੱਕੇ ਸਨ ਪਰ ਜੀਆਂ ਦੇ ਦਿਲ ਵੱਡੇ ਸਨ। ਘਰ ਕੱਚੇ ਸਨ, ਪਰ ਰਿਸ਼ਤੇ ਪੱਕੇ ਸਨ। ਅਸੀਂ ਘਰ ਦੀ ਛੱਤ 'ਤੇ ਅੰਬਰ ਨਾਲ ਆੜੀ ਪਾਉਂਦੇ ਸਾਂ। ਹੁਣ ਘਰ ਵੱਡੇ ਹੋ ਗਏ ਹਨ ਪਰ ਬੰਦੇ ਸੁੰਗੜ ਗਏ ਹਨ। ਘਰ ਪੱਕੇ ਹੋ ਗਏ ਹਨ ਪਰ ਸਬੰਧ ਕੱਚੇ ਹੋ ਗਏ ਹਨ। ਘਰ ਦੀਆਂ ਖੁੱਲ੍ਹੀਆਂ ਖਿੜਕੀਆਂ ਤੇ ਰੌਸ਼ਨਦਾਨਾਂ ਰਾਹੀਂ ਰੌਸ਼ਨੀ ਤੇ ਤਾਜ਼ੀ ਹਵਾ ਦਾ ਆਉਣਾ-ਜਾਣਾ ਨਿਰੰਤਰ ਜਾਰੀ ਰਹਿੰਦਾ ਸੀ। ਗੁਆਂਢ ਵਿਚ ਵਾਪਰ ਰਹੀ ਹਰ ਕਿਰਿਆ ਤੇ ਬੋਲ ਦੀ ਕਨਸੋਅ ਵੀ ਮਿਲਦੀ ਸੀ। ਪਰ ਹੁਣ ਅਸੀਂ ਰੌਸ਼ਨਦਾਨ ਤਾਂ ਰਹਿਣ ਹੀ ਨਹੀਂ ਦਿੱਤੇ ਪਰ ਅਸੀਂ ਖਿੜਕੀਆਂ ਦੇ ਬਾਹਰ ਗਰਿੱਲਾਂ ਲਗਾ ਦਿੱਤੀਆਂ ਅਤੇ ਅੰਦਰ ਮੋਟੇ ਪਰਦੇ ਤਾਣ ਦਿੱਤੇ ਨੇ ਤਾਂ ਕਿ ਅੰਦਰਲੀ ਹਵਾ ਦੀ ਘੁਟਨ ਬਾਹਰ ਨਾ ਜਾਵੇ ਅਤੇ ਬਾਹਰਲੀ ਤਾਜ਼ਗੀ ਕਮਰਿਆਂ ਦੀ ਫਿਜ਼ਾ ਨੂੰ ਆਪਣੀ ਆਗੋਸ਼ ਵਿਚ ਨਾ ਲੈ ਲਏ। ਕਦੇ ਸਮਾਂ ਸੀ ਕਿ ਖੁੱਲ੍ਹੇ ਦਰਾਂ ਰਾਹੀਂ ਕੋਈ ਵੀ ਘਰ ਆ ਸਕਦਾ ਸੀ। ਕਿਸੇ ਵੀ ਘਰੋਂ ਦਾਲ ਜਾਂ ਸਬਜ਼ੀ ਮੰਗ ਕੇ ਲਿਆਈ ਜਾ ਸਕਦੀ ਸੀ। ਕਿਸੇ ਵੀ ਚੁੱਲ੍ਹੇ 'ਤੇ ਬਹਿ ਕੇ ਰੋਟੀ ਖਾ ਲਈਦੀ ਸੀ। ਹੁਣ ਅਸੀਂ ਗੇਟ ਨੂੰ ਬੰਦ ਕਰ ਕੇ ਰੱਖਦੇ ਹਾਂ ਅਤੇ ਬੈੱਲ ਹੋਣ 'ਤੇ ਵੀ ਮਰਜ਼ੀ ਨਾਲ ਗੇਟ ਖੋਲ੍ਹਦੇ ਹਾਂ। ਬੰਦ ਘਰਾਂ ਨੇ ਸਿਰਜੀਆਂ ਨੇ ਦੂਰੀਆਂ। ਘਟ ਗਈਆਂ ਨੇ ਸਾਕ-ਸਕੀਰੀਆਂ। ਘਟ ਗਈ ਹੈ ਨੇੜਤਾ ਅਤੇ ਵਧ ਗਈ ਹੈ ਕੁੜੱਤਣ।

ਲਬਰੇਜ਼ਤਾ ਹੁੰਦੀ ਸੀ ਜਦ ਤਵੇ ਤੋਂ ਲੱਥਦੀ ਰੋਟੀ ਨੂੰ ਚੌਂਕੇ ਵਿਚ ਬੈਠਿਆਂ ਨੇ ਬੁਰਕੀਆਂ ਵਿਚ ਵੰਡ ਕੇ ਖਾ ਲੈਣਾ। ਰੱਜਤਾ ਦਾ ਅਹਿਸਾਸ ਰੂਹ ਵਿਚ ਵਸਾਉਣਾ। ਨਿੱਕੀਆਂ-ਨਿੱਕੀਆਂ ਗੱਲਾਂ ਵਿਚ ਰੋਟੀ ਖਾਣ ਦਾ ਕੇਹਾ ਸਵਾਦ ਆਉਂਦਾ ਸੀ। ਇਹ ਤਾਂ ਲਗਜ਼ਰੀ ਨਹੀਂ ਕਿ ਅਸੀਂ ਪਹਿਲਾਂ ਖਾਣਾ ਡਾਇਨਿੰਗ ਟੇਬਲ 'ਤੇ ਸਜਾਉਂਦੇ ਹਾਂ। ਫਿਰ ਨਖ਼ਰੇ ਅਤੇ ਨਜ਼ਾਕਤਾਂ ਨਾਲ ਖਾਂਦਿਆਂ ਖੁਦ ਨੂੰ ਤਰਸਾਉਂਦੇ ਹਾਂ ਅਤੇ ਦੋ ਕੁ ਬੁਰਕੀਆਂ ਖਾ ਕੇ ਰੱਜ ਜਾਣ ਦਾ ਢੋਂਗ ਕਰਦੇ ਹਾਂ। ਖਾਣਾ ਖਾਂਦਿਆਂ ਬੋਲਣ ਤੋਂ ਤਾਲਾ ਵੱਟਦੇ, ਖੁਦ ਦੇ ਖੋਲ ਵਿਚ ਖੁਦ ਨੂੰ ਪਾਉਂਦੇ ਹਾਂ ਅਤੇ ਇਸ ਵਿਚੋਂ ਬਾਹਰ ਆਉਣ ਲਈ ਕਦੇ ਤਰਦੱਦ ਹੀ ਨਹੀਂ ਕਰਦੇ। ਉਹ ਵੀ ਵੇਲਾ ਸੀ ਕਿ ਜੂਠ ਨਾ ਛੱਡਣਾ ਸਭ ਦਾ ਕਰਮ ਹੁੰਦਾ ਸੀ। ਪਰ ਹੁਣ ਅਸੀਂ ਅੱਧਾ-ਪਚੱਧਾ ਖਾ ਕੇ ਜੂਠ ਛੱਡਣ ਨੂੰ ਸ਼ਾਨ ਸਮਝਦਿਆਂ, ਇਸਨੂੰ ਅਮੀਰੀ ਦਾ ਪੈਮਾਨਾ ਸਮਝਣ ਲੱਗ ਪਏ ਹਾਂ।

ਆਨੰਦ ਕਦੇ ਵੀ ਵੱਡੇ ਘਰਾਂ, ਮਹਿੰਗੀਆਂ ਵਸਤਾਂ, ਸ਼ਾਹੀ ਪਾਰਟੀਆਂ ਜਾਂ ਅਮੀਰ ਸਾਥੀਆਂ ਦੀ ਸੰਗਤ ਨਾਲ ਨਹੀਂ ਮਿਲਦਾ। ਇਹ ਬਹੁਤ ਹੀ ਨਿਗੂਣੀਆਂ ਚੀਜ਼ਾਂ, ਕਿਰਿਆਵਾਂ ਵਿਚ ਹੁੰਦਾ। ਸਿਰਫ਼ ਖੁਦ ਨੂੰ ਆਪਣਾ ਦ੍ਰਿਸ਼ਟੀਕੋਣ ਬਦਲਣ ਦੀ ਲੋੜ ਹੈ। ਸਾਨੂੰ ਕਿਸੇ ਵੀ ਵਸਤ, ਵਰਤਾਰੇ ਨੂੰ ਵੱਖਰੇ ਨਜ਼ਰੀਏ ਤੋਂ ਜਾਚਣ ਅਤੇ ਪਰਖਣ ਦੀ ਸੋਝੀ ਹੋਣੀ ਚਾਹੀਦੀ।

ਬੰਦ ਦਰਵਾਜ਼ਿਆਂ ਵਾਲੀ ਮਹਿਲਨੁਮਾ ਕੋਠੀ ਦੇ ਏਸੀ ਕਮਰੇ ਵਿਚ ਪਏ ਦੋ ਜਿਸਮ ਕੋਈ ਆਨੰਦ ਨਹੀਂ ਮਾਣਦੇ ਜਿਨ੍ਹਾਂ ਵਿਚ ਸੱਤ ਸਮੁੰਦਰਾਂ ਜੇਹੀ ਦੂਰੀ ਹੁੰਦੀ ਹੈ। ਆਨੰਦ ਤਾਂ ਕੱਖਾਂ ਦੀ ਕੁੱਲੀ ਵਿਚ ਆਪਣਿਆਂ ਦਾ ਨਿੱਘ ਮਾਣਦੇ ਅਤੇ ਚੰਨ ਤਾਰਿਆਂ ਨਾਲ ਚਾਨਣ ਦੀਆਂ ਬਾਤਾਂ ਪਾਉਂਦੇ ਜੀਅ ਮਾਣਦੇ ਨੇ ਜਿਨ੍ਹਾਂ ਨੂੰ ਚੰਨ ਤਾਰਿਆਂ ਦਾ ਭਰਪੂਰ ਸਾਥ ਮਿਲਦਾ ਹੈ। ਕਦੇ ਮਿਹਨਤ ਮੁਸ਼ੱਕਤ ਨਾਲ ਥੱਕੇ ਹੋਏ ਮਿਹਨਤਕਸ਼ ਨੂੰ ਅਲਾਣੀ ਮੰਜੀ 'ਤੇ ਨੀਂਦ ਦਾ ਆਨੰਦ ਮਾਣਦੇ ਦੇਖਣਾ, ਤੁਹਾਨੂੰ ਨਰਮ ਗੁਦੇਲਿਆਂ 'ਤੇ ਨੀਂਦ ਨੂੰ ਉਡੀਕਦੇ ਉਨ੍ਹਾਂ ਜਿਊੜਿਆਂ ਦੀ ਮਾਯੂਸੀ ਜ਼ਰੂਰ ਉਦਾਸ ਕਰੇਗੀ ਜਿਹੜੇ ਸੌਣ ਲਈ ਨੀਂਦ ਦੀਆਂ ਗੋਲੀਆਂ ਖਾਂਦੇ ਜਾਂ ਨਸ਼ਿਆਂ ਦਾ ਸੇਵਨ ਕਰਦੇ ਨੇ।



ਐਸ਼ੋ-ਇਸ਼ਰਤ ਇਹ ਨਹੀਂ ਹੁੰਦੀ ਕਿ ਕੋਈ ਜੋੜਾ ਏਸੀ ਕਾਰ ਵਿਚ ਸਫ਼ਰ ਕਰ ਰਿਹਾ ਹੈ ਪਰ ਉਨ੍ਹਾਂ ਦਰਮਿਆਨ ਚੁੱਪ ਦੀ ਦੀਵਾਰ ਕਦੇ ਨਹੀਂ ਟੁੱਟਦੀ। ਸਗੋਂ ਸੁੱਚੀ-ਸੱਚੀ ਅਯਾਸ਼ੀ ਉਸ ਜੋੜੀ ਦੀ ਹੁੰਦੀ ਜੋ ਕੱਚੇ ਰਾਹਾਂ 'ਤੇ ਸਾਈਕਲ ਦੀ ਸਵਾਰੀ ਕਰਦਾ, ਨਿੱਕੇ ਨਿੱਕੇ ਹੁੰਗਾਰਿਆਂ, ਹਾਸਿਆਂ ਹੁੱਜਾਂ ਅਤੇ ਹੁੱਝਤਾਂ ਨਾਲ ਅਠਖੇਲੀਆਂ ਕਰਦਾ, ਲੰਮੇ ਸਫ਼ਰ ਨੂੰ ਛੋਟਾ ਕਰ ਲੈਂਦਾ ਹੈ। ਸਫ਼ਰ ਦੇ ਥਕੇਵੇਂ ਅਤੇ ਅਕੇਵੇਂ ਵਿਚ ਸੁਖਨ ਅਤੇ ਸਕੂਨ ਦੀ ਸਿਰਜਣਾ ਕਰਦਿਆਂ, ਸ਼ੁਕਰਗੁਜ਼ਾਰੀ ਵਿਚ ਖੁਦ ਨੂੰ ਲਿਪਤ ਰੱਖਦਾ ਹੈ। ਯਾਦ ਰੱਖਣਾ! ਸੁੱਖ ਤੇ ਸ਼ਾਂਤੀ ਕਦੇ ਵੀ ਮੱਥੇ ਦੀਆਂ ਤਿਊੜੀਆਂ ਵਿਚ ਨਹੀਂ ਹੁੰਦੀ ਸਗੋਂ ਮੁੱਖ 'ਤੇ ਪਸਰੇ ਨੂਰ ਵਿਚ ਹੁੰਦੀ ਹੈ, ਜੋ ਕਦੇ ਵੀ ਧਨ, ਖ਼ੂਬਸੂਰਤੀ, ਸਫ਼ਲਤਾ ਜਾਂ ਸਹੂਲਤਾਂ ਦੀ ਮੁਥਾਜ ਨਹੀਂ ਹੁੰਦੀ। ਇਹ ਮਨੁੱਖ ਦੀ ਮਾਨਸਿਕ ਅਵਸਥਾ ਹੁੰਦੀ ਕਿ ਜੋ ਉਹ ਨਿੱਕੀਆਂ ਗੱਲਾਂ ਵਿਚ ਭਾਲਦਾ, ਇਸਨੂੰ ਮਾਣਦਾ ਅਤੇ ਜ਼ਿੰਦਗੀ ਦੇ ਪਲਾਂ ਨੂੰ ਜਿਉਣ ਜੋਗਾ ਕਰਦਾ ਹੈ।

ਇਹ ਕੇਹਾ ਠਾਠ ਹੈ ਕਿ ਅਸੀਂ ਬਿਮਾਰ ਹੋ ਕੇ ਵੱਡੇ ਅਤੇ ਮਹਿੰਗੇ ਹਸਪਤਾਲਾਂ ਤੋਂ ਇਲਾਜ ਕਰਵਾਉਣ ਵਿਚ ਸ਼ਾਨ ਸਮਝਦੇ ਹਾਂ ਜਾਂ ਵਿਦੇਸ਼ ਤੋਂ ਇਲਾਜ ਕਰਵਾਉਣ ਨੂੰ ਤਰਜੀਹ ਦਿੰਦੇ ਹਾਂ। ਠਾਠ ਤਾਂ ਇਹ ਹੋਣਾ ਚਾਹੀਦਾ ਕਿ ਅਸੀਂ ਤੰਦਰੁਸਤ ਰਹਿਣ ਨੂੰ ਤਰਜੀਹ ਦੇਈਏ। ਹਸਪਤਾਲ ਦੀ ਬਜਾਏ ਸਵੇਰੇ ਕਿਸੇ ਪਾਰਕ ਵਿਚ ਸੈਰ ਕਰੀਏ ਅਤੇ ਤਨ ਤੇ ਮਨ ਨੂੰ ਅਰੋਗ ਰੱਖੀਏ।

ਅਮੀਰਾਨਾ ਠਾਠ ਇਹ ਨਹੀਂ ਕਿ ਅਸੀਂ ਗਮਲਿਆਂ ਵਿਚ ਫੁੱਲ-ਬੂਟੇ ਉਗਾ, ਕਮਰਿਆਂ ਨੂੰ ਸਜਾਉਣ ਤੀਕ ਹੀ ਸੀਮਤ ਹੋ ਜਾਈਏ। ਸਗੋਂ ਚਾਹੀਦਾ ਇਹ ਹੈ ਕਿ ਅਸੀਂ ਬਾਗ ਵਿਚ ਜਾਈਏ, ਫੁੱਲਾਂ ਦੀ ਸੰਗਤ ਮਾਣੀਏ, ਇਨ੍ਹਾਂ ਦੇ ਰੰਗਾਂ ਅਤੇ ਫੁੱਲ ਪੱਤੀਆਂ ਨੂੰ ਨਿਹਾਰੀਏ। ਤਿਤਲੀਆਂ ਦੀ ਰੰਗ-ਬਿਰੰਗਤਾ ਨੂੰ ਦੇਖੀਏ ਅਤੇ ਭੌਰਿਆਂ ਦੀ ਧੁਨੀ ਵਿਚ ਸਾਹ-ਸਾਰੰਗੀ ਨੂੰ ਸੁਰ ਕਰੀਏ।

ਅਮੀਰੀ ਇਹ ਵੀ ਨਹੀਂ ਹੁੰਦੀ ਕਿ ਕਿ ਅਸੀਂ ਘਰ ਵਿਚ ਪਲਾਸਟਿਕ ਦੇ ਫੁੱਲਦਾਨ ਸਜਾਈਏ ਅਤੇ ਮਸਨੂਈ ਭਰਮ-ਭਾਵਨਾ ਪੈਦਾ ਕਰੀਏ ਕਿ ਅਸੀਂ ਕੁਦਰਤ ਦੇ ਕਰੀਬ ਹਾਂ। ਕੁਦਰਤ ਦਾ ਸੰਗ ਮਾਨਣ ਲਈ ਜ਼ਰੂਰੀ ਹੈ ਕਿ ਅਸੀਂ ਸਵੇਰ ਸਾਰ ਘਰੋਂ ਬਾਹਰ ਨਿਕਲੀਏ। ਰੁੱਖਾਂ ਤੇ ਬਿਰਖਾਂ ਵਿਚ ਬਿਰਾਜਮਾਨ ਕੁਦਰਤੀ ਅਸੀਮਤਾ ਨੂੰ ਦੇਖੀਏ। ਪੰਛੀਆਂ ਦੀਆਂ ਉਡਾਰੀਆਂ ਅਤੇ ਇਨ੍ਹਾਂ ਦੀ ਬੋਲਬਾਣੀ ਵਿਚੋਂ ਉਨ੍ਹਾਂ ਬੋਲਾਂ ਨੂੰ ਪੈਦਾ ਕਰੀਏ ਜਿਨ੍ਹਾਂ ਨੇ ਮਨੁੱਖ ਨੂੰ ਉਮਰ ਭਰ ਅਰੋਗ ਰਹਿਣ ਦਾ ਮੂਲ-ਮੰਤਰ ਦੱਸਣਾ। ਅਮੀਰੀ ਹੁੰਦੀ ਹੈ ਕਿ ਘਰ ਦੀ ਬੰਦ ਤੇ ਹਵਾਸੀ ਪੌਣ ਨੂੰ ਦੁਰਕਾਰ ਕੇ, ਖੁੱਲ੍ਹੀ ਆਬੋ-ਹਵਾ ਨੂੰ ਆਪਣੇ ਅੰਦਰ ਭਰ, 'ਵਾ ਦੀ ਰੁਮਕਣੀ ਨਾਲ ਪੱਤਿਆਂ ਵਿਚ ਪੈਦਾ ਸੰਗੀਤ ਨੂੰ ਸੁਣਨਾ।

ਅਮੀਰੀ ਇਹ ਨਹੀਂ ਹੁੰਦੀ ਕਿ ਭਾਂਤ-ਸੁਭਾਂਤੇ ਖਾਣੇ ਖਾਣ ਲਈ ਪੰਜ ਸਿਤਾਰਾ ਹੋਟਲ ਵਿਚ ਜਾਣਾ। ਕਦੇ ਵਾਗੀ ਦੇ ਪੱਲੇ ਬੱਧੀ ਅਚਾਰ ਤੇ ਗੰਢੇ ਨਾਲ ਰੋਟੀ ਦਾ ਸਵਾਦ ਚੱਖਣਾ ਅਤੇ ਵਾਗੀ ਦੇ ਚਿਹਰੇ 'ਤੇ ਉਗੀ ਹੁਲਾਸ, ਆਨੰਦ ਅਤੇ ਸੰਤੁਸ਼ਟੀ ਨੂੰ ਦੇਖਣਾ ਜੋ ਮਹਿੰਗੇ ਹੋਟਲ ਅਤੇ ਬਾਵਰਚੀ ਵੀ ਕਦੇ ਵੀ ਨਹੀਂ ਸਿਰਜ ਸਕਦੇ।

ਬੱਚੇ ਦੇ ਚਿਹਰੇ 'ਤੇ ਉਕਰੀ ਖ਼ੁਸ਼ੀ ਤੇ ਆਨੰਦ ਨੂੰ ਨਾਨੇ/ਨਾਨੀ ਜਾਂ ਦਾਦਾ/ਦਾਦੀ ਨਾਲ ਨਿੱਕੇ ਨਿੱਕੇ ਲਾਡ ਕਰਦਿਆਂ, ਲਾਚੜਦਿਆਂ, ਜ਼ਿੱਦ ਕਰਦਿਆਂ ਜਾਂ ਅੜੀ ਕਰਦਿਆਂ ਦੇਖਣਾ। ਆਪਣੀ ਮਾਸੂਮੀਅਤ ਵਿਚੋਂ ਨਵੀਆਂ ਉਮੰਗਾਂ ਅਤੇ ਤਰਜੀਹਾਂ ਦੀ ਸਿਰਜਣਾ ਵਿਚੋਂ ਨਜ਼ਰ ਆਵੇਗੀ ਨਾ ਕਿ ਬੱਚਿਆਂ ਨੂੰ ਸੰਭਾਲਣ ਵਾਲੀ ਆਂਟੀ ਕੋਲ ਪਲਰਦੇ ਬੱਚਿਆਂ ਵਿਚੋਂ। ਭਾਵੇਂ ਕਿ ਉਨ੍ਹਾਂ ਕੋਲ ਸਾਰੀਆਂ ਸੁੱਖ ਸਹੂਲਤਾਂ ਦੀ ਬਹੁਤਾਤ ਹੁੰਦੀ ਹੈ। ਇਹ ਹੁਲਾਸ ਧਨ ਵਿਚੋਂ ਨਹੀਂ ਸਗੋਂ ਰਿਸ਼ਤਈ ਨਿੱਘ ਤੇ ਅਪਣੱਤ ਵਿਚੋਂ ਮਿਲਦਾ ਹੈ।

ਅਮੀਰੀ ਇਹ ਨਹੀਂ ਹੁੰਦੀ ਕਿ ਮਹਿੰਗੇ ਬੂਟ ਪਾ ਕੇ ਰੈੱਡ ਕਾਰਪਿਟ 'ਤੇ ਤੁਰਨਾ ਅਤੇ ਆਪਣੀ ਮੜ੍ਹਕ ਨਾਲ ਆਲੇ-ਦੁਆਲੇ ਨੂੰ ਚੁੰਧਿਆਉਣਾ। ਸਗੋਂ ਆਨੰਦਤ ਹੋਣ ਲਈ ਕਦੇ ਤ੍ਰੇਲੇ ਘਾਹ 'ਤੇ ਨੰਗੇ ਪੈਰੀਂ ਤੁਰਨਾ, ਕਦੇ ਸਮੁੰਦਰੀ ਬੀਚ 'ਤੇ ਗਿੱਲੀ ਰੇਤ ਤੇ ਨੰਗੇ ਪੈਰੀਂ ਤੁਰਦਿਆਂ, ਸਮੁੰਦਰੀ ਲਹਿਰਾਂ ਸੰਗ ਗੁਫ਼ਤਗੂ ਕਰਨਾ, ਕਦੇ ਬੱਚਿਆਂ ਵਲੋਂ ਪਹਿਆਂ ਦੀ ਧੂੰਧਲ ਨੂੰ ਉਡਾਉਂਦੇ ਜਾਂ ਰੇਤ ਦੇ ਘਰ ਬਣਾਉਂਦੇ ਦੇਖਣਾ, ਪਤਾ ਲੱਗੇਗਾ ਕਿ ਆਨੰਦ ਕਿਵੇਂ ਅਣਗੌਲੀਆਂ ਕਿਰਿਆਵਾਂ ਵਿਚੋਂ ਪ੍ਰਗਟਦਾ ਹੈ।

ਆਨੰਦ ਇਹ ਵੀ ਨਹੀਂ ਹੁੰਦਾ ਕਿ ਅਸੀਂ ਬਰਫ਼ਬਾਰੀ ਤੋਂ ਬਚਣ ਲਈ ਮੋਟੇ ਕੱਪੜੇ ਪਾਈ ਰੱਖੀਏ, ਨਿੱਘੇ ਕਮਰਿਆਂ ਵਿਚੋਂ ਹੀ ਬਾਹਰ ਨਾ ਨਿਕਲੀਏ। ਅਲਮਸਤੀ ਨੂੰ ਕਿਸ ਪੈਮਾਨੇ ਨਾਲ ਮਾਪੋਗੇ ਜਦ ਬੱਚੇ ਬਰਫ਼ ਦੇ ਗੋਲੇ ਬਣਾ ਕੇ ਇਕ ਦੂਜੇ ਨੂੰ ਮਾਰਦੇ ਨੇ, ਕਦੇ ਸਨੋਅ ਮੈਨ ਬਣਾਉਂਦੇ, ਕਦੇ ਬਰਫ਼ 'ਤੇ ਸਕੀਇੰਗ ਕਰਦੇ ਜਾਂ ਕਦੇ ਬਰਫ਼ ਦੀਆਂ ਚਿੱਟੀਆਂ ਫੁੱਟੀਆਂ ਦੀ ਕਲਾਕਾਰੀ ਆਪਣੇ ਕੱਪੜਿਆਂ 'ਤੇ ਕਰਦੇ।

ਇਹ ਕਿੱਧਰ ਦੀ ਅਯਾਸ਼ੀ ਕਿ ਅਮੀਰੀ ਇਹ ਵੀ ਨਹੀਂ ਆਪਣੀ ਅਮੀਰੀ ਦੇ ਰੋਅਬ ਵਿਚ ਕਮਰਿਆਂ ਦੀ ਸੁੰਨ ਦਾ ਸਾਥ ਮਾਣੋ। ਖੁਦ ਨੂੰ ਇਕੱਲਤਾ ਨਾਲ ਮਤਾੜੋ। ਸਗੋਂ ਆਪਣੇ ਪੁਰਾਣੇ ਮਿੱਤਰ, ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਅਤੇ ਸਕੇ-ਸਬੰਧੀਆਂ ਦੀ ਸੰਗਤ ਮਾਨਣ ਲਈ ਪਹਿਲ ਕਰੋ। ਤੁਹਾਡੀ ਫੋਕੀ ਅਮੀਰੀ ਸ਼ਰਮਸਾਰ ਹੋਵੇਗੀ ਅਤੇ ਤੁਹਾਨੂੰ ਅਸਲੀ ਅਮੀਰੀ ਦਾ ਅਹਿਸਾਸ ਹੋਵੇਗਾ।

ਅਮੀਰੀ ਇਹ ਵੀ ਨਹੀਂ ਹੁੰਦੀ ਕਿ ਖੁਦ ਨੂੰ ਦੁਨੀਆਂ ਤੋਂ ਦੂਰ ਕਰੋ। ਸਾਰਿਆਂ ਨਾਲੋਂ ਨਾਤੇ ਤੋੜ ਲਵੋ। ਸਗੋਂ ਆਪਣੇ ਬਚਪਨ ਦੇ ਸਾਥੀਆਂ ਨੂੰ ਫੋਨ ਕਰਦੇ ਰਹੋ। ਉਨ੍ਹਾਂ ਦੀ ਸਿਹਤ ਬਾਰੇ ਅਤੇ ਉਨ੍ਹਾਂ ਦੇ ਜੀਵਨ ਦੀ ਸਾਰ ਲੈਂਦੇ ਰਹੋ। ਤੁਹਾਡੀ ਜ਼ਿੰਦਗੀ ਵੀ ਜਿਉਣ ਜੋਗੀ ਹੋ ਜਾਵੇਗੀ ਕਿਉਂਕਿ ਅਸੀਂ ਕਿਸੇ ਦੀ ਉਤਮ ਜੀਵਨ-ਜਾਚ ਵਿਚੋਂ ਖੁਦ ਦੀ ਜੀਵਨ ਸ਼ੈਲੀ ਨੂੰ ਵਿਉਂਤ ਕੇ ਸੱਚੀ ਮੁੱਚੀ ਦੇ ਅਮੀਰ ਹੋ ਸਕਦੇ ਹਾਂ।

ਅਮੀਰੀ ਤਾਂ ਇਹ ਵੀ ਨਹੀਂ ਹੁੰਦੀ ਕਿ ਅਸੀਂ ਸਵੇਰੇ ਬਾਰਾਂ ਵਜੇ ਉਠੀਏ ਸਗੋਂ ਅਮੀਰਤਾ ਤਾਂ ਇਹ ਹੁੰਦੀ ਕਿ ਅਸੀਂ ਸਵੇਰੇ ਸਰਘੀ ਵੇਲੇ ਸੂਰਜ ਦੀਆਂ ਕਿਰਨਾਂ ਨੂੰ ਖ਼ੁਸ਼ਆਮਦੀਦ ਕਹੀਏ। ਫੁੱਲਾਂ 'ਤੇ ਡਲਕਦੇ ਤ੍ਰੇਲ ਤੁਪਕਿਆਂ ਵਿਚ ਨਿਖਰਦੇ ਰੰਗਾਂ ਰਾਹੀਂ ਜੀਵਨੀ ਰੰਗਾਂ ਦੇ ਭੇਤ ਨੂੰ ਜਾਣੀਏ। ਚੋਗ ਲਈ ਨਿਕਲੇ ਪਰਿੰਦਿਆਂ ਦੀ ਪ੍ਰਵਾਜ਼ ਨੂੰ ਆਪਣਾ ਜੀਵਨ-ਅੰਦਾਜ਼ ਬਣਾਈਏ।

ਅਮੀਰੀ ਤੁਹਾਡੀ ਦਿੱਖ ਹੈ। ਚਿਹਰੇ 'ਤੇ ਪਸਰੀ ਮੁਸਕਰਾਹਟ ਹੈ। ਅੱਖਾਂ ਵਿਚ ਚਮਕਦੀ ਸ਼ੁੱਭ-ਭਾਵਨਾ ਹੈ। ਤੁਹਾਡੇ ਨਜ਼ਰੀਏ ਵਿਚਲਾ ਸ਼ੁਭ-ਚਿੰਤਨ ਅਤੇ ਜੀਵਨੀ ਵਿਚਾਰਧਾਰਾ ਹੈ। ਅਮੀਰਤਾ ਕਿਸੇ ਕੋਲੋਂ ਖੋਹਣਾ ਨਹੀਂ ਸਗੋਂ ਕਿਸੇ ਨੂੰ ਕੁਝ ਦੇਣਾ ਹੁੰਦਾ ਹੈ। ਇਕੱਠੇ ਕੀਤਿਆਂ ਸਭ ਕੁਝ ਗਲ ਜਾਂਦਾ ਹੈ ਜਦ ਕਿ ਵੰਡਿਆਂ ਇਹ ਦੂਣ ਸਵਾਇਆ ਹੁੰਦਾ ਹੈ।

ਅਮੀਰੀ ਕਿਸੇ ਦੀਆਂ ਦੁਆਵਾਂ ਅਤੇ ਅਸੀਸਾਂ ਵਿਚੋਂ ਆਪਣੀ ਹੋਂਦ ਨੂੰ ਕਿਆਸਣਾ ਹੁੰਦਾ ਨਾ ਕਿ ਕਿਸੇ ਦੇ ਵੈਣਾਂ, ਸਿਆਪਿਆਂ ਜਾਂ ਉਲ੍ਹਾਮਿਆਂ ਵਿਚੋਂ ਆਪਣੀ ਅਕ੍ਰਿਤਾਰਥਾ ਨੂੰ ਜੱਗ-ਜ਼ਾਹਰ ਕਰਨਾ ਹੁੰਦਾ।

ਸ਼ਾਹਾਨਾ ਠਾਠ ਇਹ ਨਹੀਂ ਹੁੰਦਾ ਕਿ ਅਸੀਂ ਕਿਸੇ ਨੂੰ ਹੀਣ-ਭਾਵਨਾ ਨਾਲ ਜਿਉਣ ਲਈ ਮਜਬੂਰ ਕਰੀਏ। ਕਿਸੇ ਨੂੰ ਨਫ਼ਰਤ ਕਰੀਏ। ਕੋਫ਼ਤ ਕਰੀਏ। ਕਿਸੇ ਦੀਆਂ ਆਸਾਂ-ਉਮੀਦਾਂ ਦਾ ਸੇਕ ਵਿਚੋਂ ਖੁਦ ਲਈ ਨਿੱਘ ਪੈਦਾ ਕਰੀਏ। ਅਸਲੀ ਠਾਠ ਹੁੰਦਾ ਹੈ ਕਿ ਅਸੀਂ ਖੁਦ ਨੂੰ ਪਿਆਰ ਕਰਦੇ ਹਾਂ ਕਿਉਂਕਿ ਪਿਆਰ ਦੇ ਪੈਗਾਮ ਵਿਚ ਮਾਨਵਤਾ ਦਾ ਮੁਹਾਂਦਰਾ ਸੂਹੀ ਭਾਅ ਪੈਦਾ ਕਰਦਾ ਜਿਸਨੇ ਜੀਵਨ ਨੂੰ ਰੂਹਾਨੀ ਰੰਗਤ ਬਖ਼ਸ਼ਣੀ ਹੁੰਦੀ ਹੈ।

ਅਮੀਰੀ ਇਹ ਨਹੀਂ ਹੁੰਦੀ ਕਿ ਅਸੀਂ ਕਿਸੇ ਦੇ ਸੁਪਨਿਆਂ ਦੇ ਕਾਤਲ ਬਣੀਏ। ਕਿਸੇ ਲਈ ਕਬਰ ਪੁੱਟੀਏ। ਸਗੋਂ ਸੁੱਚੀ ਅਮੀਰੀ ਤਾਂ ਹੁੰਦੀ ਹੈ ਕਿ ਅਸੀਂ ਸੁਪਨੇ ਵਣਜੀਏ। ਸੁਪਨਹੀਣ ਨੈਣਾਂ ਵਿਚ ਉਹ ਸੁਪਨੇ ਧਰੀਏ ਜਿਸ ਨਾਲ ਉਨ੍ਹਾਂ ਵਿਚ ਮਾਨਵਜੀਤ ਬਣਨ, ਪੈਗੰਬਰੀ ਰਹਿਤਲ ਨੂੰ ਸਿਰਜਣ ਅਤੇ ਸਭ ਦੇ ਜਿਉਣ ਦਾ ਸਬੱਬ ਉਸਰੇ।

# SANT BABA PREM SINGH JI SPORTS CLUB SOUTH BEND INDIANA

# ਕਬੱਡੀ ਮੇਲਾ

## 25 ਜੂਨ, 2022, ਸ਼ਨਿਚਰਵਾਰ

**@ Indiana Invaders Sports Complex**
**55400 Pine Rd. South Bend, IN 46628**





ਬਲਦੇਵ ਸਿੰਘ ਸੱਲ੍ਹਾਂ (ਸਰਪ੍ਰਸਤ ਪ੍ਰਧਾਨ)


ਪ੍ਰਿਥਪਾਲ ਸਿੰਘ ਘੋਤੜਾ (ਸਰਪ੍ਰਸਤ ਪ੍ਰਧਾਨ)





## ਗੁਰਲੇਜ਼ ਅਖਤਰ ਤੇ ਰੌਸ਼ਨ ਪ੍ਰਿੰਸ ਲਾਉਣਗੇ ਗੀਤਾਂ ਦੀ ਛਹਿਬਰ

## GUEST OF HONOUR





Darshan Singh Dhaliwal


Surjit Singh Rakhra


Amit Kumar Consul General (Chicago)


Sp Singh Oberoi


Harbhajan S. Ghumon


Harry Ghumon


Amarbeer Singh Ghumon

ਸਮੂਹ ਖੇਡ ਪ੍ਰੇਮੀਆਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ ਸਾਊਥਬੈਂਡ (ਇੰਡੀਆਨਾ) ਵਲੋਂ ਪੰਜਾਬੀ ਭਾਈਚਾਰੇ ਵਿਚ ਖੇਡਾਂ ਨੂੰ ਉਤਸ਼ਾਹਤ ਕਰਨ ਦੇ ਮਨੋਰਥ ਨਾਲ ਕਬੱਡੀ ਮੇਲਾ 25 ਜੂਨ 2022, ਦਿਨ ਸ਼ਨਿਚਰਵਾਰ ਨੂੰ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਕਬੱਡੀ ਟੀਮਾਂ ਦੇ ਫਸਵੇਂ ਮੈਚ ਹੋਣਗੇ।

**ਮੁਫਤ ਖਾਣਾ**
**ਮੁਫਤ ਪਾਰਕਿੰਗ**

## ਸਮੂਹ ਖੇਡ ਪ੍ਰੇਮੀਆਂ ਨੂੰ ਇਸ ਖੇਡ ਮੇਲੇ ਦਾ ਅਨੰਦ ਮਾਣਨ ਦਾ ਖੁੱਲ੍ਹਾ ਸੱਦਾ ਹੈ

## ਹੋਰ ਜਾਣਕਾਰੀ ਲਈ ਸੰਪਰਕ ਕਰੋ:

**ਪਾਲ ਸਿੰਘ ਖ਼ਲੀਲ 269-861-1800, ਦੀਦਾਰ ਸਿੰਘ ਬੈਂਸ ਲੱਖਾ 574-210-0213**

# SANT BABA PREM SINGH JI SPORTS CLUB SOUTH BEND INDIANA

## ਪਹਿਲਾ ਇਨਾਮ | CHIEF GUEST | ਦੂਜਾ ਇਨਾਮ




Darshan Singh Dhaliwal | Surjit Singh Rakhra | Sp Singh Oberoi | Harbhajan S. Ghumon | Harry Ghumon | Amarbeer Singh Ghumon



Baldev Singh Giljian | Raghbir Singh Subhanpur | Lally Bawa | Jarnail Singh | Surjit Jonny Salhan | Kiranjit Singh Bawa | Bhupinder Singh Sodhi

## DIAMOND SPONSORS



Raghbir Khalil | Onkar Kari | Baljinder Cheema | Amarjit Cheema | Daljinder Singh | Manpreet Singh | Sukhwinder Laddy | Mandeep Lucky | Jaswinder Neeta | Pawanpreet Pinta | Happy Grand Rapid



Amrit Pal Sangha | Harvinder Billa | Gurmeet Bhola | Yadwinder Grewal | Harjinder Khaira | Jaskaran Dhaliwal | Jindi Dyal | Hardeep Gill | Narinder Sra | Midha Mahalpuria | Lovedeep Dullat | Lucky Sahota



Tony Singh (NY) | Rimpy Khattra | Dharminder Khattra | Satwinder Satta | Mandeep Bhura | Rajinder Bains | SarwanTiwana | Himmat Singh | Gareeb Singh | Harpal Tanda | Narinder Munder | Preet Singh



Mukesh Modi | Kuljit Singh | Mukhwinder Happy | Vikas Kumar | Lakhbir Laddi | Surinder Shinda | Raj Grewal | Bobby | Ricky Singh | Ravi Singh



Dipty Singh | Gurjinder Ahuja | Harbinder Singh | Bittu Singh | Baljinder Singh | Sukhwinder Babbu | Surinder Singh | Sandeep Singh MD | Rinku Singh | Zoravar Singh

# SANT BABA PREM SINGH JI SPORTS CLUB SOUTH BEND INDIANA

## SALHAN BROTHRES



Jathedar Tara Singh | Baldev Singh Salhan | Sarabjit Singh Salhan | Gurmeet Singh | Prithpal Singh Ghotra | JP Khaira





Harwinder Walia | Darshan Darar | Dr. Joga Singh | Salhan | Sukhjinder Singh Goldy | Mukhtiar Happy | Harbhajan Singh

## DIAMOND SPONSORS



Onkar Singh | Mukhtiar Singh | Gurbachan Singh | Sarwan Singh | Balbir Grewal | Ajay Singh | Jagmohsn Singh | Satbir Sony | Sandeep Lally | Teetu | Santosh Rajmane | Ravipal Singh

## ਬੈਸਟ ਜਾਫੀ ਤੇ ਬੈਸਟ ਰੇਡਰ ਦਾ ਇਨਾਮ ਸ਼ੇਰੇ ਪੰਜਾਬ ਸਪੋਰਟਸ ਕਲੱਬ ਮਿੱਡਵੈਸਟ ਵਲੋਂ



Amrit Pal Gill | Parminder Walia | Amardev Bandesha | Hardeep Bandesha | Balwinder Chatha | Gurdev Gill | Darshan Pamma | Ajaib Lakhan | Santokh DC | Gurmeet Dhaliwal | Lakhwinder Singh | Jasroop Singh | Amritpal Mangat | Pinda Saimby | Raghbir Kang | Amarjit Bandesha | Manjinder Singh



Sikander Bittu | Rinku Singh NY | Jaswinder Jassi | Daljit Shally | Surjit Goldy | Ravi Hanjrah | Parminder Goldy | Harjinder Jindi | Mahavir Singh | Inderjit Singh | Bachan Singh Gill



Surjit Singh | Ajay Grover | Jasbir Singh | Richy Singh | Himmat Singh | Danvir Singh | Gurvinder Singh | Balwinder Singh | Sukhwinder Singh | Gagandeep Singh | Ragbhinder Singh



Harminder Miani | Sonu Bhagtana | Satnam Kala | Hardis Singh | Gurnam Singh | Gurbhajan Jonny | Rajwinder Jonny | Ajmer Singh | Pinka Grand Rapid | Sukhi Singh


# SANT BABA PREM SINGH JI SPORTS CLUB SOUTH BEND INDIANA

# ਵਾਲੀਬਾਲ ਮੈਚ

## 25 ਜੂਨ, 2022, ਸ਼ਨਿਚਰਵਾਰ

**@ Indiana Invaders Sports Complex**
**55400 Pine Rd. South Bend, IN 46628**





ਟੋਨੀ ਸੰਘੇੜਾ



ਹਰਮਨ ਘੋਤੜਾ



ਯੂਥ ਕਲੱਬ ਕ੍ਰਾਊਨ ਪੁਆਇੰਟ ਇੰਡੀਆਨਾ



ਹਰਬੰਸ ਸਿੰਘ



ਜਸਵੀਰ ਸਿੰਘ



ਹਰਜੀਤ ਸਿੰਘ



ਜਸਪਾਲ ਸਿੰਘ ਗਿੱਲ



ਜਸਵਿੰਦਰ ਸਿੰਘ ਜੱਸੀ



ਭਾਗ ਸਿੰਘ ਸਿੱਧੂ



ਗੋਲਡੀ ਸਿੰਘ



ਸੁਖਵਿੰਦਰ ਸਿੰਘ



ਗੋਲਡੀ ਸਿੰਘ ਗਿਲਜੀਆਂ



ਵਿੱਕੀ ਸਿੰਘ ਨਿਊਯਾਰਕ




ਜਸਵਿੰਦਰ ਸਿੰਘ ਵਾਲੀਆ



ਸਤਿੰਦਰ ਸਿੰਘ ਬਾਠ



ਰਾਜੇਸ਼ ਚੋਪੜਾ



ਸੁਖਦੇਵ ਸਿੰਘ ਭੰਗੂ



ਪੀਸੀਐਸ ਮਿਸ਼ੀਗਨ



ਸਾਊਥਬੈਂਡ ਵਿਚ ਪਹਿਲੀ ਵਾਰ ਵਾਲੀਬਾਲ ਦੇ ਮੈਚ ਕਰਵਾਏ ਜਾ ਰਹੇ ਹਨ। ਸਮੂਹ ਖੇਡ ਪ੍ਰੇਮੀਆਂ ਨੂੰ ਪਰਿਵਾਰਾਂ ਸਣੇ ਖੇਡ ਮੇਲੇ ਵਿਚ ਪੁੱਜਣ ਤੇ ਵਾਲੀਬਾਲ ਦੇ ਮੈਚਾਂ ਦਾ ਅਨੰਦ ਮਾਣਨ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।

## ਹੋਰ ਜਾਣਕਾਰੀ ਲਈ ਸੰਪਰਕ ਕਰੋ:

## ਟੋਨੀ ਸੰਘੇੜਾ (ਫੋਨ: 630-728-5490), ਹਰਮਨ ਘੋਤੜਾ

# ਇਟਲੀ ਦਾ ਫਾਸ਼ੀਵਾਦ ਅਤੇ ਹਿੰਦੂਤਵੀ ਸਿਆਸਤ



**ਰਾਮਚੰਦਰ ਗੁਹਾ**

ਉਤਰ ਪ੍ਰਦੇਸ਼ ਦੀ ਸ਼ਾਰਦਾ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਦੇ ਇਕ ਅਧਿਆਪਕ ਨੇ ਆਪਣੇ ਵਿਦਿਆਰਥੀਆਂ ਨੂੰ ਪ੍ਰੀਖਿਆ ਵਿਚ ਇਹ ਪ੍ਰਸ਼ਨ ਪਾ ਦਿੱਤਾ: 'ਕੀ ਤੁਸੀਂ ਫਾਸ਼ੀਵਾਦ, ਨਾਜ਼ੀਵਾਦ ਅਤੇ ਕੱਟੜਪੰਥੀ ਹਿੰਦੂਵਾਦ ਦਰਮਿਆਨ ਕੋਈ ਸਮਾਨਤਾਵਾਂ ਦੇਖਦੇ ਹੋ? ਇਸ ਦਾ ਤਰਕ ਸਹਿਤ ਖੁਲਾਸਾ ਕਰੋ।' ਯੂਨੀਵਰਸਿਟੀ ਦੇ ਅਧਿਕਾਰੀਆਂ ਨੇ ਅਧਿਆਪਕ ਨੂੰ ਇਸ ਬਿਨਾ 'ਤੇ ਮੁਅੱਤਲ ਕਰ ਦਿੱਤਾ ਕਿ ਇਹ ਸਵਾਲ ਪੁੱਛਣਾ ਹੀ ਮੁਲਕ ਦੀ 'ਮਹਾਨ ਰਾਸ਼ਟਰੀ ਪਛਾਣ' ਦੇ ਖਿਲਾਫ਼ ਹੈ, ਇਸ ਨਾਲ 'ਸਮਾਜਿਕ ਬਦਅਮਨੀ ਫੈਲਣ ਦਾ ਡਰ ਹੈ।'

ਇਸ ਕਾਲਮ ਵਿਚ ਉਸੇ ਸਵਾਲ ਦਾ ਜਵਾਬ ਦੇਣ ਦਾ ਯਤਨ ਹੈ ਜੋ ਸ਼ਾਰਦਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਵਰਜਿਤ ਕਰਾਰ ਦੇ ਦਿੱਤਾ ਗਿਆ। ਮੁੱਖ ਸਰੋਤ ਵਜੋਂ ਮੈਂ ਇਤਾਲਵੀ ਇਤਿਹਾਸਕਾਰ ਮਾਰਜ਼ੀਆ ਕਾਸੋਲਾਰੀ ਦੀਆਂ ਲਿਖਤਾਂ ਦਾ ਸਹਾਰਾ ਲਿਆ ਹੈ, ਖਾਸਕਰ ਉਨ੍ਹਾਂ ਦਾ ਲੇਖ 'ਹਿੰਦੂਤਵਾ'ਜ਼ ਫਾਰੇਨ ਟਾਇ-ਅਪ ਇਨ ਦਿ 1930ਜ਼' (1930ਵਿਆਂ ਵਿਚ ਹਿੰਦੂਤਵ ਦੇ ਵਿਦੇਸ਼ੀ ਜੋੜ) ਜੋ ਸੰਨ 2000 ਵਿਚ 'ਇਕੋਨੌਮਿਕ ਐਂਡ ਪੁਲਿਟੀਕਲ ਵੀਕਲੀ' ਮੈਗਜ਼ੀਨ ਵਿਚ ਛਪਿਆ ਸੀ ਅਤੇ ਵੀਹ ਸਾਲ ਬਾਅਦ ਛਪੀ ਕਿਤਾਬ 'ਸ਼ੈਡੋ ਆਫ ਦਿ ਸਵਾਸਤਿਕ: ਦਿ ਰਿਲੇਸ਼ਨਸ਼ਿਪ ਬਿਟਵੀਨ ਰੈਡੀਕਲ ਨੈਸ਼ਨਲਿਜ਼ਮ ਇਟੈਲੀਅਨ ਫਾਸਿਜ਼ਮ ਐਂਡ ਨਾਜ਼ੀਇਜ਼ਮ' ਵਿਚ ਵੀ ਛਪਿਆ ਸੀ।

ਕਾਸੋਲਾਰੀ ਦਾ ਕਾਰਜ ਇਟਲੀ, ਭਾਰਤ ਅਤੇ ਬਰਤਾਨੀਆ ਦੇ ਪੁਰਾ-ਲੇਖਾਲਿਆਂ ਵਿਚ ਨਿੱਠ ਕੇ ਕੀਤੀ ਖੋਜ ਅਤੇ ਵੱਖ ਵੱਖ ਭਾਸ਼ਾਵਾਂ ਦੀਆਂ ਮੂਲ ਲਿਖਤਾਂ ਦੀ ਸਮੱਗਰੀ 'ਤੇ ਆਧਾਰਿਤ ਹੈ। ਉਨ੍ਹਾਂ ਦਰਸਾਇਆ ਕਿ ਕਿਵੇਂ ਮਰਾਠੀ ਪ੍ਰੈੱਸ ਨੇ 1920ਵਿਆਂ ਤੇ 1930ਵਿਆਂ ਵਿਚ ਇਸ ਧਾਰਨਾ ਨਾਲ ਇਟਲੀ ਵਿਚ ਫਾਸ਼ੀਵਾਦ ਦੇ ਉਭਾਰ ਨੂੰ ਬਹੁਤ ਦਿਲਚਸਪੀ ਨਾਲ ਕਵਰ ਕੀਤਾ ਸੀ ਕਿ ਭਾਰਤ ਵਿਚ ਵੀ ਇਹੋ ਜਿਹੀ ਵਿਚਾਰਧਾਰਾ ਰਾਹੀਂ ਪੱਛੜੇ ਹੋਏ ਖੇਤੀਬਾੜੀ ਮੁਲਕ ਨੂੰ ਵਿਕਸਤ ਸਨਅਤੀ ਸ਼ਕਤੀ ਵਿਚ ਤਬਦੀਲ ਕੀਤਾ ਜਾ ਸਕਦਾ ਹੈ ਅਤੇ ਸਮਾਜ ਅੰਦਰ ਵਿਵਸਥਾ ਤੇ ਇਕਸਾਰਤਾ ਕਾਇਮ ਕੀਤੀ ਜਾ ਸਕਦੀ ਹੈ। ਕਾਸੋਲਾਰੀ ਨੇ ਮੁਸੋਲਿਨੀ ਅਤੇ ਫਾਸ਼ੀਵਾਦ ਬਾਰੇ ਇਹ ਰੌਸ਼ਨੀ ਪਾਉਣ ਵਾਲੇ ਇਨ੍ਹਾਂ ਬਹੁਤ ਸਾਰੇ ਲੇਖਾਂ ਦਾ ਹਵਾਲਾ ਦਿੱਤਾ ਹੈ ਜਿਨ੍ਹਾਂ ਨੂੰ ਸ਼ਾਇਦ ਰਾਸ਼ਟਰੀ ਸਵੈਮਸੇਵਕ ਸੰਘ ਦੇ ਮੋਢੀ ਆਗੂਆਂ ਕੇ.ਬੀ. ਹੈਡਗੇਵਾਰ ਅਤੇ ਐੱਮ.ਐੱਸ. ਗੋਲਵਲਕਰ ਅਤੇ ਹਿੰਦੂ ਮਹਾਸਭਾ ਦੇ ਮੋਢੀ ਆਗੂਆਂ ਵੀ.ਡੀ. ਸਾਵਰਕਰ ਅਤੇ ਬੀ.ਐੱਸ. ਮੂੰਜੇ ਵਰਗਿਆਂ ਨੇ ਪੜ੍ਹਿਆ ਹੋਵੇਗਾ। ਇਨ੍ਹਾਂ ਚਾਰੇ ਆਗੂਆਂ ਦੀ ਮਾਤ ਭਾਸ਼ਾ ਮਰਾਠੀ ਸੀ। ਇਸ ਤਰ੍ਹਾਂ, ਜਿਵੇਂ ਕਾਸੋਲਾਰੀ ਨੇ ਲਿਖਿਆ ਹੈ ਕਿ '1920ਵਿਆਂ ਦੇ ਅਖੀਰਲੇ ਸਾਲਾਂ ਤੱਕ ਮਹਾਰਾਸ਼ਟਰ ਵਿਚ ਫਾਸ਼ੀਵਾਦੀ ਸ਼ਾਸਨ ਅਤੇ ਮੁਸੋਲਿਨੀ ਦੇ ਕਾਫ਼ੀ ਹਮਾਇਤੀ ਹੋ ਗਏ ਸਨ। ਹਿੰਦੂ ਰਾਸ਼ਟਰਵਾਦੀਆਂ ਨੂੰ ਫਾਸ਼ੀਵਾਦ ਦੇ ਪਹਿਲੂ ਭਾਉਂਦੇ ਹਨ ਜਿਨ੍ਹਾਂ ਬਾਰੇ ਖਿਆਲ ਕੀਤਾ ਜਾਂਦਾ ਹੈ ਕਿ ਉਨ੍ਹਾਂ ਨੇ ਇਤਾਲਵੀ ਸਮਾਜ ਅੰਦਰ ਅਰਾਜਕਤਾ ਦੂਰ ਕਰ ਕੇ ਵਿਵਸਥਾ ਲਿਆਂਦੀ ਸੀ ਤੇ ਇਸ ਦਾ ਫ਼ੌਜੀਕਰਨ ਕੀਤਾ ਸੀ। ਇਸ ਨੂੰ ਲੋਕਤੰਤਰ ਦੇ ਹਾਂਦਰੂ ਬਦਲ ਵਜੋਂ ਪੂਰੀ ਤਰ੍ਹਾਂ ਲੋਕਤੰਤਰੀ ਵਿਰੋਧੀ ਪ੍ਰਣਾਲੀ ਗਿਣਿਆ ਜਾਂਦਾ ਸੀ ਜਦਕਿ ਲੋਕਤੰਤਰ ਨੂੰ ਬਰਤਾਨਵੀ ਸੰਸਥਾ ਵਜੋਂ ਦੇਖਿਆ ਜਾਂਦਾ ਸੀ।'

ਕਾਸੋਲਾਰੀ ਦੀਆਂ ਖੋਜਾਂ ਵਿਚ ਅਹਿਮ ਹਸਤੀ ਡਾ. ਬੀ.ਐੱਸ. ਮੂੰਜੇ ਸੀ ਜੋ ਹਿੰਦੂ ਕੱਟੜਪੰਥ ਦਾ ਮੁੱਖ ਵਿਚਾਰਕ ਸੀ। ਉਸ ਨੇ 1931 ਵਿਚ ਇਟਲੀ ਦਾ ਦੌਰਾ ਕੀਤਾ ਅਤੇ ਫਾਸ਼ੀਵਾਦੀ ਸ਼ਾਸਨ ਦੇ ਹਮਾਇਤੀਆਂ ਨੂੰ ਮਿਲਿਆ। ਉਹ ਮੁਸੋਲਿਨੀ ਅਤੇ ਉਸ ਦੀ ਵਿਚਾਰਧਾਰਾ ਤੋਂ ਬਹੁਤ ਪ੍ਰਭਾਵਿਤ ਸੀ ਅਤੇ ਉਸ ਦੀ ਤਰ੍ਹਾਂ ਹੀ ਨੌਜਵਾਨਾਂ ਅੰਦਰ ਫ਼ੌਜਪੁਣੇ ਵਾਲੀ ਭਾਵਨਾ ਭਰਨਾ ਚਾਹੁੰਦਾ ਸੀ। ਮੂੰਜੇ ਦੀ ਬੇਨਤੀ 'ਤੇ ਉਸ ਦੀ ਮੁਸੋਲਿਨੀ ਨਾਲ ਮੁਲਾਕਾਤ ਵੀ ਕਰਵਾਈ ਗਈ। ਜਦੋਂ ਮੁਸੋਲਿਨੀ ਨੇ ਉਸ ਨੂੰ ਪੁੱਛਿਆ ਕਿ ਉਹ ਫਾਸ਼ੀਵਾਦ ਬਾਰੇ ਕੀ ਜਾਣਦਾ ਹੈ ਤਾਂ ਮੂੰਜੇ ਨੇ ਜਵਾਬ ਦਿੱਤਾ, "ਹਜ਼ੂਰ, ਮੈਂ ਬਹੁਤ ਜ਼ਿਆਦਾ ਮੁਤਾਸਿਰ ਹੋਇਆ ਹਾਂ। ਹਰ ਇੱਛਕ ਤੇ ਉੱਭਰਦੇ ਰਾਸ਼ਟਰ ਨੂੰ ਇਸ ਤਰ੍ਹਾਂ ਦੀ ਜਥੇਬੰਦੀ ਦੀ ਲੋੜ ਹੈ; ਖਾਸ ਤੌਰ 'ਤੇ ਭਾਰਤ ਨੂੰ ਆਪਣੇ ਫ਼ੌਜੀ ਮੁੜ ਉਭਾਰ ਲਈ ਇਸ ਦੀ ਲੋੜ ਹੈ।"

ਇਟਲੀ ਦੇ ਫਾਸ਼ੀਵਾਦੀ ਤਾਨਾਸ਼ਾਹ ਨਾਲ ਆਪਣੀ ਵਾਰਤਾ ਬਾਰੇ ਮੂੰਜੇ ਨੇ ਟਿੱਪਣੀ ਕੀਤੀ ਸੀ: "ਇਸ ਤਰ੍ਹਾਂ ਯੂਰਪੀ ਜਗਤ ਦੀ ਉਸ ਮਹਾਨ ਸ਼ਖ਼ਸੀਅਤ ਮੁਸੋਲਿਨੀ ਨਾਲ ਮੇਰੀ ਗੁਫ਼ਤਗੂ ਖਤਮ ਹੋਈ। ਉਨ੍ਹਾਂ ਦਾ ਕੱਦ ਲੰਮਾ, ਭਰਵਾਂ ਚਿਹਰਾ, ਕਾਟਵੀਂ ਠੋਡੀ ਤੇ ਛਾਤੀ ਚੌੜੀ ਸੀ। ਉਨ੍ਹਾਂ ਦੇ ਚਿਹਰੇ ਤੋਂ ਹੀ ਪਤਾ ਲੱਗਦਾ ਸੀ ਕਿ ਉਹ ਦ੍ਰਿੜ ਇਰਾਦੇ ਅਤੇ ਸ਼ਕਤੀਸ਼ਾਲੀ ਸ਼ਖ਼ਸੀਅਤ ਦੇ ਮਾਲਕ ਹਨ। ਮੈਂ ਇਹ ਗੱਲ ਦੇਖੀ ਹੈ ਕਿ ਇਤਾਲਵੀ ਉਸ ਨੂੰ ਪਿਆਰ ਕਰਦੇ ਹਨ।"

ਡਾ. ਮੂੰਜੇ ਮੁਸੋਲਿਨੀ ਦੀ ਸ਼ਖ਼ਸੀਅਤ ਤੇ ਉਸ ਦੀ ਵਿਚਾਰਧਾਰਾ ਅਤੇ ਇਸ ਦੇ ਨਾਲ ਹੀ ਨਿਰੰਤਰ ਜੰਗ ਮਹਿਮਾ ਅਤੇ ਸ਼ਾਂਤੀ ਤੇ ਸੁਲ੍ਹਾ ਦੀ ਨੀਤੀ ਪ੍ਰਤੀ ਉਸ ਦੇ ਤਿਰਸਕਾਰ ਤੋਂ ਉਸ ਦਾ ਸ਼ੈਦਾਈ ਹੋ ਗਿਆ ਸੀ। ਉਸ ਨੇ ਇਤਾਲਵੀ ਤਾਨਾਸ਼ਾਹ ਦੇ ਬਿਆਨਾਂ ਦੀ ਪ੍ਰੋੜਤਾ ਸਹਿਤ ਹਵਾਲੇ ਦਿੱਤੇ ਹਨ, ਜਿਵੇਂ: "ਸਿਰਫ ਜੰਗ ਹੀ ਹੈ ਜੋ ਸਮੁੱਚੀ ਮਨੁੱਖੀ ਊਰਜਾ ਨੂੰ ਉਸ ਮੁਕਾਮ ਤੱਕ ਉਭਾਰਦੀ ਹੈ ਜਿੱਥੇ ਉਨ੍ਹਾਂ ਲੋਕਾਂ ਦੀ ਕੁਲੀਨਤਾ ਸਿੱਧ ਹੁੰਦੀ ਹੈ ਜੋ ਇਸ ਦਾ ਸਾਹਮਣਾ ਕਰਨ ਦਾ ਹੌਸਲਾ ਰੱਖਦੇ ਹਨ।" ਇਕ ਹੋਰ ਕਥਨ ਹੈ: "ਫਾਸ਼ੀਵਾਦ ਨਿਰੰਤਰ ਸ਼ਾਂਤੀ ਦੀ ਸੰਭਾਵਨਾ ਅਤੇ ਉਪਯੋਗਤਾ ਵਿਚ ਵਿਸ਼ਵਾਸ ਨਹੀਂ ਰੱਖਦਾ। ਇਸ ਤਰ੍ਹਾਂ ਇਹ ਸ਼ਾਂਤੀ ਦੇ ਸਿਧਾਂਤ ਨੂੰ ਰੱਦ ਕਰਦਾ ਹੈ ਜੋ ਸੰਘਰਸ਼ ਦੇ ਤਿਆਗ ਵਿਚੋਂ ਪੈਦਾ ਹੁੰਦਾ ਹੈ ਅਤੇ ਕੁਰਬਾਨੀ ਦੇ ਪੇਸ਼ੇਨਜ਼ਰ ਕਾਇਰਤਾਪੂਰਨ ਕਦਮ ਹੈ।"

ਮੂੰਜੇ ਆਰ.ਐੱਸ.ਐੱਸ. ਦੇ ਬਾਨੀ ਕੇ.ਬੀ. ਹੈਡਗੇਵਾਰ ਦਾ ਉਸਤਾਦ ਸੀ। ਹੈਡਗੇਵਾਰ ਵਿਦਿਆਰਥੀ ਹੁੰਦਿਆਂ ਨਾਗਪੁਰ ਵਿਖੇ ਮੂੰਜੇ ਦੇ ਘਰ ਰਹਿੰਦਾ ਸੀ, ਇਹ ਮੂੰਜੇ ਹੀ ਸੀ ਜਿਸ ਨੇ ਉਸ ਨੂੰ ਮੈਡੀਸਨ ਦੀ ਪੜ੍ਹਾਈ ਲਈ ਕੋਲਕਾਤਾ ਭੇਜਿਆ ਸੀ। ਇਟਲੀ ਦੀ ਯਾਤਰਾ ਤੋਂ ਬਾਅਦ ਮੂੰਜੇ ਤੇ ਹੈਡਗੇਵਾਰ ਹਿੰਦੂ ਮਹਾਸਭਾ ਅਤੇ ਆਰ.ਐੱਸ.ਐੱਸ. ਨੂੰ ਇਕ ਦੂਜੀ ਦੇ ਨੇੜੇ ਲਿਆਉਣ ਲਈ ਨਿੱਠ ਕੇ ਕੰਮ ਕਰਦੇ ਰਹੇ। ਜਨਵਰੀ 1934 ਵਿਚ ਹੈਡਗੇਵਾਰ ਨੇ ਫਾਸ਼ੀਵਾਦ ਅਤੇ ਨਾਜ਼ੀਵਾਦ ਬਾਰੇ ਕਾਨਫਰੰਸ ਦੀ ਪ੍ਰਧਾਨਗੀ ਕੀਤੀ ਸੀ ਜਿਸ ਦੇ ਮੁੱਖ ਵਕਤਿਆਂ ਵਿਚ ਮੂੰਜੇ ਸ਼ਾਮਲ ਸੀ। ਉਸੇ ਸਾਲ ਮਾਰਚ ਮਹੀਨੇ ਮੂੰਜੇ, ਹੈਡਗੇਵਾਰ ਅਤੇ ਉਨ੍ਹਾਂ ਦੇ ਸਾਥੀਆਂ ਨੇ ਲੰਮੀ ਮੀਟਿੰਗ ਕੀਤੀ ਜਿਸ ਵਿਚ ਮੂੰਜੇ ਦੀ ਟਿੱਪਣੀ ਸੀ: "ਮੈਂ ਹਿੰਦੂ ਧਰਮ ਸ਼ਾਸਤਰ ਦੇ ਆਧਾਰ 'ਤੇ ਯੋਜਨਾ ਬਣਾਈ ਹੈ ਜੋ ਪੂਰੇ ਭਾਰਤ ਅੰਦਰ ਹਿੰਦੂਵਾਦ ਵਿਚ ਇਕਸਾਰਤਾ ਲਿਆ ਸਕਦੀ ਹੈ... ਪਰ ਸਵਾਲ ਹੈ ਕਿ ਇਹ ਆਦਰਸ਼ ਉਦੋਂ ਤੱਕ ਸਿਰੇ ਨਹੀਂ ਚੜ੍ਹ ਸਕਦਾ ਜਿੰਨੀ ਦੇਰ ਤੱਕ ਪੁਰਾਣੇ ਵੇਲੇ ਦੇ ਸ਼ਿਵਾਜੀ ਜਾਂ ਵਰਤਮਾਨ ਸਮਿਆਂ ਵਿਚ ਇਟਲੀ ਦੇ ਮੁਸੋਲਿਨੀ ਜਾਂ ਜਰਮਨੀ ਦੇ ਤਾਨਾਸ਼ਾਹ ਜਿਹਾ ਸਾਡਾ ਸਵਰਾਜ ਕਾਇਮ ਨਹੀਂ ਹੋ ਜਾਂਦਾ। ਉਂਝ, ਇਸ ਦਾ ਇਹ ਮਤਲਬ ਨਹੀਂ ਕਿ ਜਿੰਨੀ ਦੇਰ ਤੱਕ ਇਹੋ ਜਿਹਾ ਕੋਈ ਤਾਨਾਸ਼ਾਹ ਭਾਰਤ ਵਿਚ ਨਹੀਂ ਉਭਰਦਾ, ਉਦੋਂ ਤੱਕ ਅਸੀਂ ਹੱਥ 'ਤੇ ਹੱਥ ਧਰ ਕੇ ਬੈਠ ਜਾਈਏ। ਸਾਨੂੰ ਵਿਗਿਆਨਕ ਸਕੀਮ ਘੜਨੀ ਚਾਹੀਦੀ ਹੈ ਤੇ ਇਹਦੇ ਲਈ ਪ੍ਰਾਪੇਗੰਡਾ ਜਾਰੀ ਰੱਖਣਾ ਚਾਹੀਦਾ ਹੈ।"

ਮੂੰਜੇ ਨੇ ਇਤਾਲਵੀ ਫਾਸ਼ੀਵਾਦ ਅਤੇ ਆਰ.ਐੱਸ.ਐੱਸ. ਦੀ ਵਿਚਾਰਧਾਰਾ ਵਿਚ ਸਿੱਧੀ ਸਮਾਨਤਾ ਦਰਸਾਈ ਸੀ। ਉਸ ਨੇ ਲਿਖਿਆ: "ਫਾਸ਼ੀਵਾਦ ਦਾ ਵਿਚਾਰ ਮੋਟੇ ਰੂਪ ਵਿਚ ਲੋਕਾਂ ਦਰਮਿਆਨ ਏਕਤਾ ਦਾ ਸੰਕਲਪ ਹੈ। ਭਾਰਤ ਖਾਸ ਤੌਰ 'ਤੇ ਹਿੰਦੂ ਭਾਰਤ ਨੂੰ ਹਿੰਦੂਆਂ ਦੇ ਮੁੜ ਉਭਾਰ ਲਈ ਇਹੋ ਜਿਹੀ ਸੰਸਥਾ ਦੀ ਲੋੜ ਹੈ... ਨਾਗਪੁਰ ਵਿਚ ਡਾ. ਹੈਡਗੇਵਾਰ ਦੀ ਅਗਵਾਈ ਹੇਠ ਚੱਲ ਰਹੀ ਰਾਸ਼ਟਰੀ ਸਵੈਮਸੇਵਕ ਸੰਘ ਇਹੋ ਜਿਹੀ ਜਥੇਬੰਦੀ ਹੈ।"

ਕਾਸੋਲਾਰੀ ਦਾ ਮੱਤ ਹੈ ਕਿ ਆਰ.ਐੱਸ.ਐੱਸ. ਦੀ ਭਰਤੀ ਦਾ ਤਰੀਕਾਕਾਰ ਅਮਲੀ ਰੂਪ ਵਿਚ ਇਟਲੀ ਦੀ 'ਬਲੀਲਾ ਯੂਥ' ਸੰਸਥਾ ਨਾਲ ਮਿਲਦਾ ਹੈ; ਮਸਲਨ, ਉਮਰ ਦੇ ਲਿਹਾਜ ਨਾਲ ਗਰੁਪ ਬਣਾਏ ਜਾਂਦੇ ਹਨ। ਕਮਾਲ ਦੀ ਗੱਲ ਹੈ ਕਿ ਇਹ ਉਵੇਂ ਹੀ ਹੈ ਜਿਵੇਂ ਫਾਸ਼ੀਵਾਦੀ ਯੁਵਾ ਸੰਗਠਨਾਂ ਦੀ ਉਮਰ ਵਾਰ ਦਰਜਾਬੰਦੀ ਕੀਤੀ ਜਾਂਦੀ ਹੈ... ਉਂਝ, ਆਰ.ਐੱਸ.ਐੱਸ. ਮੈਂਬਰਾਂ ਦੀ ਦਰਜਾਬੰਦੀ ਸੰਗਠਨ ਕਾਇਮ ਹੋਣ ਤੋਂ ਬਾਅਦ ਕੀਤੀ ਜਾਂਦੀ ਹੈ ਤੇ ਇਸ ਦਾ ਵਿਚਾਰ ਵੀ ਫਾਸ਼ੀਵਾਦ ਤੋਂ ਲਿਆ ਜਾਪਦਾ ਹੈ।

ਮਾਰਜ਼ੀਆ ਕਾਸੋਲਾਰੀ ਨੇ 1933 ਦੇ ਇਕ ਪੁਲੀਸ ਅਫ਼ਸਰ ਦੇ ਨੋਟ ਦਾ ਹਵਾਲਾ ਦਿੱਤਾ ਹੈ ਜਿਸ ਵਿਚ ਰਾਸ਼ਟਰੀ ਸਵੈਮਸੇਵਕ ਸੰਘ ਬਾਰੇ ਕਿਹਾ ਹੈ: ਇਸ ਗੱਲ ਵਿਚ ਕੋਈ ਅਤਿਕਥਨੀ ਨਹੀਂ ਹੈ ਕਿ ਸੰਘ ਭਵਿੱਖ ਦੇ ਭਾਰਤ ਵਿਚ ਉਹੋ ਕੁਝ ਬਣਨਾ ਚਾਹੁੰਦਾ ਹੈ ਜੋ ਇਟਲੀ ਵਿਚ ਫਾਸ਼ੀਵਾਦੀ ਤੇ ਜਰਮਨੀ ਵਿਚ ਨਾਜ਼ੀ ਹਨ। ਸੰਘ ਮੁੱਢੋਂ-ਸੁੱਢੋਂ ਮੁਸਲਿਮ ਵਿਰੋਧੀ ਸੰਗਠਨ ਹੈ ਜਿਸ ਦਾ ਮਕਸਦ ਭਾਰਤ ਵਿਚ ਨਿਰੋਲ ਹਿੰਦੂਆਂ ਦੀ ਸ੍ਰੇਸ਼ਠਤਾ ਕਾਇਮ ਕਰਨਾ ਹੈ।

ਕਾਸੋਲਾਰੀ ਦੀ ਖੋਜ ਸਾਵਰਕਰ ਦੀ ਦੁਨੀਆ ਬਾਰੇ ਸਮਝ 'ਤੇ ਦਿਲਚਸਪ ਝਾਤ ਪੁਆਉਂਦੀ ਹੈ। ਉਨ੍ਹਾਂ ਲਿਖਿਆ ਕਿ 1938 ਦੇ ਆਸ-ਪਾਸ ਨਾਜ਼ੀ ਜਰਮਨੀ ਸਾਵਰਕਰ ਦੀ ਅਗਵਾਈ ਹੇਠ ਹਿੰਦੂ ਮਹਾਸਭਾ ਦੇ ਹਵਾਲੇ ਦਾ ਮੁੱਖ ਨੁਕਤਾ ਬਣ ਗਿਆ ਸੀ। ਜਰਮਨੀ ਦੀਆਂ ਕੱਟੜ ਨਸਲਪ੍ਰਸਤ ਨੀਤੀਆਂ ਨੂੰ ਭਾਰਤ ਵਿਚ 'ਮੁਸਲਿਮ ਸਮੱਸਿਆ' ਨੂੰ ਹੱਲ ਕਰਨ ਲਈ ਮਾਡਲ ਵਜੋਂ ਲਿਆ ਜਾਣ ਲੱਗ ਪਿਆ ਸੀ। ਇਸ ਬਾਰੇ ਕਾਸੋਲਾਰੀ ਨੇ ਸਾਵਰਕਰ ਦੇ ਕਈ ਕਥਨਾਂ ਦਾ ਹਵਾਲਾ ਦਿੱਤਾ ਹੈ:

'ਜਰਮਨੀ ਨੂੰ ਨਾਜ਼ੀਵਾਦ ਅਤੇ ਇਟਲੀ ਨੂੰ ਫਾਸ਼ੀਵਾਦ ਅਪਣਾਉਣ ਦਾ ਪੂਰਾ ਹੱਕ ਹੈ। ਘਟਨਾਵਾਂ ਨੇ ਸਾਬਿਤ ਕੀਤਾ ਹੈ ਕਿ ਇਹ ਵਾਦ ਅਤੇ ਸ਼ਾਸਨ ਦੀਆਂ ਤਰਜ਼ਾਂ ਉਨ੍ਹਾਂ ਹਾਲਾਤ ਵਿਚ ਉਨ੍ਹਾਂ ਲਈ ਜ਼ਰੂਰੀ ਤੇ ਲਾਹੇਵੰਦ ਸਿੱਧ ਹੋਈਆਂ ਹਨ।'

'ਰਾਸ਼ਟਰੀਅਤਾ ਸਾਂਝੇ ਭੂਗੋਲਕ ਖਿੱਤੇ 'ਤੇ ਓਨਾ ਨਿਰਭਰ ਨਹੀਂ ਕਰਦੀ ਜਿੰਨਾ ਵਿਚਾਰ, ਧਰਮ, ਭਾਸ਼ਾ ਅਤੇ ਸਭਿਆਚਾਰ 'ਤੇ ਨਿਰਭਰ ਕਰਦੀ ਹੈ। ਇਸੇ ਕਰ ਕੇ ਜਰਮਨ ਅਤੇ ਯਹੂਦੀਆਂ ਨੂੰ ਇਕ ਕੌਮ ਨਹੀਂ ਮੰਨਿਆ ਜਾ ਸਕਦਾ।'

'ਜਰਮਨੀ ਵਿਚ ਜਰਮਨਾਂ ਦੀ ਲਹਿਰ ਰਾਸ਼ਟਰੀ ਲਹਿਰ ਹੈ ਪਰ ਯਹੂਦੀਆਂ ਦੀ ਲਹਿਰ ਫਿਰਕੂ ਹੈ।'

'ਕੋਈ ਰਾਸ਼ਟਰ ਕਿਸੇ ਜਗ੍ਹਾ ਵਸਦੇ ਬਹੁਗਿਣਤੀ ਲੋਕਾਂ ਰਾਹੀਂ ਬਣਦਾ ਹੈ। ਯਹੂਦੀਆਂ ਨੇ ਜਰਮਨੀ ਵਿਚ ਕੀ ਕੀਤਾ ਹੈ? ਉਨ੍ਹਾਂ ਨੂੰ ਘੱਟਗਿਣਤੀ ਹੋਣ ਕਰ ਕੇ ਜਰਮਨੀ 'ਚੋਂ ਬਾਹਰ ਧੱਕ ਦਿੱਤਾ ਗਿਆ।'

'ਭਾਰਤੀ ਮੁਸਲਮਾਨ ਸਮੂਹਿਕ ਰੂਪ ਵਿਚ ਆਪਣੇ ਹਿੱਤ ਆਪਣੇ ਆਸ-ਪਾਸ ਵਸਦੇ ਹਿੰਦੂਆਂ ਦੀ ਬਜਾਇ ਭਾਰਤ ਤੋਂ ਬਾਹਰ ਵਸਦੇ ਮੁਸਲਮਾਨਾਂ ਨਾਲ ਜੋੜ ਕੇ ਦੇਖਦੇ ਹਨ ਜਿਵੇਂ ਜਰਮਨੀ ਦੇ ਯਹੂਦੀ ਦੇਖਦੇ ਸਨ।'

ਬਿਨਾਂ ਸ਼ੱਕ ਇਸ ਵੇਲੇ ਸਾਵਰਕਰ ਭਾਰਤ ਵਿਚ ਸੱਤਾਸੀਨ ਹਿੰਦੂਤਵੀ ਸਰਕਾਰ ਲਈ ਬਹੁਤ ਵੱਡੀ ਹਸਤੀ ਹੈ। ਕਾਸੋਲਾਰੀ ਦੀ ਕਿਤਾਬ ਵਿਚ ਹਿੰਦੂਤਵ ਦੇ ਇਕ ਹੋਰ ਚਿਹਰੇ ਸ਼ਿਆਮਾ ਪ੍ਰਸ਼ਾਦ ਮੁਖਰਜੀ ਬਾਰੇ ਵੀ ਕੁਝ ਟਿੱਪਣੀਆਂ ਹਨ। ਦੋ ਜੰਗਾਂ ਵਿਚਕਾਰਲੇ ਅਰਸੇ ਦੌਰਾਨ ਇਤਾਲਵੀ ਸਰਕਾਰ ਨੇ ਅਜਿਹੇ ਭਾਰਤੀ ਬੁੱਧੀਜੀਵੀਆਂ ਤੇ ਸਿਆਸਤਦਾਨਾਂ ਦੇ ਪਾਲਣ ਪੋਸ਼ਣ 'ਤੇ ਜ਼ੋਰ ਦਿੱਤਾ ਸੀ ਜੋ ਫਾਸ਼ੀਵਾਦ ਨਾਲ ਹਮਦਰਦੀ ਰੱਖਦੇ ਹੋਣ। ਉਨ੍ਹਾਂ ਦੇ ਕੰਮ ਨੂੰ ਜੁਸੈਪੇ ਤੂਚੀ ਨੇ ਅਗਾਂਹ ਵਧਾਉਂਦਾ ਸੀ ਜੋ ਆਪਣੀ ਪੀੜ੍ਹੀ ਦਾ ਸਰਕਰਦਾ ਇਤਾਲਵੀ ਪੁਰਾਤਨਪੰਥੀ (ਓਰੀਐਂਟਲਿਸਟ) ਸੀ ਅਤੇ ਫਾਸ਼ੀਵਾਦ ਦਾ ਹਮਾਇਤੀ ਸੀ। ਤੂਚੀ ਦੀ ਮੂੰਜੇ ਨਾਲ ਖਤੋ-ਕਿਤਾਬਤ ਸੀ ਅਤੇ 1930ਵਿਆਂ ਵਿਚ ਉਸ ਦਾ ਮੁਖਰਜੀ ਨਾਲ ਵੀ ਰਾਬਤਾ ਸੀ ਜੋ ਉਸ ਵੇਲੇ ਕੋਲਕਾਤਾ ਯੂਨੀਵਰਸਿਟੀ ਦਾ ਉਪ ਕੁਲਪਤੀ ਸੀ ਅਤੇ ਬਾਅਦ ਵਿਚ ਉਹ ਭਾਰਤੀ ਜਨਤਾ ਪਾਰਟੀ ਦੇ ਪਹਿਲੇ ਰੂਪ ਜਨ ਸੰਘ ਦਾ ਬਾਨੀ ਬਣਿਆ ਸੀ। ਆਪਣੇ ਆਕਾ ਫਾਸ਼ੀਵਾਦੀ ਦਾਰਸ਼ਨਿਕ ਜੀਓਵਾਨੀ ਜੈਂਟਾਇਲ ਨੂੰ ਲਿਖੀ ਚਿੱਠੀ ਵਿਚ ਟੂਚੀ ਨੇ ਮੁਖਰਜੀ ਨੂੰ ਕੋਲਕਾਤਾ ਵਿਚ 'ਆਪਣਾ ਸਭ ਤੋਂ ਅਹਿਮ ਸੰਗੀ' ਕਰਾਰ ਦਿੱਤਾ ਸੀ।

ਮਾਰਜ਼ੀਆ ਕਾਸੋਲਾਰੀ ਹਿੰਦੂਤਵ ਅਤੇ ਫਾਸ਼ੀਵਾਦ ਵਿਚਕਾਰ ਗੰਢ-ਤੁਪ ਦੇਖਣ ਵਾਲੀ ਪਹਿਲੀ ਵਿਦਵਾਨ ਨਹੀਂ। ਉਸ ਦੀ ਖੋਜ ਤੋਂ ਪਤਾ ਲੱਗਦਾ ਹੈ ਕਿ ਸ਼ਾਰਦਾ ਯੂਨੀਵਰਸਿਟੀ ਦੇ ਅਧਿਆਪਕ ਨੇ ਆਪਣੇ ਵਿਦਿਆਰਥੀਆਂ ਤੋਂ ਵਾਜਿਬ ਅਤੇ ਅਹਿਮ ਸਵਾਲ ਪੁੱਛਿਆ ਸੀ। ਉਨ੍ਹਾਂ ਨੂੰ ਜਵਾਬ ਦੇਣ ਤੋਂ ਵਰਜ ਕੇ ਅਤੇ ਅਧਿਆਪਕ ਨੂੰ ਮੁਅੱਤਲ ਕਰ ਕੇ ਯੂਨੀਵਰਸਿਟੀ ਪ੍ਰਬੰਧਕਾਂ ਨੇ ਦਰਸਾ ਦਿੱਤਾ ਕਿ ਉਹ ਸਚਾਈ ਸਾਹਮਣੇ ਆਉਣ ਤੋਂ ਕਿੰਨਾ ਖੌਫ਼ਜ਼ਦਾ ਹਨ। ਸ਼ਾਇਦ ਉਨ੍ਹਾਂ ਤੋਂ ਵੀ ਵੱਧ ਉਨ੍ਹਾਂ ਦੇ ਸਿਆਸੀ ਆਕਾ ਡਰੇ ਹੋਏ ਹਨ ਜੋ ਚਾਹੁੰਦੇ ਹਨ ਕਿ ਅਸੀਂ ਇਹ ਭੁਲਾ ਹੀ ਦੇਈਏ ਕਿ ਹਿੰਦੂਤਵ ਦੇ ਬਾਨੀ ਅਸਲ ਵਿਚ ਯੂਰਪੀ ਫਾਸ਼ੀਵਾਦੀਆਂ ਤੋਂ ਪ੍ਰਭਾਵਿਤ ਸਨ।



# ਸਿੱਖਿਆ ਕਿੱਤੇ ਤੋਂ ਧੰਦਾ ਕਿਵੇਂ ਬਣੀ

**ਅਵਿਜੀਤ ਪਾਠਕ**

ਉਹ ਸਮਾਜ ਜਿੱਥੇ ਭ੍ਰਿਸ਼ਟਾਚਾਰ ਨੂੰ ਲਗਭਗ ਅੰਗੀਕਾਰ ਕਰ ਲਿਆ ਗਿਆ ਹੋਵੇ, ਜੇ ਉੱਥੇ ਸਿੱਖਿਆ ਦੇ ਖੇਤਰ ਵਿਚ ਨਿੱਤ ਨਵੀਆਂ ਹੇਰਾਫੇਰੀਆਂ ਸੁਣਨ ਨੂੰ ਮਿਲਦੀਆਂ ਰਹਿੰਦੀਆਂ ਹਨ ਤਾਂ ਕੋਈ ਹੈਰਾਨੀ ਵਾਲੀ ਗੱਲ ਨਹੀਂ। ਫਿਰ ਵੀ ਭ੍ਰਿਸ਼ਟਾਚਾਰ ਦੇ ਇਸ ਅਡੰਬਰ ਅਤੇ ਇਸ ਦੀ ਸਮਾਜਿਕ ਮਾਨਤਾ ਦੇ ਬਾਵਜੂਦ ਜਦੋਂ ਅਸੀਂ ਕਿਸੇ ਉਪ ਕੁਲਪਤੀ ਨੂੰ ਜਾਅਲੀ ਡਿਗਰੀਆਂ ਵੇਚਦੇ ਦੇਖਦੇ ਹਾਂ, ਜਾਂ ਕਿਸੇ ਮੰਤਰੀ ਜਾਂ ਉਸ ਦੇ ਸਾਥੀਆਂ ਨੂੰ ਸਕੂਲ ਅਧਿਆਪਕਾਂ ਦੀ ਪੂਰੀ ਭਰਤੀ ਦੀ ਪ੍ਰਕਿਰਿਆ ਨੂੰ ਉਧਾਲਦੇ ਦੇਖਦੇ ਹਾਂ ਤਾਂ ਚੁੱਪ ਰਹਿਣਾ ਮੁਸ਼ਕਿਲ ਹੋ ਜਾਂਦਾ ਹੈ। ਜੇ ਅਸੀਂ ਸਿੱਖਿਆ ਨੂੰ ਇੰਝ ਹੀ ਬਰਬਾਦ ਕਰਦੇ ਰਹੇ, ਅਧਿਆਪਨ ਦੇ ਕਿੱਤੇ ਦੀ ਅਧੋਗਤੀ ਕਰਦੇ ਰਹੇ ਤਾਂ ਬੱਚਿਆਂ ਦਾ ਭਵਿੱਖ ਸੰਵਾਰਨ ਵਾਲਾ ਤੇ ਉਨ੍ਹਾਂ ਅੰਦਰਲ ਸੁੱਤੀਆਂ ਕਲਾਵਾਂ ਜਗਾਉਣ ਵਾਲਾ ਕੋਈ ਨਹੀਂ ਬਚੇਗਾ।

ਆਓ, ਭਲੇ ਵੇਲਿਆਂ ਦਾ ਕੁਝ ਉਦਰੇਵਾਂ ਲਾਹੀਏ। ਚੋ, ਸ਼ਾਂਤੀਨਿਕੇਤਨ ਵਿਚ ਵੱਡੇ ਦਰਖ਼ਤ ਦੀ ਛਾਵੇਂ ਰਾਬਿੰਦਰਨਾਥ ਟੈਗੋਰ ਅਤੇ ਮੋਹਨਦਾਸ ਕਰਮਚੰਦ ਗਾਂਧੀ ਇਕੱਠੇ ਬੈਠੇ ਸਿੱਖਿਆ, ਸਭਿਆਚਾਰ ਤੇ ਤਹਿਜ਼ੀਬ ਦੀਆਂ ਗੱਲਾਂ ਕਰ ਰਹੇ ਹਨ ਕਿ ਦੇਸ਼ ਦੀ ਝੋਲੀ ਵਿਚ ਨਵੇਂ ਸੁਪਨੇ ਤੇ ਉਮੀਦਾਂ ਕਿੰਝ ਪਾਏ ਜਾਣ। ਜ਼ਰਾ ਸੋਚੋ, ਨਹਿਰੂ ਦੀ ਕੈਬਨਿਟ ਵਿਚ ਮੌਲਾਨਾ ਅਬੁਲ ਕਲਾਮ ਆਜ਼ਾਦ ਵਰਗਾ ਕੋਈ ਸਿਖਿਆਦਾਨੀ ਸਿਆਸੀ ਜਮਾਤ ਨੂੰ ਪੜ੍ਹਾ ਰਿਹਾ ਹੈ। ਆਸ਼ੂਤੋਸ਼ ਮੁਖਰਜੀ ਅਤੇ ਗੋਪਾਲਸਵਾਮੀ ਪਾਰਥਾਸਾਰਥੀ ਜਿਹੇ ਸਾਡੇ ਕੁਝ ਮਹਾਨ ਉਪ ਕੁਲਪਤੀਆਂ ਦਾ ਧਿਆਨ ਕਰੋ। ਸੀ.ਵੀ. ਰਮਨ ਅਤੇ ਸਰਵਪੱਲੀ ਰਾਧਾਕ੍ਰਿਸ਼ਨਨ ਜਿਹੇ ਬੰਮ੍ਹ ਪ੍ਰੋਫੈਸਰਾਂ ਬਾਰੇ ਸੋਚੋ; ਤੇ ਬਹੁਤ ਸਾਰੇ ਗੁਮਨਾਮ ਪਰ ਸਿਰੇ ਦੇ ਦਿਆਨਤਦਾਰ ਅਧਿਆਪਕਾਂ ਬਾਰੇ ਸੋਚੋ ਜੋ ਮਾਰੀਆ ਮੌਂਟੈਸਰੀ ਅਤੇ ਗਿਜੂਭਾਈ ਬਧੇਕਾ ਵਰਗਿਆਂ ਤੋਂ ਪ੍ਰੇਰਨਾ ਲੈਂਦੇ ਹਨ। ਸਾਡੇ ਕੁਝ ਜ਼ਹੀਨ ਇਤਿਹਾਸਕਾਰਾਂ, ਭੌਤਿਕ ਸ਼ਾਸਤਰੀਆਂ, ਸਮਾਜ ਸ਼ਾਸਤਰੀਆਂ ਬਾਰੇ ਸੋਚੋ ਜਿਨ੍ਹਾਂ ਨੇ ਆਪਣੇ ਸਫ਼ਲ ਕਰੀਅਰਾਂ ਨੂੰ ਲੱਤ ਮਾਰ ਕੇ ਪਿੰਡਾਂ ਤੇ ਗ਼ਰੀਬ ਗੁਰਬੇ ਬੱਚਿਆਂ ਨਾਲ ਮਿਲ ਕੇ ਕੰਮ ਕਰਨ ਦਾ ਰਾਹ ਚੁਣਿਆ ਅਤੇ ਇਹ ਸਾਬਿਤ ਕੀਤਾ ਕਿ ਨਵੇਂ ਭਾਰਤ ਅੰਦਰ ਕਿਸੇ ਏਕਲੱਵਿਆ ਨੂੰ ਸਿੱਖਿਆ ਦੀ ਜੋਤ ਤੋਂ ਵਿਰਵਾ ਨਹੀਂ ਰੱਖਿਆ ਜਾਣਾ ਚਾਹੀਦਾ।

ਹੋ ਸਕਦਾ ਹੈ, ਨਵੀਂ ਪੀੜ੍ਹੀ ਇਸ 'ਤੇ ਵਿਸ਼ਵਾਸ ਨਾ ਕਰੇ। ਕਾਰਨ? ਉਹ ਪਹਿਲਾਂ ਹੀ ਨਿਰਾਸ਼ ਹੋ ਚੁੱਕੀ ਹੈ ਕਿਉਂਕਿ ਉਸ ਨੇ ਸਾਡੇ ਕੁਝ ਉਪ ਕੁਲਪਤੀਆਂ ਦੀਆਂ ਕਰਤੂਤਾਂ ਦੀ ਅਸਲੋਂ ਵੱਖਰੀ ਕਹਾਣੀ ਸੁਣੀ ਹੈ। ਹਾਲ ਹੀ ਵਿਚ ਹੈਦਰਾਬਾਦ ਪੁਲੀਸ ਨੇ ਸਰਵਪੱਲੀ ਰਾਧਾਕ੍ਰਿਸ਼ਨਨ ਯੂਨੀਵਰਸਿਟੀ, ਭੋਪਾਲ ਦੇ ਇਕ ਮੌਜੂਦਾ ਅਤੇ ਇਕ ਸੇਵਾਮੁਕਤ ਉਪ ਕੁਲਪਤੀ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਨ੍ਹਾਂ ਉਪਰ ਬੀ.ਟੈੱਕ. ਤੋਂ ਲੈ ਕੇ ਐੱਮ.ਬੀ.ਏ. ਤੱਕ, ਹਰ ਕਿਸਮ ਦੀਆਂ ਡਿਗਰੀਆਂ ਪੈਸੇ ਲੈ ਕੇ ਵੰਡਣ ਦਾ ਦੋਸ਼ ਹੈ। ਹਿਮਾਚਲ ਪ੍ਰਦੇਸ਼ ਦੀ ਇਕ ਯੂਨੀਵਰਸਿਟੀ ਦੇ ਚੇਅਰਮੈਨ ਉਪਰ 55000 ਡਿਗਰੀਆਂ ਵੇਚਣ ਦਾ ਦੋਸ਼ ਲੱਗਿਆ ਹੈ। ਇਨ੍ਹਾਂ ਬਹੁ-ਕਰੋੜੀ ਘੁਟਾਲਿਆਂ ਦੀ ਕਹਾਣੀ ਮੁੱਕਣ ਦਾ ਨਾਂ ਨਹੀਂ ਲੈ ਰਹੀ।

ਪੱਛਮੀ ਬੰਗਾਲ ਵਿਚ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿਚ ਭਰਤੀ ਸਕੈਂਡਲ ਸਾਹਮਣੇ ਆਇਆ ਹੈ ਅਤੇ 2016 ਵਿਚ ਭਰਤੀ ਲਈ ਮੈਰਿਟ ਸੂਚੀ ਨਾਲ ਛੇੜਛਾੜ ਵਿਚ ਸਬੰਧਿਤ ਮੰਤਰੀ ਦੀ ਸ਼ਮੂਲੀਅਤ ਦਾ ਖ਼ਦਸ਼ਾ ਜ਼ਾਹਰ ਕੀਤਾ ਗਿਆ ਹੈ। ਕੋਲਕਾਤਾ ਹਾਈ ਕੋਰਟ ਨੇ ਸੂਬੇ ਦੇ ਜੂਨੀਅਰ ਸਿੱਖਿਆ ਮੰਤਰੀ ਦੀ ਧੀ ਨੂੰ ਤਨਖ਼ਾਹ ਮੋੜਨ ਦੀ ਤਾਕੀਦ ਕਰਨ ਦੇ ਹੁਕਮ ਦਿੱਤੇ ਹਨ ਜੋ ਉਹ 2018 ਤੋਂ ਲੈ ਰਹੀ ਸੀ। ਜਦੋਂ ਭ੍ਰਿਸ਼ਟਾਚਾਰ ਤੇ ਕੁਨਬਾਪਰਵਰੀ ਦੀਆਂ ਅਜਿਹੀਆਂ ਖ਼ਬਰਾਂ ਦਾ ਹੜ੍ਹ ਰੁਕਣ ਦਾ ਨਾਂ ਨਾ ਲੈ ਰਿਹਾ ਹੋਵੇ ਤਾਂ ਕੀ ਇਹ ਵਾਕਈ ਸੰਭਵ ਹੈ ਕਿ ਨਵੀਂ ਪੀੜ੍ਹੀ ਇਹ ਵਿਸ਼ਵਾਸ ਕਰ ਲਵੇਗੀ ਕਿ ਦੁਨੀਆ ਬਦਲੀ ਜਾ ਸਕਦੀ ਹੈ?

ਇਸ ਸਿੱਖਿਆ ਫਰਜ਼ੀਵਾੜੇ ਦਾ ਸਾਡੇ ਲਈ ਕੀ ਮਤਲਬ ਬਣਦਾ ਹੈ? ਇਸ ਦੇ ਕਾਰਨ ਬਹੁਤ ਸਾਰੇ ਹਨ- ਸਿੱਖਿਆ ਦਾ ਨੰਗਾ ਚਿੱਟਾ ਵਪਾਰੀਕਰਨ; ਸਿਆਸੀ ਜਮਾਤ ਅਤੇ ਸਿੱਖਿਆ ਦੇ ਵਪਾਰੀਆਂ ਦੇ ਨਾਪਾਕ ਗੱਠਜੋੜ ਕਰ ਕੇ ਮੈਨੇਜਮੈਂਟ ਕੋਟੇ ਤੇ ਕੈਪੀਟੇਸ਼ਨ ਫੀਸ ਵਾਲੇ ਘਟੀਆ ਮਿਆਰ ਦੇ ਮੈਡੀਕਲ ਕਾਲਜ ਤੇ ਟੈਕਨੀਕਲ ਯੂਨੀਵਰਸਿਟੀਆਂ ਦਾ ਉਭਾਰ; ਲੰਮੇ ਸਮੇਂ ਤੋਂ ਬਣੀ ਡਿਪਲੋਮਾ ਕੋਰਸ ਦੀ ਬਿਮਾਰੀ ਜਿਸ ਕਰ ਕੇ ਕੋਈ ਵੀ ਅਧਪੜ੍ਹ ਬੀ.ਏ./ਐੱਮ.ਏ. ਜਾਂ ਇੱਥੋਂ ਤੱਕ ਕਿ ਪੀਐੱਚ.ਡੀ. ਦੀ ਡਿਗਰੀ ਵੀ ਲੈ ਸਕਦਾ ਹੈ।

ਉਂਝ, ਸਾਡੇ ਵਰਗੇ ਅੰਗਰੇਜ਼ੀ ਪੜ੍ਹੇ ਲਿਖੇ, ਸ਼ਹਿਰੀ, ਪ੍ਰੋਫੈਸ਼ਨਲ ਮੱਧ ਵਰਗੀ ਲੋਕਾਂ ਦਾ ਕੀ ਹਾਲ ਹੈ? ਸਾਡੇ ਦੇਸ਼ ਦੀ ਅਧੋਗਤੀ ਲਈ ਅਸੀਂ ਘੱਟ ਕਸੂਰਵਾਰ ਨਹੀਂ ਹਾਂ। ਕੀ ਅਸੀਂ ਅਧਿਆਪਨ ਦੇ ਕਿੱਤੇ ਦਾ ਵਾਕਈ ਸਤਿਕਾਰ ਕਰਦੇ ਹਾਂ? ਕੀ ਅਸੀਂ ਵਾਕਈ ਚਾਹੁੰਦੇ ਹਾਂ ਕਿ ਸਾਡੇ ਬੱਚੇ ਮਹਾਨ ਅਧਿਆਪਕਾਂ ਕੋਲੋਂ ਸਿੱਖਿਆ ਲੈਣ? ਕੀ ਅਸੀਂ ਕਦੇ ਇਹ ਮੰਗ ਕਰਨ ਲਈ ਸੜਕਾਂ 'ਤੇ ਆਏ ਹਾਂ ਕਿ ਸਾਡੇ ਬੱਚਿਆਂ ਨੂੰ ਸਕੂਲਾਂ ਵਿਚ ਚੰਗੀਆਂ ਲਾਇਬ੍ਰੇਰੀਆਂ, ਰਚਨਾਤਮਿਕ ਤੇ ਪ੍ਰਯੋਗੀ ਅਧਿਆਪਨ ਵਿਧੀਆਂ ਤੇ ਚੰਗੇ ਅਧਿਆਪਕਾਂ ਦੀ ਲੋੜ ਹੈ ਤਾਂ ਜੋ ਸਹੀ ਸਿੱਖਿਆ ਦੇ ਸੰਕਲਪ ਨੂੰ ਸਾਕਾਰ ਕੀਤਾ ਜਾ ਸਕੇ। ਕੀ ਅਸੀਂ ਕਦੇ ਆਵਾਜ਼ ਉਠਾਈ ਹੈ ਕਿ ਸਾਡੀਆਂ ਕੁਝ ਚੰਗੀਆਂ ਜਨਤਕ ਯੂਨੀਵਰਸਿਟੀਆਂ ਨੂੰ ਚਲੰਤ ਸਿਆਸੀ ਹਮਲੇ ਤੋਂ ਬਚਾਇਆ ਜਾਵੇ? ਜਾਂ ਫਿਰ ਕੀ ਅਸੀਂ ਸੋਚਦੇ ਹਾਂ ਕਿ ਸਾਨੂੰ ਚਿੰਤਾ ਕਰਨ ਦੀ ਲੋੜ ਨਹੀਂ ਕਿਉਂਕਿ ਸਾਡੇ ਬੱਚੇ ਤਾਂ ਭਾਰਤ ਛੱਡ ਕੇ ਆਰਾਮ ਨਾਲ ਵਿਦੇਸ਼ ਜਾ ਕੇ ਵੱਸ ਜਾਣਗੇ?

ਅੱਜ ਅਸੀਂ ਚੁੱਪ-ਚਾਪ ਅਧਿਆਪਨ ਦੇ ਕਿੱਤੇ ਨੂੰ ਪੈ ਰਹੀ ਮਾਰ ਆਪਣੇ ਅੱਖੀਂ ਦੇਖ ਰਹੇ ਹਾਂ ਅਤੇ ਮਾਫ਼ੀਆ ਨੂੰ ਨਵੀਂ ਉਭਰੀ ਸਿੱਖਿਆ ਸਨਅਤ ਚਲਾਉਣ ਦੀ ਇਜਾਜ਼ਤ ਦੇ ਰਹੇ ਹਾਂ। ਸਿੱਖਿਆ ਨੂੰ ਬਚਾਉਣ ਅਤੇ ਇਸ ਅੰਧਕਾਰ ਵਿਚੋਂ ਨਿਕਲਣ ਲਈ ਹੁਣ ਲੋਕ ਲਹਿਰ ਤੋਂ ਬਿਨਾਂ ਹੋਰ ਕੋਈ ਰਾਹ ਨਜ਼ਰ ਨਹੀਂ ਆਉਂਦਾ।

## ਫਿਰਕੂ ਦੰਗੇ ਅਤੇ ਭਾਰਤੀ ਪੁਲਿਸ-7

# ਫਿਰਕੂ ਦੰਗਿਆਂ ਤੋਂ ਪਹਿਲਾਂ ਤਣਾਅ ਦੀ ਕਹਾਣੀ

***ਵਿਭੂਤੀ ਨਰਾਇਣ ਰਾਏ ਪੁਲਿਸ ਅਫਸਰ ਰਹੇ ਹਨ। ਇਸ ਦੇ ਨਾਲ-ਨਾਲ ਉਹ ਲਿਖਾਰੀ ਵੀ ਹਨ। ਉਨ੍ਹਾਂ 5 ਨਾਵਲਾਂ ਤੋਂ ਇਲਾਵਾ ਭਾਰਤ ਵਿਚ ਫਿਰਕੂ ਸਿਆਸਤ ਨਾਲ ਸਬੰਧਤ ਦੋ ਪੁਸਤਕਾਂ ਲਿਖੀਆਂ ਹਨ। 'ਫਿਰਕੂ ਦੰਗੇ ਅਤੇ ਭਾਰਤੀ ਪੁਲਿਸ' ਨਾਂ ਦੀ ਪੁਸਤਕ ਵਿਚ ਉਨ੍ਹਾਂ ਫਿਰਕੂ ਦੰਗਿਆਂ ਦੇ ਵੱਖ-ਵੱਖ ਪਹਿਲੂਆਂ ਬਾਰੇ ਛਾਣ-ਬੀਣ ਕੀਤੀ ਹੈ। ਉਨ੍ਹਾਂ ਦਾ ਇਹ ਮੰਨਣਾ ਹੈ ਕਿ ਭਾਰਤ ਵਰਗੇ ਮੁਲਕ ਨੂੰ ਧਰਮ ਨਿਰਪੱਖ ਅਤੇ ਤਰੱਕੀ ਦੇ ਰਸਤੇ 'ਤੇ ਅੱਗੇ ਵਧਾਉਣ ਲਈ ਧਾਰਮਿਕ ਕੱਟੜਤਾ, ਗੈਰ-ਵਿਗਿਆਨਕ ਸੋਚ, ਰੂੜ੍ਹੀਵਾਦੀ ਮਾਨਸਿਕਤਾ ਤੋਂ ਬਾਹਰ ਆਉਣਾ ਪਵੇਗਾ। ਇਸ ਲਿਖਤ ਦੀ ਸੱਤਵੀਂ ਕਿਸ਼ਤ ਹਾਜ਼ਰ ਹੈ। ਇਸ ਦਾ ਹਿੰਦੀ ਤੋਂ ਪੰਜਾਬੀ ਵਿਚ ਅਨੁਵਾਦ ਤਰਸੇਮ ਲਾਲ ਨੇ ਕੀਤਾ ਹੈ।***

ਜੇ ਅਸੀਂ ਕਿਸੇ ਦੰਗੇ ਸਮੇਂ ਹੋਈ ਹਿੰਸਾ ਦਾ ਸਮਾਜ ਸ਼ਾਸਤਰ ਦੀ ਵਿਧੀ ਰਾਹੀਂ ਵਿਸ਼ਲੇਸ਼ਨ ਕਰੀਏ ਤਾਂ ਅਸੀਂ ਦੇਖਾਂਗੇ, ਇਹ ਹਿੰਸਾ ਪਿਰਾਮਿਡ ਦੀ ਸ਼ਕਲ ਵਿਚ ਵਿਕਸਤ ਹੁੰਦੀ ਹੈ ਅਤੇ ਤਣਾਓ ਤੇ ਝਗੜੇ ਦੇ ਵੱਖ-ਵੱਖ ਰੂਪ ਪਹਿਲਾਂ ਹੀ ਸਮਾਜਿਕ ਬਣਤਰ ਵਿਚ ਮੌਜੂਦ ਹੁੰਦੇ ਹਨ। ਵੱਡੀ ਫਿਰਕੂ ਹਿੰਸਾ ਦੀ ਤਿਆਰੀ ਕਾਫ਼ੀ ਪਹਿਲਾਂ ਸ਼ੁਰੂ ਹੋ ਜਾਂਦੀ ਹੈ। ਝਗੜੇ ਦੇ ਵੱਖ-ਵੱਖ ਪੜਾਵਾਂ ਵਿਚੋਂ ਲੰਘਦਾ ਹੋਇਆ ਤਣਾਓ ਅਜਿਹੇ ਬਿੰਦੂ 'ਤੇ ਪਹੁੰਚ ਜਾਂਦਾ ਹੈ, ਜਦੋਂ ਇਕ ਪੱਥਰ ਜਾਂ ਅਫ਼ਵਾਹ ਹਿੰਸਾ ਸ਼ੁਰੂ ਕਰਨ ਲਈ ਕਾਫ਼ੀ ਹੁੰਦੀ ਹੈ। ਤਣਾਓ ਦੇ ਪਿਰਾਮਿਡ ਦੀ ਸ਼ਕਲ ਵਿਚ ਹੌਲੀ-



**ਵਿਭੂਤੀ ਨਰਾਇਣ ਰਾਏ**
**ਅਨੁਵਾਦ: ਤਰਸੇਮ ਲਾਲ**

ਹੌਲੀ ਉਪਰ ਵੱਲ ਜਾਣ ਅਤੇ ਇਕ ਅਜਿਹੇ ਬਿੰਦੂ ਤੱਕ ਪਹੁੰਚਣ ਦੇ ਪਿੱਛੇ ਕਈ ਕਾਰਨ ਹੋ ਸਕਦੇ ਹਨ। ਹਿੰਦੂ ਅਤੇ ਮੁਸਲਮਾਨ ਵਪਾਰੀਆਂ ਵਿਚ ਆਰਥਿਕ ਮੁਕਾਬਲੇਬਾਜ਼ੀ, ਭੌਂਇ ਮਾਫ਼ੀਆ ਦੀ ਕਿਸੇ ਜ਼ਮੀਨ ਦੇ ਟੁਕੜੇ 'ਤੇ ਗੱਡੀ ਨਜ਼ਰ ਜਾਂ ਨੇੜ ਭਵਿੱਖ ਵਿਚ ਹੋਣ ਵਾਲੀਆਂ ਚੋਣਾਂ, ਕੁਝ ਅਜਿਹੇ ਕਾਰਨ ਹਨ ਜਿਨ੍ਹਾਂ ਦੇ ਹੁੰਦਿਆਂ ਕੋਈ ਪ੍ਰਭਾਵੀ ਸਮੂਹ ਤਣਾਓ ਦੇ ਬਿੰਦੂਆਂ ਨੂੰ ਉਕਸਾਉਂਦਾ ਰਹਿੰਦਾ ਹੈ ਅਤੇ ਕਿਸੇ ਖੇਤਰ ਨੂੰ ਇਸ ਲਈ ਤਿਆਰ ਰੱਖਦਾ ਹੈ ਜਿਥੇ ਛੋਟੀ ਤੋਂ ਛੋਟੀ ਘਟਨਾ ਵੀ ਵੱਡੀ ਹਿੰਸਾ ਦਾ ਕਾਰਨ ਬਣ ਜਾਂਦੀ ਹੈ। ਕਈ ਵਾਰ ਇਹ ਕਾਰਨ, ਤਣਾਓ ਭਰੇ ਮਾਹੌਲ ਵਿਚ ਅਨੁਕੂਲ ਨਹੀਂ ਜਾਪਦੇ। ਹੋ ਸਕਦਾ ਹੈ ਕਿ ਤਣਾਓ ਦਾ ਮੁੱਖ ਕਾਰਨ ਕੋਈ ਧਾਰਮਿਕ ਸਥਾਨ ਹੋਵੇ, ਪ੍ਰੰਤੂ ਹਿੰਸਾ ਮੁਸਲਮਾਨ ਅਤੇ ਹਿੰਦੂ ਦੇ ਸਾਈਕਲ ਟਕਰਾਉਣ ਤੋਂ ਵੀ ਸ਼ੁਰੂ ਹੋ ਸਕਦੀ ਹੈ। ਅਜਿਹੇ ਕਿਸੇ ਦਿਖਾਈ ਦਿੰਦੇ ਛੋਟੇ ਜਿਹੇ ਕਾਰਨ ਤੋਂ ਵੱਡੇ ਪੈਮਾਨੇ ਦੀ ਹਿੰਸਾ ਉਸ ਸਮੇਂ ਹੀ ਸ਼ੁਰੂ ਹੁੰਦੀ ਹੈ ਜੇ ਤਣਾਓ ਬਾਰੂਦ ਵਾਂਗ ਪਹਿਲਾਂ ਹੀ ਇਕੱਠਾ ਹੋਇਆ ਹੋਵੇ। ਇਹੀ ਕਾਰਨ ਹੈ ਇਕੋ ਜਹੀਆਂ ਘਟਨਾਵਾਂ ਜੋ ਅਲੱਗ-ਅਲੱਗ ਥਾਵਾਂ 'ਤੇ ਵਾਪਰਦੀਆਂ ਹਨ ਤਾਂ ਪ੍ਰਤੀਕ੍ਰਿਆਵਾਂ ਵੀ ਵੱਖੋ-ਵੱਖਰੀਆਂ ਦੇਖਣ ਨੂੰ ਮਿਲਦੀਆਂ ਹਨ। ਉਦਾਹਰਨ ਦੇ ਤੌਰ 'ਤੇ ਹਿੰਦੂ ਮੁਸਲਿਮ ਦੇ ਸਾਈਕਲ ਆਪਸ ਵਿਚ ਟਕਰਾਉਣ 'ਤੇ ਹਰ ਥਾਂ ਫਿਰਕੂ ਦੰਗੇ ਨਹੀਂ ਹੁੰਦੇ। ਭਿਵੰਡੀ, ਜਲਗਾਓਂ ਅਤੇ ਮਹਾੜ ਵਿਚ ਮਈ 1970 ਵਿਚ ਹੋਏ ਫਿਰਕੂ ਦੰਗਿਆਂ ਦੀ ਜਾਂਚ ਕਰਨ ਵਾਲੇ ਜਸਟਿਸ ਡੀ.ਪੀ. ਮਦਾਨ ਨੇ ਦੰਗਿਆਂ ਦੇ ਸ਼ੁਰੂ ਹੋਣ ਦੀ ਧਾਰਨਾ ਬੜੇ ਸਟੀਕ ਢੰਗ ਨਾਲ ਪੇਸ਼ ਕੀਤੀ ਹੈ।

"ਜੇ ਅਸੀਂ ਕਿਸੇ ਦੰਗੇ ਨਾਲ ਸਬੰਧਤ ਤੱਥਾਂ ਦੇ ਬਾਰੇ ਸਤਹੀ ਰਾਏ ਬਣਾਉਣੀ ਹੋਵੇ ਤਾਂ ਹਮੇਸ਼ਾ ਲੱਗਦਾ ਹੈ ਕਿ ਦੰਗਾ ਕਿਸੇ ਮਾਮੂਲੀ ਘਟਨਾ ਨੂੰ ਲੈ ਕੇ ਸ਼ੁਰੂ ਹੋਇਆ। ਅਸੀਂ ਹੈਰਾਨ ਹੋ ਜਾਵਾਂਗੇ ਕਿ ਇੰਨੀ ਛੋਟੀ ਜਿਹੀ ਗੱਲ ਨੂੰ ਲੈ ਕੇ ਇੰਨੇ ਵੱਡੇ ਪੈਮਾਨੇ 'ਤੇ ਸਾੜ-ਫੂਕ, ਲੁੱਟਮਾਰ ਅਤੇ ਕਤਲ ਹੋ ਗਏ। ਸਾਨੂੰ ਇਹ ਸਮਝਣ ਲਈ ਬਹੁਤ ਸਿਆਣਪ ਦੀ ਲੋੜ ਨਹੀਂ ਕਿ ਦਿਖਾਈ ਦਿੰਦੀ ਘਟਨਾ ਦੰਗਿਆਂ ਦਾ ਅਸਲ ਕਾਰਨ ਨਹੀਂ ਸਗੋਂ ਦੰਗਿਆਂ ਪਿੱਛੇ ਤਾਂ ਅਸਲ ਕਾਰਨ ਹੋਰ ਹੀ ਹੁੰਦੇ ਹਨ।"

ਪਿਛਲੇ ਕੁਝ ਸਾਲਾਂ ਅੰਦਰ ਹੋਏ ਦੰਗਿਆਂ ਵਿਚ ਪਹਿਲਾਂ ਪੱਥਰ ਮਾਰੇ ਜਾਣ ਅਤੇ ਤਣਾਓ ਵਧਣ ਦੀ ਪ੍ਰਕਿਰਿਆ ਵਿਚ ਸਬੰਧ ਨੂੰ ਸਮਝਣ ਲਈ ਕੁਝ ਦੰਗਿਆਂ ਦੇ ਘਟਨਾਕ੍ਰਮ ਨੂੰ ਦੇਖਣਾ ਸਹੀ ਰਹੇਗਾ।

22 ਅਗਸਤ 1967 ਨੂੰ ਰਾਂਚੀ ਅੰਦਰ ਦੰਗਾ ਲਗਭਗ 3.30 ਵਜੇ ਸ਼ੁਰੂ ਹੋਇਆ। ਦਿਖਾਈ ਦਿੰਦਾ ਫੌਰੀ ਕਾਰਨ ਸੀ, 'ਉਰਦੂ ਦੇ ਵਿਰੋਧ ਵਿਚ ਹਿੰਦੂ ਵਿਦਿਆਰਥੀਆਂ ਵਲੋਂ ਕੱਢੇ 'ਜਲੂਸ ਉਪਰ ਮੁਸਲਮਾਨਾਂ ਦੁਆਰਾ ਪਥਰਾਓ ਕੀਤਾ ਜਾਣਾ'। 22 ਅਗਸਤ ਤੋਂ ਪਹਿਲਾਂ ਦੇ ਦਸ ਦਿਨਾਂ ਦਾ ਘਟਨਾਕ੍ਰਮ, ਉਸ ਦਿਨ ਜਲੂਸ ਦੁਆਰਾ ਲਗਾਏ ਗਏ ਨਾਅਰੇ ਅਤੇ ਤਿਤਰ ਬਿਤਰ ਹੋਣ ਤੋਂ ਪਹਿਲਾਂ ਜਲੂਸ ਵਿਚ ਸ਼ਰੀਕ ਲੋਕਾਂ ਦਾ ਵਿਹਾਰ ਦੇਖੀਏ ਤਾਂ ਸਥਿਤੀ ਸਾਫ਼ ਹੋ ਜਾਵੇਗੀ।

1967 ਦੀਆਂ ਚੋਣਾਂ ਤੋਂ ਬਾਅਦ ਬਿਹਾਰ ਵਿਚ ਸਾਂਝੀ ਸਰਕਾਰ ਬਣੀ ਜਿਸ ਵਿਚ ਜਨ ਸੰਘ ਵੀ ਇਕ ਹਿੱਸਾ ਸੀ। ਸੰਯੁਕਤ ਵਿਧਾਇਕ ਦਲ ਦੀ ਇਸ ਸਰਕਾਰ ਨੇ ਜਿਸ ਅੰਦਰ ਸਾਰੇ ਗੈਰ-ਕਾਂਗਰਸੀ ਰਾਜਨੀਤਕ ਦਲ ਸ਼ਰੀਕ ਸਨ, ਨੇ ਅਮਲ ਵਿਚ 37 ਸੂਤਰੀ ਪ੍ਰੋਗਰਾਮ ਐਲਾਨਿਆ ਜਿਸ ਵਿਚ ਉਰਦੂ ਨੂੰ ਬਿਹਾਰ ਵਿਚ ਦੂਜੀ ਭਾਸ਼ਾ ਦਾ ਦਰਜਾ ਦੇਣਾ ਵੀ ਸ਼ਾਮਲ ਸੀ। ਸਰਕਾਰ ਵਿਚ ਸ਼ਾਮਲ ਜਨ ਸੰਘ ਇਸ ਪ੍ਰੋਗਰਾਮ ਨਾਲ ਸਹਿਮਤ ਨਹੀਂ ਸੀ। 14 ਜੁਲਾਈ 1967 ਨੂੰ ਜਦੋਂ ਵਿਧਾਨ ਸਭਾ ਵਿਚ ਉਰਦੂ ਨੂੰ ਦੂਜੀ ਰਾਜ ਭਾਸ਼ਾ ਬਣਾਉਣ ਦਾ ਗੈਰ-ਸਰਕਾਰੀ ਬਿਲ ਪੇਸ਼ ਹੋਇਆ ਤਾਂ ਜਨ ਸੰਘ ਅਤੇ ਕਾਂਗਰਸ ਦੇ ਕੁਝ ਮੈਂਬਰਾਂ ਅਤੇ ਹਿੰਦੀ ਸਹਿਤ ਸੰਮੇਲਨ ਵਰਗੇ ਗੈਰ-ਸਰਕਾਰੀ ਸੰਗਠਨਾਂ ਨੇ ਇਸ ਵਿਰੁੱਧ ਰਾਜ ਵਿਆਪੀ ਅੰਦੋਲਨ ਦਾ ਐਲਾਨ ਕਰ ਦਿੱਤਾ। ਪੂਰੇ ਰਾਜ ਵਿਚ 12 ਤੋਂ 26 ਅਗਸਤ ਤੱਕ ਉਰਦੂ ਵਿਰੋਧੀ ਪੰਦਰਵਾੜਾ ਮਨਾਇਆ ਗਿਆ। ਰਾਂਚੀ ਵਿਚ 12 ਅਗਸਤ ਨੂੰ ਕਈ ਉਰਦੂ ਵਿਰੋਧੀ ਪ੍ਰੋਗਰਾਮ ਹੋਏ। ਇਸ ਵਿਚ ਪ੍ਰਮੁੱਖ ਸੀ ਉਰਦੂ ਦੇ ਵਿਰੋਧ ਵਿਚ ਪਰਚੇ ਵੰਡਣੇ ਅਤੇ ਜਲੂਸ ਕੱਢਣਾ। ਪਰਚੇ ਬਹੁਤ ਹੀ ਭੜਕਾਊ ਭਾਸ਼ਾ ਵਿਚ ਸਨ ਅਤੇ ਇਨ੍ਹਾਂ ਅੰਦਰ ਉਰਦੂ ਅਤੇ ਮੁਸਲਮਾਨਾਂ ਵਿਰੁੱਧ ਇਤਰਾਜ਼ਯੋਗ ਢੰਗ ਨਾਲ ਤਰਕ ਦਿੱਤੇ ਗਏ ਸਨ। 'ਨਵੀਂ ਪੀੜ੍ਹੀ ਦੀ ਮਰਦਾਨਗੀ ਨੂੰ ਚੁਣੌਤੀ' ਨਾਮ ਦੇ ਪਰਚੇ ਵਿਚ ਖੁੱਲ੍ਹੇ ਰੂਪ ਵਿਚ ਮੁਸਲਮਾਨਾਂ ਨੂੰ ਦੇਸ਼-ਧ੍ਰੋਹੀ ਐਲਾਨਿਆ ਗਿਆ ਸੀ। ਹਿੰਦੂਆਂ ਦੀ ਨਵੀਂ ਪੀੜ੍ਹੀ, ਭਾਵ ਵਿਦਿਆਰਥੀਆਂ ਨੂੰ ਉਨ੍ਹਾਂ ਖ਼ਿਲਾਫ਼ ਉੱਠਣ ਲਈ ਕਿਹਾ ਗਿਆ ਸੀ। 15 ਅਗਸਤ ਨੂੰ ਉਰਦੂ ਵਿਰੋਧੀ ਜਲੂਸ ਕੱਢਿਆ ਗਿਆ ਜਿਨ੍ਹਾਂ ਵਿਚ ਕੁਝ ਥਾਵਾਂ 'ਤੇ ਝੜਪਾਂ ਹੋਈਆਂ। ਇਸ ਸਮੇਂ ਦੌਰਾਨ ਰੋਜ਼ਾਨਾ ਦੇ ਅਖ਼ਬਾਰਾਂ ਨੂੰ ਦੇਖਿਆ ਜਾਵੇ ਤਾਂ ਰਾਂਚੀ ਵਿਚ ਆਏ ਦਿਨ ਵੱਧ ਰਹੀ ਭੜਕਾਹਟ ਦਾ ਪਤਾ ਲੱਗਦਾ ਹੈ। ਇਸ ਭੜਕਾਹਟ ਦੇ ਵਧਣ ਦੇ ਨਾਲ ਹੀ ਮੁਸਲਮਾਨਾਂ ਨੇ ਆਪਣੀ ਸੁਰੱਖਿਆ ਲਈ ਯਤਨ ਸ਼ੁਰੂ ਕਰ ਦਿੱਤੇ। ਉਨ੍ਹਾਂ ਨੂੰ ਇਸ ਗੱਲ ਦਾ ਡਰ ਸੀ ਕਿ ਉਰਦੂ ਵਿਰੋਧੀ ਜਲੂਸ ਕੱਢਣ ਸਮੇਂ ਉਨ੍ਹਾਂ ਦੀ ਅਬਾਦੀ ਅਤੇ ਸੰਪਤੀ 'ਤੇ ਹਮਲੇ ਹੋ ਸਕਦੇ ਹਨ। ਬਾਅਦ ਵਿਚ ਉਨ੍ਹਾਂ ਦਾ ਇਹ ਡਰ ਸਹੀ ਵੀ ਨਿਕਲਿਆ। 22 ਅਗਸਤ ਨੂੰ ਕੱਢਿਆ ਜਲੂਸ ਜਦੋਂ ਸ਼ਹਿਰ ਵਿਚ ਦੀ ਲੰਘਿਆ ਤਾਂ ਉਸ ਨੇ ਤਬਾਹੀ ਮਚਾ ਦਿੱਤੀ। 22 ਅਗਸਤ ਤੋਂ ਲੈ ਕੇ 26 ਅਗਸਤ ਵਿਚਕਾਰ 184 ਲੋਕ ਮਾਰੇ ਗਏ ਜਿਨ੍ਹਾਂ ਵਿਚ 164 ਮੁਸਲਮਾਨ ਸਨ। ਇੰਨੇ ਵੱਡੇ ਪੈਮਾਨੇ 'ਤੇ ਹੋਈ ਹਿੰਸਾ ਕੇਵਲ ਪਥਰਾਓ ਨਾਲ ਨਹੀਂ ਹੋ ਸਕਦੀ ਜੋ ਕਥਿਤ ਰੂਪ ਵਿਚ ਮੁਸਲਮਾਨਾਂ ਵਲੋਂ ਜਲੂਸ ਖ਼ਤਮ ਹੋਣ ਤੋਂ ਬਾਅਦ ਖਿੰਡ ਰਹੇ ਜਲੂਸ ਦੇ ਹਿੱਸਿਆਂ 'ਤੇ ਸੈਂਟਰਲ ਸਟਰੀਟ, ਹਿੰਦੀ ਪਿੰਡ ਅਤੇ ਕੋਕਾ ਰੋਡ 'ਤੇ ਕੀਤਾ ਗਿਆ। ਇਸ ਤੋਂ ਪਹਿਲਾਂ ਦੇ ਦਸ ਦਿਨਾਂ ਤੋਂ ਰਾਂਚੀ ਦੀਆਂ ਸੜਕਾਂ 'ਤੇ ਨਾਅਰੇ ਲੱਗ ਰਹੇ ਸਨ, "ਅਗਰ ਉਰਦੂ ਲਾਦੀ ਲੜਕੋਂ ਪਰ, ਤੋ ਖੂਨ ਬਹੇਗਾ ਸੜਕੋਂ ਪਰ।" ਮੁਸਲਮਾਨਾਂ ਦਾ ਪਥਰਾਓ ਡਰੇ ਹੋਏ ਫਿਰਕੇ ਵਲੋਂ ਕੀਤੀ ਪ੍ਰਤੀਕਿਰਿਆ ਸੀ ਜਿਸ ਦੀ ਪਿਛਲੇ ਦਸ ਦਿਨਾਂ ਤੋਂ ਹੀ ਸ਼ੰਕਾ ਸੀ। 22 ਅਗਸਤ ਨੂੰ ਵਾਪਸ ਮੁੜਦੇ ਹੋਏ ਜਲੂਸ ਅਤੇ ਹੁੜਦੰਗੀਆਂ ਤੇ ਉਹ 'ਪਹਿਲਾ ਪੱਥਰ' ਆਣ ਹੀ ਵੱਜਿਆ ਜਿਸ ਦੀ ਸੰਭਾਵਨਾ ਹੀ ਸੀ।

ਭਿਵੰਡੀ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਦੰਗਾ 7 ਮਈ 1970 ਨੂੰ 'ਸ਼ਿਵ ਜੈਅੰਤੀ' ਜਲੂਸ 'ਤੇ ਮੁਸਲਮਾਨਾਂ ਵਲੋਂ ਪੱਥਰਬਾਜ਼ੀ ਕਰਨ ਨਾਲ ਹੋਇਆ। ਇਕ ਵਾਕ ਦਾ ਇਹ ਬਿਆਨ ਦੰਗੇ ਦੇ ਸ਼ੁਰੂ ਹੋਣ ਦੀ ਬੜੀ ਸਧਾਰਨ ਪੇਸ਼ਕਾਰੀ ਹੈ। ਜੇ ਥੋੜ੍ਹਾ ਜਿਹਾ ਡੂੰਘਾਈ ਨਾਲ ਪੂਰੇ ਘਟਨਾਕ੍ਰਮ ਨੂੰ ਦੇਖਿਆ ਜਾਵੇ ਤਾਂ ਇਹ ਸਪਸ਼ਟ ਹੋ ਜਾਵੇਗਾ ਕਿ ਐਨੀ ਅਸਾਨੀ ਨਾਲ ਨਤੀਜੇ ਕੱਢਣੇ ਠੀਕ ਨਹੀਂ। ਭਿਵੰਡੀ ਵਿਚ ਅਸਲ ਦੰਗਿਆਂ ਤੋਂ ਕਾਫ਼ੀ ਸਮਾਂ ਪਹਿਲਾਂ ਤਣਾਓ ਵਾਲੇ ਹਾਲਾਤ ਬਣੇ ਹੋਏ ਸਨ। ਇਹ ਤਣਾਓ 'ਸ਼ਿਵ ਜੈਅੰਤੀ' ਵੇਲੇ ਅਕਸਰ ਪਿਛਲੇ ਸਾਲਾਂ ਵਿਚ ਵੀ ਹੁੰਦਾ ਰਿਹਾ ਸੀ। ਅਸਲ ਵਿਚ ਵੱਡੇ ਪੈਮਾਨੇ 'ਤੇ ਸ਼ਿਵ ਜੈਅੰਤੀ ਮਨਾਉਣ ਦੀ ਪ੍ਰੰਪਰਾ 1964 ਤੋਂ ਸ਼ੁਰੂ ਹੋਈ ਸੀ। ਪਹਿਲੇ ਹੀ ਸਾਲ 'ਸ਼ਿਵ ਜੈਅੰਤੀ' ਨੇ ਭਿਵੰਡੀ ਅੰਦਰ ਫਿਰਕੂ ਜ਼ਹਿਰ ਘੋਲਣਾ ਸ਼ੁਰੂ ਕਰ ਦਿੱਤਾ ਸੀ। ਖੁੱਲ੍ਹੇਆਮ ਮੁਸਲਿਮ ਵਿਰੋਧੀ ਨਾਅਰੇ ਲਗਾ ਕੇ ਭੜਕਾਉਣ ਵਾਲੀਆਂ ਝਾਕੀਆਂ ਕੱਢ ਕੇ ਜਲੂਸ ਦੇ ਪ੍ਰਬੰਧਕਾਂ ਨੇ ਆਪਣੀ ਨੀਅਤ ਛੁਪਾ ਕੇ ਰੱਖਣ ਦੀ ਕੋਸ਼ਿਸ਼ ਨਹੀਂ ਕੀਤੀ। ਮੁਸਲਿਮ ਬਹੁਲ ਬਸਤੀਆਂ ਅੰਦਰ ਜਲੂਸ ਕੱਢਣ 'ਤੇ ਜ਼ੋਰ, ਮਸਜਿਦਾਂ ਅੰਦਰ ਗੁਲਾਲ ਸੁੱਟਣ ਦੀ ਜ਼ਿੱਦ ਜਾਂ ਪੁਲਿਸ ਦੇ ਮਨ੍ਹਾਂ ਕਰਨ ਦੇ ਬਾਵਜੂਦ "ਜੋ ਹਮ ਸੇ ਟਕਰਾਏਗਾ, ਚੂਰ ਚੂਰ ਹੋ ਜਾਵੇਗਾ" ਵਰਗੇ ਨਾਹਰੇ ਲਗਾ ਕੇ ਪ੍ਰਬੰਧਕਾਂ ਨੇ ਪਹਿਲੇ ਸਾਲ ਹੀ ਦੰਗਾ ਕਰਵਾਉਣ ਦਾ ਪੂਰਾ ਯਤਨ ਕੀਤਾ ਸੀ। ਆਪਣੇ ਉਚ ਅਧਿਕਾਰੀਆਂ ਨੂੰ ਭੇਜੀ ਰਿਪੋਰਟ ਵਿਚ ਥਾਣੇ ਦੇ ਪੁਲਿਸ ਮੁਖੀ ਨੇ ਸਪਸ਼ਟ ਲਿਖਿਆ, "ਮੈਂ ਜਾਂਚ ਕੀਤੀ ਹੈ ਕਿ ਹਿੰਦੂਆਂ ਦਾ ਇਕ ਵਰਗ, ਵਿਸ਼ੇਸ਼ ਰੂਪ ਵਿਚ ਆਰ.ਐਸ.ਐਸ. ਦੇ ਕਾਰਕੁਨ ਅਤੇ ਪੀ.ਐਸ.ਪੀ. ਦੇ ਕੁਝ ਲੋਕ ਅਸ਼ਾਂਤੀ ਪੈਦਾ ਕਰਨ ਲਈ ਉਤਾਰੂ ਹਨ। ਜਲੂਸ ਦੇ ਨਾਲ ਚੱਲਣ ਦੇ ਪਿੱਛੇ ਉਨ੍ਹਾਂ ਦੇ ਮਨ ਵਿਚ ਸ਼ਿਵਾ ਜੀ ਦੇ ਪ੍ਰਤੀ ਸਨਮਾਨ ਪ੍ਰਗਟ ਕਰਨ ਦੀ ਘੱਟ, ਆਪਣਾ ਹੁਕਮ ਮਨਾਉਣ ਦੀ ਭਾਵਨਾ ਵੱਧ ਸੀ ਅਤੇ ਇਸ ਦੇ ਨਾਲ ਜੇ ਸੰਭਵ ਹੋਵੇ ਤਾਂ ਮੁਸਲਮਾਨਾਂ ਨੂੰ ਉਤੇਜਿਤ ਅਤੇ ਅਪਮਾਨਿਤ ਕਰਨਾ ਚਾਹੁੰਦੇ ਸਨ...।"

1964 ਦੇ ਪਹਿਲੇ ਵੱਡੇ ਜਨਤਕ ਪ੍ਰਦਰਸ਼ਨ ਤੋਂ ਬਾਅਦ 1965 ਅਤੇ 1966 ਵਿਚ ਕੱਢੇ ਗਏ ਸ਼ਿਵ ਜੈਅੰਤੀ ਜਲੂਸਾਂ ਦੌਰਾਨ ਫਿਰਕੂ ਦੰਗੇ ਹੁੰਦੇ-ਹੁੰਦੇ ਬਚੇ ਪ੍ਰੰਤੂ 11 ਮਈ 1967 ਨੂੰ ਕੱਢੇ ਜਲੂਸ ਦੌਰਾਨ ਭਿਵੰਡੀ ਦੇ ਇਤਿਹਾਸ ਦਾ ਪਹਿਲਾ ਫਿਰਕੂ ਦੰਗਾ ਹੋ ਹੀ ਗਿਆ। ਪੁਲਿਸ ਰਿਕਾਰਡ ਅਤੇ ਜਸਟਿਸ ਡੀ.ਪੀ. ਮਦਾਨ ਦੇ ਜਾਂਚ ਆਯੋਗ ਦੀ ਰਿਪੋਰਟ ਵਿਚ ਦਿੱਤੇ ਵੇਰਵਿਆਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਹ ਦੰਗੇ ਜਲੂਸ ਵਿਚ ਮੌਜੂਦ ਲੋਕਾਂ ਦੇ ਗੈਰ-ਜ਼ਿੰਮੇਵਾਰ ਵਤੀਰੇ ਦਾ ਨਤੀਜਾ ਸਨ। ਪੁਲਿਸ ਨੂੰ ਅਖ਼ੀਰ ਤੱਕ ਜਲੂਸ ਦੇ ਰਸਤੇ ਅਤੇ ਸਮੇਂ ਬਾਰੇ ਹਨੇਰੇ ਵਿਚ ਰੱਖਣ ਕਾਰਨ, ਰੋਕਣ 'ਤੇ ਭੜਕਾਊ ਨਾਅਰੇ ਲਗਾਉਣ ਅਤੇ ਮਸਜਿਦ ਉਪਰ ਗੁਲਾਲ ਸੁੱਟਣ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਕੁਝ ਲੋਕ ਦੰਗਾ ਕਰਵਾਉਣ ਲਈ ਬਜ਼ਿੱਦ ਸਨ ਅਤੇ ਉਹ ਆਪਣੇ ਯਤਨਾਂ ਵਿਚ ਕਾਮਯਾਬ ਵੀ ਹੋਏ। ਇਨ੍ਹਾਂ ਕੋਸ਼ਿਸ਼ਾਂ ਪਿੱਛੇ ਕਿਹੜੀਆਂ ਸ਼ਕਤੀਆਂ ਸਨ ਜਿਨ੍ਹਾਂ ਦੇ ਸਿਰ 'ਸਫ਼ਲਤਾ' ਦਾ ਸਿਹਰਾ ਬੱਝਿਆ ਇਸ ਨੂੰ ਸਮਝਣ ਲਈ ਜਸਟਿਸ ਮਦਾਨ ਦੀ ਇਹ ਟਿੱਪਣੀ ਜ਼ਿਕਰਯੋਗ ਹੈ, "1967 ਦੀਆਂ ਮਿਊਂਸਪਲ ਚੋਣਾਂ ਵਿਚ ਜਿਥੋਂ ਤੱਕ ਹਿੰਦੂ ਸਭਾਪਤੀਆਂ ਦਾ ਸਵਾਲ ਹੈ, ਉਹ ਸਭ ਜਿੱਤ ਗਏ ਜਿਨ੍ਹਾਂ ਸ਼ਿਵ ਜੈਅੰਤੀ ਜਲੂਸ ਵਿਚ ਸਰਗਰਮੀ ਨਾਲ ਭਾਗ ਲਿਆ ਸੀ।"


INDIAN EXPRESS

Probe panel blames police, RSS for 1979 riots in Jamshedpur

US missiles, tanks for Pak on urgent basis

Delhi and Dacca agree to hold fresh talks

Pratishthan will stay: Antulay

**ਸਤੰਬਰ 1981 ਦੀ 'ਦਿ ਇੰਡੀਅਨ ਐਕਸਪ੍ਰੈੱਸ' ਅਖਬਾਰ ਦੀ ਸੁਰਖੀ ਜਿਸ ਵਿਚ 1979 ਵਿਚ ਹੋਏ ਜਮਸ਼ੇਦਪੁਰ ਦੰਗਿਆਂ ਲਈ ਪੁਲਿਸ ਅਤੇ ਆਰ.ਐਸ.ਐਸ. ਵੱਲ ਉਂਗਲ ਕੀਤੀ ਗਈ ਹੈ।**

1967 ਦੇ ਦੰਗਿਆਂ ਨੇ ਪੂਰੇ ਭਿਵੰਡੀ ਸ਼ਹਿਰ ਦੇ ਜਨਜੀਵਨ ਨੂੰ ਜਿਸ ਵਿਚ ਮਿਊਂਸਪਲ ਬੋਰਡ ਦੀ ਰਾਜਨੀਤੀ ਵੀ ਸ਼ਾਮਲ ਸੀ, ਫਿਰਕਾਪ੍ਰਸਤੀ ਦੇ ਜ਼ਹਿਰ ਵਿਚ ਪੂਰੀ ਤਰ੍ਹਾਂ ਡੋਬ ਦਿੱਤਾ। 1968 ਅਤੇ 1969 ਦੇ ਸਾਲਾਂ ਦੌਰਾਨ ਤਣਾਓ ਦੀਆਂ ਛੋਟੀਆਂ-ਵੱਡੀਆਂ ਘਟਨਾਵਾਂ ਤੋਂ ਦੂਰ ਰਹੇ ਇਨ੍ਹਾਂ ਦੋਹਾਂ ਸਾਲਾਂ ਵਿਚ ਸ਼ਿਵ ਜੈਅੰਤੀ ਜਲੂਸਾਂ ਦੇ ਨਿਕਲਣ ਤੋਂ ਪਹਿਲਾਂ ਅਤੇ ਉਨ੍ਹਾਂ ਦੇ ਨਿਕਲਣ ਸਮੇਂ ਵਿਵਾਦ ਪੈਦਾ ਹੋਏ; ਪ੍ਰੰਤੂ ਦੰਗਾ ਨਹੀਂ ਹੋਇਆ। ਇਸ ਮਾਹੌਲ ਅੰਦਰ ਇਹ ਸੁਭਾਵਿਕ ਹੀ ਸੀ ਕਿ 1969-70 ਦੌਰਾਨ ਛੋਟੀਆਂ ਗੱਲਾਂ 'ਤੇ ਭਿਵੰਡੀ ਵਿਚ ਤਣਾਓ ਪੈਦਾ ਹੋਇਆ। ਵਿਦਿਆਰਥੀਆਂ ਦੇ ਪ੍ਰੋਗਰਾਮਾਂ, ਨਗਰਪਾਲਿਕਾ ਦੀਆਂ ਗਤੀਵਿਧੀਆਂ ਅਤੇ ਧਾਰਮਿਕ ਤਿਉਹਾਰਾਂ ਦੇ ਅਲੱਗ-ਅਲੱਗ ਮੌਕਿਆਂ 'ਤੇ ਵੱਡਾ ਦੰਗਾ ਹੁੰਦੇ-ਹੁੰਦੇ ਬਚਿਆ। ਇਸ ਸਮੇਂ ਦੌਰਾਨ ਹਿੰਦੂ ਅਤੇ ਮੁਸਲਿਮ ਦੋਵਾਂ ਪੱਖਾਂ ਦੇ ਫਿਰਕੂ ਸੰਗਠਨਾਂ ਨੇ ਭਿਵੰਡੀ ਅਤੇ ਆਸ ਪਾਸ ਵਿਸਥਾਰ ਕੀਤਾ ਅਤੇ ਆਪਣੇ ਲੀਡਰਾਂ ਦੁਆਰਾ ਸ਼ਹਿਰ ਵਿਚ ਫਿਰਕੂ ਜ਼ਹਿਰ ਫੈਲਾਇਆ।

ਬੇਵਿਸ਼ਵਾਸ, ਤਣਾਓ ਅਤੇ ਵੈਰ-ਭਾਵ ਦੇ ਅਜਿਹੇ ਮਾਹੌਲ ਅੰਦਰ 7 ਮਈ 1970 ਨੂੰ ਸ਼ਿਵ ਜੈਅੰਤੀ ਜਲੂਸ ਕੱਢਿਆ ਗਿਆ। ਹਿੰਦੂ ਫਿਰਕੂ ਸੰਗਠਨ ਕਈ ਦਿਨ ਨੇੜੇ ਦੇ ਪਿੰਡਾਂ ਅਤੇ ਕਸਬਿਆਂ ਅੰਦਰ ਜ਼ਹਿਰੀਲਾ ਪ੍ਰਚਾਰ ਕਰਦੇ ਰਹੇ। ਉਨ੍ਹਾਂ ਦੇ ਪ੍ਰਚਾਰ ਕਾਰਨ ਹਜ਼ਾਰਾਂ ਦੀ ਗਿਣਤੀ ਵਿਚ ਆਸ-ਪਾਸ ਦੇ ਹਥਿਆਰਬੰਦ ਹਿੰਦੂ ਸਵੇਰ ਤੋਂ ਹੀ ਭਿਵੰਡੀ ਆਉਣੇ ਸ਼ੁਰੂ ਹੋ ਗਏ ਸਨ। ਜਲੂਸ ਵਿਚ ਸ਼ਾਮਲ ਲੋਕ ਨਾ ਕੇਵਲ ਮਿੱਟੀ ਦਾ ਤੇਲ, ਡਾਂਗਾਂ, ਭੱਲੇ ਅਤੇ ਬਰਛੇ ਵਰਗੇ ਹਥਿਆਰਾਂ ਨਾਲ ਲੈਸ ਹੀ ਸਨ ਸਗੋਂ ਖੁੱਲ੍ਹੇਆਮ ਉਨ੍ਹਾਂ ਦਾ ਪ੍ਰਦਰਸ਼ਨ ਵੀ ਕਰ ਰਹੇ ਸਨ। ਪਿਛਲੇ ਸਾਲਾਂ ਦੀ ਤਰ੍ਹਾਂ ਮੁਸਲਮਾਨਾਂ ਵਿਰੁੱਧ ਅਪਮਾਨਜਨਕ ਅਤੇ ਭੜਕਾਹਟ ਪੈਦਾ ਕਰਨ ਵਾਲੇ ਨਾਅਰੇ ਲਗਾ ਰਹੇ ਸਨ। ਮੁਸਲਮਾਨਾਂ ਦੀ ਆਬਾਦੀ ਅਤੇ ਮਸੀਤਾਂ ਦੇ ਸਾਹਮਣੇ ਪਹੁੰਚ ਕੇ ਜਲੂਸ ਵੱਧ ਭੜਕਾਊ ਵਰਤਾਓ ਕਰਨ ਲੱਗਦਾ ਸੀ। ਰੋਕਣ ਤੇ ਗੁਲਾਲ ਇਸ ਤਰ੍ਹਾਂ ਉਛਾਇਆ ਜਾਂਦਾ ਸੀ ਕਿ ਉਹ ਮਸੀਤਾਂ ਉਪਰ ਡਿੱਗੇ।

ਇਸ ਉਤੇਜਨਾ ਅਤੇ ਸ਼ੰਕਿਆਂ ਦੌਰਾਨ

> ### ਵੱਡੀ ਵੰਗਾਰ
> ***ਪੁਲਿਸ ਅਫਸਰ ਵਜੋਂ ਮੈਂ ਮਹਿਸੂਸ ਕੀਤਾ ਹੈ ਕਿ ਭਾਰਤੀ ਪੁਲਿਸ ਪਹਿਲਾਂ ਹੀ ਮਨ ਬਣਾ ਕੇ ਘੱਟ-ਗਿਣਤੀ ਵਿਰੋਧੀ ਮਾਨਸਿਕਤਾ ਦੀ ਸ਼ਿਕਾਰ ਹੁੰਦੀ ਹੈ। ਉਨ੍ਹਾਂ ਦੀ ਯੋਗ ਸਿਖਲਾਈ ਅਤੇ ਘੱਟ-ਗਿਣਤੀਆਂ ਦੀ ਪੁਲਿਸ ਬਲਾਂ ਅੰਦਰ ਭਰਤੀ ਦਾ ਅਨੁਪਾਤ ਮੁੱਖ ਤੌਰ 'ਤੇ ਦੋਸ਼ੀ ਹੈ। ਤੁਹਾਡੇ ਕੋਲ ਵਧੇਰੇ ਪੁਲਿਸ ਬਲ, ਵੱਡੀ ਗਿਣਤੀ ਹਥਿਆਰ, ਵਧੇਰੇ ਗੱਡੀਆਂ, ਬਹੁਤ ਵਧੀਆ ਸੂਚਨਾ ਤੰਤਰ ਕੋਈ ਮਾਇਨੇ ਨਹੀਂ ਰੱਖਦਾ, ਜੇ ਉਨ੍ਹਾਂ ਦੀ ਸੋਚ ਪਹਿਲਾਂ ਹੀ ਵਿਸ਼ੇਸ਼ ਵਿਚਾਰ ਨਾਲ ਲੈਸ ਹੈ।***
> ***-ਵਿਭੂਤੀ ਨਰਾਇਣ ਰਾਏ***

ਸੁਭਾਵਿਕ ਹੀ ਸੀ ਕਿ ਮੁਸਲਮਾਨਾਂ ਨੇ ਵੀ ਆਪਣੀ ਸੁਰੱਖਿਆ ਦੀ ਵਿਵਸਥਾ ਕੀਤੀ ਹੋਵੇਗੀ। ਜੋ ਤੱਥ ਦੰਗਿਆਂ ਦੀ ਸ਼ੁਰੂਆਤ ਨੂੰ ਲੈ ਕੇ ਹਿੰਦੂਆਂ ਅਤੇ ਮੁਸਲਮਾਨਾਂ ਨੇ ਅਲੱਗ-ਅਲੱਗ ਕਿਸੇ ਜਾਂਚ ਆਯੋਗ ਸਾਹਮਣੇ ਰੱਖੇ, ਉਨ੍ਹਾਂ ਤੋਂ ਇਹ ਤੈਅ ਨਹੀਂ ਹੋ ਸਕਿਆ ਕਿ ਪਹਿਲਾਂ ਹਮਲਾ ਕਿਸ ਨੇ ਕੀਤਾ, ਫਿਰ ਵੀ ਜੇ ਇਹ ਮੰਨ ਵੀ ਲਿਆ ਜਾਵੇ ਕਿ ਪਹਿਲਾ ਪੱਥਰ ਕਿਸੇ ਮੁਸਲਮਾਨ ਨੇ ਮਾਰਿਆ ਤਾਂ ਕੀ ਇਹ ਸਿੱਧ ਕੀਤਾ ਜਾ ਸਕਦਾ ਹੈ ਕਿ 7 ਮਈ 1970 ਨੂੰ ਭਿਵੰਡੀ ਵਿਖੇ ਹੋਣ ਵਾਲਾ ਦੰਗਾ ਮੁਸਲਮਾਨਾਂ ਦੀ ਸੁਭਾਵਿਕ ਕੱਟੜਤਾ ਅਤੇ ਹਿੰਸਕ ਪ੍ਰਵਿਰਤੀ ਦਾ ਨਤੀਜਾ ਹੀ ਸੀ? ਕਿਸੇ ਮੁਸਲਮਾਨ ਦੁਆਰਾ ਸੁੱਟਿਆ ਪਹਿਲਾ ਪੱਥਰ ਇਕ ਡਰੇ ਹੋਏ ਫਿਰਕੇ ਦੀ ਪ੍ਰਤੀਕਿਰਿਆ ਹੀ ਹੁੰਦੀ ਹੈ, ਕਿਉਂਕਿ ਡਰਿਆ ਹੋਇਆ ਸਮੂਹ ਅਕਸਰ ਹੀ ਪਹਿਲਾਂ ਪ੍ਰਤੀਕਿਰਿਆ ਕਰਦਾ ਹੈ।

ਕੁਝ ਮਾਮਲਿਆਂ ਵਿਚ ਤਾਂ 'ਪਹਿਲਾ ਪੱਥਰ' ਹੱਥ ਵਿਚ ਫੜਨ ਜਾਂ ਮਾਰੇ ਜਾਣ ਦੀ ਪ੍ਰਕਿਰਿਆ ਕੁਝ ਇਸ ਤਰ੍ਹਾਂ ਵਾਪਰਦੀ ਹੈ ਕਿ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਕਿਸੇ ਅਦ੍ਰਿਸ਼ ਹੱਥ ਦੀ ਦਿਲਚਸਪੀ ਇਸ ਗੱਲ ਵਿਚ ਹੈ ਕਿ ਘੱਟ ਗਿਣਤੀ ਪਹਿਲ ਕਰੇ ਤਾਂ ਜੋ ਉਸ ਨੂੰ ਮਾਰਨ ਦੀ ਭੂਮਿਕਾ ਬਣਾਈ ਜਾ ਸਕੇ। ਇਹ ਅਦ੍ਰਿਸ਼ ਹੱਥ ਕਿਸੇ ਫਿਰਕੂ ਸੰਗਠਨ ਜਾਂ ਰਾਜਨੀਤਕ ਦਲ, ਹਿੰਦੂ ਹਿਤਾਂ ਦੇ ਤਰਜਮਾਨ ਦਾ ਵੀ ਹੋ ਸਕਦਾ ਹੈ। ਕਈ ਵਾਰ ਘੱਟ ਗਿਣਤੀ ਦੇ ਸੰਗਠਨ ਦੇ ਹਿਤ ਵੀ ਇਸ ਨਾਲ ਜੁੜੇ ਹੋ ਸਕਦੇ ਹਨ ਕਿ ਦੰਗੇ ਹੋਣ ਅਤੇ ਮੁਸਲਮਾਨ ਕੁੱਟੇ ਜਾਣ ਤਾਂ ਜੋ ਉਹ ਸਰਗਰਮ ਹੋਣ। ਜੇ ਇਕ ਠੋਸ ਉਦਾਹਰਨ ਦੇਖੀ ਜਾਵੇ ਕਿ ਮੁਸਲਮਾਨਾਂ ਨੂੰ ਪਹਿਲ ਕਰਨ ਲਈ ਮਜਬੂਰ ਕਰਨ ਦੇ ਪਿੱਛੇ ਖਾਸ ਮਾਨਸਿਕਤਾ ਕੰਮ ਕਰਦੀ ਹੈ।

ਅੰਤਰਰਾਸ਼ਟਰੀ ਸੰਸਥਾਵਾਂ ਦੀ ਰਾਏ, ਭਾਰਤੀ ਪ੍ਰੈਸ ਦਾ ਵੱਡੇ ਹਿੱਸੇ ਦੇ ਉਦਾਰਵਾਦੀ ਅਤੇ ਧਰਮ ਨਿਰਪੱਖ ਹੋਣ (ਉਸ ਸਮੇਂ) ਆਜ਼ਾਦ ਨਿਆਂਪਾਲਿਕਾ, ਸਾਰਿਆਂ ਲਈ ਵੋਟ ਦੇ ਅਧਿਕਾਰ ਦੇ ਕਾਰਨ ਘੱਟ ਗਿਣਤੀਆਂ ਨੂੰ ਆਪਣੇ ਕਲਾਵੇ ਵਿਚ ਲੈਣ ਦੀ ਰਾਜਨੀਤਕ ਦਲਾਂ ਦੀ ਮਜਬੂਰੀ, ਆਧੁਨਿਕ ਅਤੇ ਵਿਗਿਆਨਕ ਸਿੱਖਿਆ ਅਤੇ ਵੱਡੇ ਪੈਮਾਨੇ ਉਪਰ ਹਿੰਦੂਆਂ ਅਤੇ ਮੁਸਲਮਾਨਾਂ ਦੇ ਇਕ ਦੂਜੇ ਦੇ ਸੰਪਰਕ ਵਿਚ ਆਉਣ ਦੇ ਸਮਾਜਿਕ ਆਰਥਿਕ ਮੌਕੇ ਆਦਿ ਕਈ ਅਜਿਹੇ ਕਾਰਨ ਹਨ ਜਿਨ੍ਹਾਂ ਦੇ ਚਲਦਿਆਂ ਕੋਈ ਸ਼ਕਤੀਸ਼ਾਲੀ ਸਮੂਹ (ਭਾਰਤੀ ਸੰਦਰਭ ਵਿਚ ਹਿੰਦੂ) ਕਿਸੇ ਕਮਜ਼ੋਰ ਸਮੂਹ (ਉਪਰੋਕਤ ਅਰਥ ਵਿਚ ਮੁਸਲਿਮ) ਉਤੇ ਪਹਿਲਾਂ ਸਰੀਰਕ ਹਮਲਾ ਨਹੀਂ ਕਰ ਸਕਦਾ, ਕਿਉਂਕਿ ਅਜਿਹੀ ਪਹਿਲ ਉਨ੍ਹਾਂ ਦੀ ਉਸ ਬਾਰੇ

**(ਬਾਕੀ ਅਗਲੇ ਸਫੇ 'ਤੇ)**

ਉਲਟ ਰਾਏ ਬਣਾਉਣ ਦਾ ਸਬਬ ਬਣੇਗੀ ਜੋ ਹੁਣ ਤੱਕ ਇਹ ਮੰਨਦੇ ਰਹੇ ਸਨ ਕਿ ਇਹ ਧਾਰਮਿਕ ਸਮੂਹ ਤਾਂ ਅਹਿੰਸਕ ਅਤੇ ਉਦਾਰ ਹੈ। ਬਾਹਰੀ ਆਲੋਚਨਾ ਤੋਂ ਬਚਣ ਲਈ ਅਤੇ ਆਪਣੀ ਚੰਗੀ ਦਿੱਖ ਬਣਾਏ ਰੱਖਣ ਲਈ ਇਹ ਜ਼ਰੂਰੀ ਹੈ ਕਿ ਪਹਿਲਾਂ ਹਮਲਾ ਮੁਸਲਮਾਨ ਕਰਨ ਤਾਂ ਜੋ ਇਸ ਨਾਲ ਉਹ ਆਪਣੇ ਹੋਣ ਵਾਲੇ ਨੁਕਸਾਨ ਦੀ ਪੂਰਤੀ ਲਈ ਕੀਤੀ ਜਾਣ ਵਾਲੀ ਹਿੰਸਾ ਦੀ ਵਾਜਬੀਅਤ ਬਣਾ ਸਕਣ। ਜਿਵੇਂ ਕੋਈ ਤਾਕਤਵਰ ਆਦਮੀ ਕਿਸੇ ਕਮਜ਼ੋਰ ਨੂੰ ਧੱਕਦਾ, ਧੱਕੇ ਮਾਰਦਾ ਕੰਧ ਨਾਲ ਲਾ ਦੇਵੇ ਅਤੇ ਫਿਰ ਉਸ ਦੇ ਮੂੰਹ 'ਤੇ ਥੁੱਕ ਦੇਵੇ, ਬਹੁਤ ਸਾਰੀਆਂ ਗਾਲਾਂ ਕੱਢੇ ਤਾਂ ਜੋ ਉਹ ਹੱਥ ਉਠਾਉਣ ਲਈ ਮਜਬੂਰ ਹੋ ਜਾਵੇ ਤਾਂ ਜੋ ਬਾਅਦ ਵਿਚ ਉਸ ਨੂੰ ਕੁਟਾਪਾ ਚਾੜ੍ਹਿਆ ਜਾ ਸਕੇ। ਇਸ ਕੁਟਾਪੇ ਤੋਂ ਪਹਿਲਾਂ ਅਤੇ ਬਾਅਦ ਵਿਚ ਇਹ ਰੌਲਾ ਖੂਬ ਪਾਇਆ ਜਾ ਸਕਦਾ ਹੈ ਕਿ ਇਹ ਤਾਂ ਹੈ ਹੀ ਹਿੰਸਕ ਅਤੇ ਜ਼ਾਲਮ, ਇਸੇ ਲਈ ਇਸ ਨੇ ਪਹਿਲਾਂ ਹਮਲਾ ਕੀਤਾ।

ਜਮਸ਼ੇਦਪੁਰ 1979 ਅਤੇ ਬਨਾਰਸ (1977) ਦੇ ਦੰਗੇ ਅਜਿਹੀਆਂ ਬਹੁਤ ਸਾਰੀਆਂ ਉਦਾਹਰਨਾਂ ਵਿਚੋਂ ਹਨ ਜਿਨ੍ਹਾਂ ਦਾ ਅਧਿਐਨ ਇਹ ਦਿਖਾਉਂਦਾ ਹੈ ਕਿ ਕਿਵੇਂ ਫਿਰਕੂ ਸਥਿਤੀ ਵਿਚ ਮੁਸਲਮਾਨਾਂ ਨੂੰ ਪਹਿਲਾਂ ਹੱਥ ਉਠਾਉਣ ਲਈ ਮਜਬੂਰ ਕੀਤਾ ਜਾਂਦਾ ਹੈ। ਦੋਵਾਂ ਥਾਵਾਂ 'ਤੇ ਧਾਰਮਿਕ ਜਲੂਸਾਂ ਦੌਰਾਨ ਰਸਤੇ ਉਹ ਚੁਣੇ ਗਏ ਜਿੱਧਰ ਬਹੁਗਿਣਤੀ ਮੁਸਲਿਮ ਆਬਾਦੀ ਰਹਿੰਦੀ ਹੋਵੇ ਅਤੇ ਮਸੀਤਾਂ ਮੌਜੂਦ ਹੋਣ। ਜਲੂਸ ਲਈ ਇਹ ਰਸਤੇ ਪਹਿਲਾਂ ਕਦੇ ਵੀ ਨਹੀਂ ਚੁਣੇ ਗਏ। ਵਿਵਾਦਤ ਥਾਵਾਂ 'ਤੇ ਜਲੂਸ ਲਿਜਾ ਕੇ ਮੁਸਲਿਮ ਇਲਾਕੇ ਵਿਚ ਜਲੂਸ ਰੋਕ ਲਏ ਗਏ ਅਤੇ ਹਥਿਆਰਬੰਦ ਭੜਕੀ ਭੀੜ ਵਲੋਂ ਬੇਹੱਦ ਭੜਕਾਊ ਕਾਰਵਾਈਆਂ ਕੀਤੀਆਂ ਗਈਆਂ। ਇਹ ਉਸ ਸਮੇਂ ਤੱਕ ਜਾਰੀ ਰਹੀਆਂ ਜਿੰਨੀ ਦੇਰ ਤੱਕ ਮੁਸਲਮਾਨਾਂ ਵਲੋਂ ਬਦਲੇ ਵਿਚ ਪਹਿਲਾ ਪੱਥਰ ਨਹੀਂ ਆ ਗਿਆ। ਬੱਸ ਇਹ ਪਹਿਲਾ ਪੱਥਰ ਆਉਣ ਦੀ ਦੇਰ ਸੀ, ਜਲੂਸ ਨੂੰ ਹਿੰਸਾ ਕਰਨ ਦੀ ਮਨਜ਼ੂਰੀ ਮਿਲ ਗਈ ਅਤੇ ਵੱਡੇ ਪੈਮਾਨੇ 'ਤੇ ਸਾੜ ਫੂਕ ਅਤੇ ਮਨੁੱਖਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ।

ਅਪਰੈਲ 1979 ਵਿਚ ਜਮਸ਼ੇਦਪੁਰ ਵਿਚਲਾ ਦੰਗਾ ਉਸੇ ਵੇਲੇ ਦੀ ਕਾਬਜ਼ ਜਨਤਾ ਪਾਰਟੀ ਦੇ ਆਪਸੀ ਕਲੇਸ਼ ਦਾ ਸਿੱਟਾ ਸੀ। ਬਿਹਾਰ ਵਿਚ ਕਰਪੂਰੀ ਠਾਕਰ ਦੀ ਸਰਕਾਰ ਵਿਚ ਜਨ ਸੰਘ ਵੀ ਸ਼ਾਮਲ ਸੀ। ਜਮਸ਼ੇਦਪੁਰ ਦਾ ਵਿਧਾਇਕ ਜਨ ਸੰਘ ਦਾ ਸੀ ਅਤੇ ਉਹ ਸਿਰੇ ਦਾ ਫਿਰਕੂ ਵਿਅਕਤੀ ਸੀ। ਜਮਸ਼ੇਦਪੁਰ ਵਿਚ ਕਈ ਸਾਲਾਂ ਤੋਂ ਰਾਮ ਨੌਮੀ ਦਾ ਜਲੂਸ ਕੱਢਣ ਦੀ ਪ੍ਰੰਪਰਾ ਸੀ ਅਤੇ ਇਸ ਲਈ ਰਸਤਾ ਪਹਿਲਾਂ ਹੀ ਨਿਰਧਾਰਿਤ ਸੀ। 1978 ਵਿਚ ਪਹਿਲੀ ਵਾਰ ਆਪਣੀ ਸਰਕਾਰ ਹੋਣ ਦਾ ਫਾਇਦਾ ਚੁੱਕਦੇ ਹੋਏ ਸਥਾਨਕ ਵਿਧਾਇਕ ਅਤੇ ਹਿੰਦੂ ਸੰਗਠਨਾਂ ਨੇ ਪ੍ਰਸ਼ਾਸਨ 'ਤੇ ਦਬਾਅ ਬਣਾ ਕੇ ਨਿਰਧਾਰਤ ਰਸਤੇ ਦੀ ਥਾਂ ਅਲੱਗ ਰਸਤਾ ਨੰ. 14 ਵਿਚ ਜਲੂਸ ਅਤੇ ਨਾਲ ਚੱਲਣ ਵਾਲੇ ਅਖਾੜੇ ਨੂੰ ਲਿਜਾਣ ਦੀ ਆਗਿਆ ਪ੍ਰਾਪਤ ਕਰ ਲਈ। ਇਹ ਰਸਤਾ ਮੁਸਲਿਮ ਅਬਾਦੀ ਅਤੇ ਮਸੀਤਾਂ ਕੋਲ ਦੀ ਹੋ ਕੇ ਲੰਘਦਾ ਹੈ। ਤਣਾਓ ਹੋਣਾ ਸੁਭਾਵਿਕ ਸੀ। ਤਣਾਓ ਇਸ ਲਈ ਵੀ ਹੋਇਆ ਕਿ ਜਲੂਸ ਵਿਚ ਬਹੁਤਿਆਂ ਕੋਲ ਹਥਿਆਰ ਸਨ ਅਤੇ ਉਹ ਭੜਕਾਊ ਨਾਹਰੇ ਲਗਾ ਰਹੇ ਸਨ। ਕਿਸੇ ਤਰ੍ਹਾਂ ਪ੍ਰਸ਼ਾਸਨ ਨੇ ਜਲੂਸ ਨੂੰ ਸ਼ਾਂਤੀਪੂਰਨ ਪੂਰਾ ਕਰਵਾ ਦਿੱਤਾ। 1979 ਵਿਚ ਵੀ ਪ੍ਰਬੰਧਕਾਂ ਨੇ ਰਸਤਾ ਨੰ. 14 ਰਾਹੀਂ ਜਲੂਸ ਕੱਢਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਪ੍ਰਸ਼ਾਸਨ ਨੇ ਨਾਂਹ ਕਰ ਦਿੱਤੀ। ਜਲੂਸ ਦੇ ਰਸਤੇ ਨੂੰ ਲੈ ਕੇ ਹਿੰਦੂ ਸੰਗਠਨਾਂ ਨੇ ਸ਼ਹਿਰ ਵਿਚ ਖੂਬ ਜ਼ਹਿਰ ਉਗਲਿਆ ਅਤੇ ਸ਼ਹਿਰ ਦਾ ਮਾਹੌਲ ਭੜਕਾਉਣ ਦੀ ਪੂਰੀ ਕੋਸ਼ਿਸ਼ ਕੀਤੀ। 7 ਅਪਰੈਲ ਨੂੰ ਰਾਮ ਨੌਮੀ ਕੇਂਦਰੀ ਅਖਾੜਾ ਸਮਿਤੀ ਨੇ ਪਰਚਾ ਵੰਡਿਆ ਜਿਸ ਵਿਚ ਫਿਰਕੂ ਏਕਤਾ ਨੂੰ ਵਿਗਾੜਨ ਵਾਲੀਆਂ ਗੱਲਾਂ ਲਿਖੀਆਂ ਗਈਆਂ। ਇਕ ਕਾਰਨ ਹੋਰ ਸੀ। ਜਮਸ਼ੇਦਪੁਰ ਵਿਚ ਹਿੰਦੂ ਅਤੇ ਮੁਸਲਿਮ ਅਪਰਾਧੀ ਮਾਫ਼ੀਆ ਦਾ ਪੂਰਾ ਜ਼ੋਰ ਸੀ। ਉਸ ਸਮੇਂ ਉਸ ਥਾਂ 'ਤੇ ਇਮਾਨਦਾਰ ਸਖਤ ਪੁਲਿਸ ਅਫ਼ਸਰ ਨਿਯੁਕਤ ਕਰ ਦਿੱਤਾ ਗਿਆ, ਜੋ ਦੋਵੇਂ ਧਰਮਾਂ ਦੇ ਮਾਫ਼ੀਆ ਗ੍ਰੋਹਾਂ ਦੀਆਂ ਅੱਖਾਂ ਵਿਚ ਰੜਕਦਾ ਸੀ ਜੋ ਦੰਗਾ ਕਰਵਾਉਣ ਦੀ ਤਾਕ ਵਿਚ ਸਨ।

11 ਅਪਰੈਲ 1979 ਨੂੰ ਜਲੂਸ ਕੱਢਣ ਵਾਲੇ ਤੱਤਾਂ ਨੇ ਆਪਣੇ ਇਰਾਦੇ ਪਹਿਲਾਂ ਹੀ ਸਪਸ਼ਟ ਕਰ ਦਿੱਤੇ ਸਨ। ਦੁਪਹਿਰ ਦੋ ਵਜੇ ਜਲੂਸ ਕੱਢਣ ਦਾ ਐਲਾਨ ਕਰਕੇ 11 ਵਜੇ ਹੀ ਜਲੂਸ ਸ਼ੁਰੂ ਕਰ ਦਿੱਤਾ। ਜਲੂਸ ਵਿਚ ਬਾਹਰੋਂ ਹਜ਼ਾਰਾਂ ਦੀ ਗਿਣਤੀ ਵਿਚ ਹਥਿਆਰਬੰਦ ਕਾਰਕੁਨ ਬੁਲਾਏ ਗਏ ਸਨ। ਇਹ ਲੋਕ ਮੁਸਲਮਾਨਾਂ ਖ਼ਿਲਾਫ਼ ਨਾਅਰੇ ਲਾਉਂਦੇ ਨਿਕਲੇ। ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਜਲੂਸ ਨੇ ਆਪਣਾ ਰਸਤਾ ਬਦਲ ਲਿਆ ਅਤੇ 14 ਨੰਬਰ ਰਸਤੇ ਵੱਲ ਵਧੇ। ਜਲੂਸ ਨਾਲ ਅਖਾੜੇ ਵੀ ਸਨ ਜਿਸ ਵਿਚ ਭਾਗ ਲੈਣ ਵਾਲੇ ਸ਼ਰੇਆਮ ਨੰਗੀਆਂ ਤਲਵਾਰਾਂ ਅਤੇ ਭਾਲੇ ਚਮਕਾਉਂਦੇ ਚੱਲ ਰਹੇ ਸਨ। ਜਲੂਸ ਜਦੋਂ ਮੁਸਲਿਮ ਬਸਤੀ ਦੀ ਮਹੱਤਵਪੂਰਨ ਮਸਜਿਦ ਕੋਲ ਪਹੁੰਚਿਆ ਤਾਂ ਉਸ ਨੂੰ ਰੋਕ ਦਿੱਤਾ ਗਿਆ। ਉਸ ਤੋਂ ਅੱਗੇ ਜਾਣ ਲਈ ਜਲੂਸ ਦੇ ਪ੍ਰਬੰਧਕਾਂ ਨੇ ਪ੍ਰਸ਼ਾਸਨ ਕੋਲ ਤਰਕ ਵਿਹੂਣੀਆਂ ਮੰਗਾਂ ਰੱਖ ਦਿੱਤੀਆਂ ਜਿਨ੍ਹਾਂ ਦੀ ਕੋਈ ਪ੍ਰਸੰਗਤਾ ਨਹੀਂ ਸੀ ਬਣਦੀ। ਵਿਧਾਇਕ ਅਤੇ ਹੋਰ ਲੋਕਾਂ ਨੇ ਅੱਗ ਲਾਉਣ ਵਾਲੇ ਭਾਸ਼ਣ ਦਿੱਤੇ। ਉਤੇਜਨਾ ਦੇ ਇਸ ਮਾਹੌਲ ਵਿਚ ਹਥਿਆਰਾਂ ਦਾ ਜੰਮ ਕੇ ਪ੍ਰਦਰਸ਼ਨ ਕੀਤਾ ਗਿਆ ਅਤੇ ਭੜਕਾਊ ਨਾਹਰੇ ਗੂੰਜਦੇ ਰਹੇ। ਜਲੂਸ ਅੱਗੇ ਜਾਣ ਲਈ ਤਿਆਰ ਨਹੀਂ ਸੀ। ਸੰਘਣੀ ਮੁਸਲਿਮ ਆਬਾਦੀ ਵਿਚ ਜਲੂਸ ਕਈ ਘੰਟੇ ਰੁਕਿਆ ਰਿਹਾ।

ਆਪਣੇ ਆਪ ਨੂੰ ਬੁਰੀ ਤਰ੍ਹਾਂ ਘਿਰਿਆ ਮਹਿਸੂਸ ਕਰਦੇ ਹੋਏ ਮੁਸਲਮਾਨਾਂ ਨੇ ਵੀ ਆਪਣੀਆਂ ਛੱਤਾਂ 'ਤੇ ਇੱਟਾਂ, ਪੱਥਰ, ਗਰਮ ਤੇਲ ਅਤੇ ਡਾਂਗਾਂ, ਭਾਲੇ ਰੱਖ ਲਏ ਅਤੇ ਹਥਿਆਰ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ। ਮਸਜਿਦ ਵਿਚ ਵੀ ਕਾਫ਼ੀ ਮੁਸਲਮਾਨ ਮੌਜੂਦ ਸਨ।

ਇਸ ਸਮੇਂ ਭੀੜ ਦੇ ਵਿਹਾਰ ਦੇ ਮਨੋਵਿਗਿਆਨ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਹ ਸਪਸ਼ਟ ਲੱਗਦਾ ਹੈ ਕਿ ਇਕ ਅਜਿਹਾ ਸਮੂਹ ਤਿਆਰ ਸੀ ਜੋ ਆਪਣੇ ਵਿਰੋਧੀ ਨੂੰ ਭੜਕਾ ਕੇ ਪਹਿਲਾਂ ਪੱਥਰ ਮਾਰਨ ਲਈ ਕਹਿ ਰਿਹਾ ਹੋਵੇ। ਕੁਝ ਘੰਟਿਆਂ ਦੇ ਯਤਨ ਤੋਂ ਬਾਅਦ ਪਹਿਲਾ ਪੱਥਰ ਮਿਲ ਹੀ ਗਿਆ। ਸ਼ਾਮ ਦਾ ਹਨੇਰਾ ਹੋਣ ਤੋਂ ਕੁਝ ਸਮਾਂ ਪਹਿਲਾਂ ਮਸਜਿਦ ਵਲੋਂ ਪਹਿਲਾ ਪੱਥਰ ਆਇਆ ਅਤੇ ਪੂਰੇ ਸ਼ਹਿਰ ਵਿਚ ਕਤਲੇਆਮ ਸ਼ੁਰੂ ਹੋ ਗਿਆ। ਬਹੁਗਿਣਤੀ ਸਮੂਹ ਨੂੰ ਆਪਣੀ ਹਿੰਸਾ ਦੀ ਵਾਜਬੀਅਤ ਮਿਲ ਗਈ ਸੀ।

1977 ਵਿਚ ਬਨਾਰਸ ਵਿਚ ਵੀ ਇਸੇ ਤਰ੍ਹਾਂ ਵਾਪਰਿਆ। ਆਏ ਸਾਲ ਦੁਰਗਾ ਪੂਜਾ ਦੇ ਮੌਕੇ ਬੰਗਾਲੀ ਮੁਹੱਲਿਆਂ ਤੋਂ ਦੁਰਗਾ ਮੂਰਤੀਆਂ ਜਲ ਪ੍ਰਵਾਹ ਲਈ ਗੰਗਾ ਕਿਨਾਰੇ ਲਿਆਂਦੀਆਂ ਜਾਂਦੀਆਂ ਹਨ। ਬੰਗਾਲੀਆਂ ਦੇ ਮੁਹੱਲੇ ਮੁਸਲਿਮ ਆਬਾਦੀ ਦੇ ਨੇੜੇ ਹਨ ਅਤੇ ਵਸੋਂ ਬਹੁਤ ਸੰਘਣੀ ਹੈ। ਦੁਰਗਾ ਮੂਰਤੀਆਂ ਦੇ ਜਲ ਪ੍ਰਵਾਹ ਲਈ ਰਸਤਾ ਤੈਅ ਹੈ। ਦੁਰਗਾ ਪੂਜਾ ਤੋਂ ਕੁਝ ਸਮਾਂ ਪਹਿਲਾਂ ਐਂਗਲੋ-ਬੰਗਾਲੀ ਕਾਲਜ ਅਤੇ ਉਸਦੇ ਨਾਲ ਰਹਿ ਰਹੇ ਜੁਲਾਹਿਆਂ ਦੀ ਬਸਤੀ ਵਿਚ ਕਾਲਜ ਦੀ ਕੰਧ ਟੁੱਟੀ ਹੋਣ ਕਾਰਨ ਕਾਲਜ ਦੇ ਮੈਦਾਨ ਵਿਚ ਸੂਤ ਦਾ ਤਾਣਾ ਫੈਲਾ ਦਿੱਤਾ ਗਿਆ, ਕਾਲਜ ਦੇ ਲੜਕਿਆਂ ਦੀ ਖੇਡ ਵਿਚ ਰੁਕਾਵਟ ਪੈਣ ਦੀ ਗੱਲ ਤੋਂ ਟਕਰਾਓ ਪੈਦਾ ਹੋ ਗਿਆ। ਗੋਲਡਨ ਸਪੋਰਟਿੰਗ ਕਲੱਬ ਦੇ ਨੌਜਵਾਨਾਂ ਨੇ ਆਪਣੀਆਂ ਮੂਰਤੀਆਂ ਦੇ ਜਲ ਪ੍ਰਵਾਹ ਲਈ ਨਿਰਧਾਰਤ ਰਸਤੇ ਦੀ ਥਾਂ ਬਦਲਵੇਂ ਰਸਤੇ ਦੀ ਮੰਗ ਰੱਖੀ ਜੋ ਮੁਸਲਮਾਨਾਂ ਦੀ ਬਸਤੀ ਦੀਆਂ ਤੰਗ ਗਲੀਆਂ ਵਿਚ ਦੀ ਹੋ ਕੇ ਲੰਘਦਾ ਸੀ। ਇਹ ਸ਼ਰਾਰਤੀ ਮੰਗ ਸੀ ਅਤੇ ਖ਼ਾਸ ਮਕਸਦ ਨਾਲ ਕੀਤੀ ਜਾ ਰਹੀ ਸੀ। ਪ੍ਰਸ਼ਾਸਨ ਨੇ ਇਹ ਮੰਗ ਨਾ ਮੰਨੀ। 22 ਅਕਤੂਬਰ 1977 ਨੂੰ ਪ੍ਰਸ਼ਾਸਨ ਨੇ ਮੂਰਤੀਆਂ ਨੂੰ ਜਲ ਪ੍ਰਵਾਹ ਕਰਵਾ ਦਿੱਤਾ।

ਉਨ੍ਹਾਂ ਤੱਤਾਂ ਦਾ ਮਕਸਦ ਤਾਂ ਪੂਰਾ ਨਾ ਹੋਇਆ। ਉਸੇ ਰਾਤ ਉਨ੍ਹਾਂ ਨੇ ਇਕ ਹੋਰ ਨਵੀਂ ਮੂਰਤੀ ਪੁਰਾਣੀ ਮੂਰਤੀ ਦੇ ਥਾਂ 'ਤੇ ਰੱਖ ਦਿੱਤੀ ਅਤੇ 23 ਅਕਤੂਬਰ ਨੂੰ ਉਸ ਮੂਰਤੀ ਦੇ ਜਲ ਪ੍ਰਵਾਹ ਲਈ ਮੁੜ ਉਸੇ ਰਸਤੇ ਦੀ ਮੰਗ ਕੀਤੀ ਜਿਸ ਲਈ ਉਨ੍ਹਾਂ ਨੂੰ ਮਨਜ਼ੂਰੀ ਨਹੀਂ ਮਿਲੀ ਸੀ। ਪ੍ਰਸ਼ਾਸਨ ਵਲੋਂ ਇਹ ਜਾਣਦੇ ਹੋਏ ਵੀ ਕਿ ਉਨ੍ਹਾਂ ਦੀ ਮੰਗ ਬਿਲਕੁਲ ਗ਼ਲਤ ਹੈ, ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਘੰਟਿਆਂ ਤੱਕ ਚੱਲੇ ਵਿਵਾਦ ਦਾ ਸਿੱਟਾ ਇਹ ਨਿਕਲਿਆ ਕਿ ਲੋਕ ਇਕੱਠੇ ਹੁੰਦੇ ਗਏ ਅਤੇ ਸ਼ਹਿਰ ਵਿਚ ਅਫ਼ਵਾਹ ਫੈਲਦੀ ਗਈ ਕਿ ਮੁਸਲਮਾਨਾਂ ਦੇ ਵਿਰੋਧ ਕਾਰਨ ਦੁਰਗਾ ਦੀ ਮੂਰਤੀ ਜਲ ਪ੍ਰਵਾਹ ਨਹੀਂ ਹੋ ਰਹੀ। ਮੁਸਲਮਾਨਾਂ ਨੂੰ ਡਰ ਸੀ ਕਿ ਜੇ ਉਹ ਸਾਡੇ ਇਲਾਕੇ ਵਿਚੋਂ ਦੀ ਜਲੂਸ ਲੈ ਕੇ ਜਾਂਦੇ ਹਨ ਤਾਂ ਉਹ ਹਮਲਾ ਕਰ ਸਕਦੇ ਹਨ। ਕਈ ਘੰਟੇ ਤੱਕ ਚੱਲੀ ਬਹਿਸ ਅਤੇ ਤਣਾਓ ਤੋਂ ਬਾਅਦ ਮਸਲਾ ਉਸ ਬਿੰਦੂ 'ਤੇ ਪਹੁੰਚ ਗਿਆ, ਜਿੱਥੇ ਸਿਰਫ਼ ਇਕ ਚੰਗਿਆੜੀ, ਇਕ ਪੱਥਰ ਵੱਡੀ ਪੱਧਰ ਦਾ ਦੰਗਾ ਸ਼ੁਰੂ ਕਰਵਾਉਣ ਦੇ ਯੋਗ ਸੀ। ਇਹ ਪੱਥਰ ਕਿਸੇ ਮੁਸਲਿਮ ਘਰੋਂ ਆ ਗਿਆ ਅਤੇ ਦੰਗਾ ਸ਼ੁਰੂ ਹੋ ਗਿਆ।

ਉਪਰ ਦਿੱਤੇ ਉਦਾਹਰਨ ਇਹ ਸਮਝਣ ਵਿਚ ਸਾਡੀ ਮਦਦ ਕਰਨਗੇ ਕਿ ਦੰਗਿਆਂ ਦੀ ਸ਼ੁਰੂਆਤ ਕੇਵਲ ਉਹ ਬਿੰਦੂ ਨਹੀਂ ਹੁੰਦਾ, ਜਿੱਥੋਂ ਹਿੰਸਾ ਸ਼ੁਰੂ ਹੁੰਦੀ ਹੈ। ਇਸ ਬਿੰਦੂ ਤੋਂ ਕਾਫ਼ੀ ਪਹਿਲਾਂ ਤਣਾਓ ਦੀ ਸ਼ੁਰੂਆਤ ਹੋ ਜਾਂਦੀ ਹੈ। ਇਹ ਤਣਾਓ ਹੌਲੀ-ਹੌਲੀ ਪਿਰਾਮਿਡ ਦੀ ਸ਼ਕਲ ਵਿਚ ਹੌਲੀ-ਹੌਲੀ ਉਪਰ ਵਧੀ ਜਾਂਦਾ ਹੈ। ਪਿਰਾਮਿਡ ਦਾ ਸਿਖ਼ਰ ਉਸ ਬਿੰਦੂ ਤੋਂ ਬਣਦਾ ਹੈ ਜੋ 'ਤਬਦੀਲੀ ਬਿੰਦੂ' ਹੁੰਦਾ ਹੈ। ਇਸੇ ਬਿੰਦੂ 'ਤੇ ਕਿਸੇ ਸਮੂਹ ਵਲੋਂ ਕੀਤੀ ਛੋਟੀ ਕਾਰਵਾਈ ਜਿਸ ਦਾ ਆਧਾਰ ਪਹਿਲਾਂ ਹੀ ਲੰਬੇ ਸਮੇਂ ਵਿਚ ਤਿਆਰ ਕਰ ਲਿਆ ਗਿਆ ਸੀ ਵੱਡੇ ਦੰਗੇ ਕਰਵਾ ਸਕਦੀ ਹੈ। ਜੇ ਤਣਾਓ ਦਾ ਇਹ ਪਿਰਾਮਿਡ ਮੌਜੂਦ ਨਾ ਹੋਵੇ ਤਾਂ ਕਈ ਵਾਰ ਗੰਭੀਰ ਫਿਰਕੂ ਘਟਨਾਵਾਂ ਵੀ ਅਣਗੌਲਿਆਂ ਲੰਘ ਜਾਂਦੀਆਂ ਹਨ। ਇਸ ਲਈ ਦੰਗਿਆਂ ਦੀ ਸ਼ੁਰੂਆਤ ਦੀ ਲੋੜ ਹੈ ਕਿ ਇਸ ਪਿਰਾਮਿਡ ਲਈ ਆਧਾਰ ਸਥਾਪਤ ਕਰਨ ਵਿਚ ਅਤੇ ਇਸ ਦੀਆਂ ਵੱਖ-ਵੱਖ ਪਰਤਾਂ ਬਣਾਉਣ ਵਿਚ ਕਿਸੇ ਪੱਖ ਦਾ ਕਿੰਨਾ ਯੋਗਦਾਨ ਹੈ।

ਦੰਗਿਆਂ ਦੀ ਸ਼ੁਰੂਆਤ ਦੀ ਧਾਰਨਾ ਨੂੰ ਜਾਂਚਦੇ ਸਮੇਂ ਇਕ ਹੋਰ ਗੱਲ ਦਾ ਧਿਆਨ ਰੱਖਣ ਦੀ ਲੋੜ ਹੈ ਜੋ ਸਮੂਹ ਦੰਗਾ ਸ਼ੁਰੂ ਕਰੇਗਾ, ਉਹ ਇਸ ਦੀ ਪਹਿਲਾਂ ਤਿਆਰੀ ਵੀ ਕਰੇਗਾ, ਇਸ ਤਿਆਰੀ ਲਈ ਹਥਿਆਰ ਇਕੱਠੇ ਕਰੇਗਾ। ਅਹਿੰਸਕ ਹੋਣ ਕਾਰਨ ਹਿੰਦੂ ਸਮੂਹ ਕੋਲ ਹਥਿਆਰ ਨਹੀਂ ਹੋਣਗੇ। ਜੇ ਹੋਣਗੇ ਵੀ ਤਾਂ ਹਲਕੇ। ਇਸ ਲਈ ਮੁੱਢਲੇ ਸਮੇਂ ਵਿਚ ਪਹਿਲਾਂ ਹਮਲਾ ਕਰਨ ਵਾਲਾ ਲਾਭ ਵਾਲੀ ਸਥਿਤੀ ਵਿਚ ਰਹਿਣਾ ਚਾਹੀਦਾ ਹੈ। ਅਖ਼ਬਾਰਾਂ ਅਤੇ ਪੁਲਿਸ ਦਸਤਾਵੇਜ਼ਾਂ ਵਿਚ ਦਰਜ ਰਿਪੋਰਟਿੰਗ ਅਨੁਸਾਰ ਵੱਖ-ਵੱਖ ਦੰਗਿਆਂ ਵਿਚ ਹਿੰਦੂਆਂ ਦੇ ਜਲੂਸ 'ਤੇ ਮੁਸਲਮਾਨਾਂ ਵਲੋਂ ਹਮਲਾ ਹੀ ਦਰਸਾਇਆ ਜਾਂਦਾ ਹੈ। ਜੇ ਇਸ ਤਰਕ ਨੂੰ ਮੰਨ ਲਈਏ ਤਾਂ ਦੰਗਿਆਂ ਦੇ ਸ਼ੁਰੂਆਤੀ ਦੌਰ ਵਿਚ ਹਿੰਦੂਆਂ ਦਾ ਵੱਧ ਨੁਕਸਾਨ ਹੋਵੇ ਅਤੇ ਬਾਅਦ ਵਿਚ ਭਾਵੇਂ ਮੁਸਲਮਾਨ ਦਾ ਵੱਧ ਨੁਕਸਾਨ ਹੁੰਦਾ ਹੋਵੇ। ਰਿਪੋਰਟਾਂ ਅਨੁਸਾਰ ਮੁਸਲਮਾਨ ਸ਼ੁਰੂ ਤਾਂ ਕਰ ਦਿੰਦੇ ਹਨ ਪ੍ਰੰਤੂ ਬਾਅਦ ਵਿਚ ਪੁਲਿਸ, ਸੁਰੱਖਿਆ ਬਲ ਅਤੇ ਫ਼ੌਜ ਦੇ ਆਉਣ ਤੋਂ ਬਾਅਦ ਹਾਲਾਤ ਬਦਲ ਜਾਂਦੇ ਹਨ। ਮੁਸਲਮਾਨਾਂ ਦਾ ਵੱਧ ਨੁਕਸਾਨ ਮੁੱਖ ਰੂਪ ਵਿਚ ਇਨ੍ਹਾਂ ਬਲਾਂ ਵਲੋਂ ਹਿੰਦੂਆਂ ਨੂੰ ਬਚਾਉਣ ਦੀ ਕਾਰਵਾਈ ਦੇ ਸਿੱਟੇ ਵਜੋਂ ਹੁੰਦਾ ਹੈ।

ਲੇਕਿਨ ਦੋ ਤੱਥ ਇਸ ਸੋਚ ਨੂੰ ਗ਼ਲਤ ਸਿੱਧ ਕਰਦੇ ਹਨ। ਆਜ਼ਾਦੀ ਤੋਂ ਬਾਅਦ ਹੋਏ ਜ਼ਿਆਦਾਤਰ ਵੱਡੇ ਦੰਗਿਆਂ ਵਿਚ ਸ਼ੁਰੂ ਵਿਚ ਵੀ ਮੁਸਲਮਾਨਾਂ ਦਾ ਹੀ ਵਧੇਰੇ ਨੁਕਸਾਨ ਹੋਇਆ। ਇਕ 'ਹਿੰਸਕ' 'ਦੰਗਾ ਸ਼ੁਰੂ ਕਰਨ ਲਈ ਤਿਆਰ ਸਮੂਹ' ਨੂੰ ਹਿੰਸਾ ਦੇ ਸ਼ੁਰੂਆਤ ਸਮੇਂ ਵੀ ਲਾਭ ਪ੍ਰਾਪਤ ਨਹੀਂ ਹੁੰਦਾ। ਇਹ ਵੀ ਧਿਆਨ ਦੇਣ ਦੀ ਲੋੜ ਹੈ ਕਿ ਭਾਰਤੀ ਪੁਲਿਸ ਸਿਖਲਾਈ ਅਤੇ ਸਾਧਨਾਂ ਦੀ ਗਿਣਤੀ ਦੇ ਮਾਮਲੇ ਵਿਚ ਕਦੇ ਵੀ ਚੰਗੀ ਸਥਿਤੀ ਵਿਚ ਨਹੀਂ ਰਹੀ ਤਾਂ ਜੋ ਦੰਗਿਆਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਮੁਕਾਬਲਾ ਕੀਤਾ ਜਾ ਸਕੇ।

ਪੈਰਾਮਿਲਟਰੀ (ਸੀ.ਆਰ.ਪੀ.ਐਫ., ਬੀ.ਐਸ.ਐਫ.) ਆਦਿ ਕਾਫ਼ੀ ਸਮੇਂ ਬਾਅਦ ਪਹੁੰਚਦੇ ਹਨ। ਕਈ ਵਾਰ ਦੋ ਤਿੰਨ ਦਿਨਾਂ ਬਾਅਦ। ਇਸ ਲਈ ਸ਼ੁਰੂਆਤੀ ਦੌਰ ਵਿਚ ਮੁੱਖ ਰੂਪ ਵਿਚ ਹਿੰਦੂ ਅਤੇ ਮੁਸਲਿਮ ਕੱਟੜਪੰਥੀਆਂ ਕੋਲ ਜ਼ੋਰ ਅਜ਼ਮਾਈ ਦਾ ਕਾਫ਼ੀ ਮੌਕਾ ਹੁੰਦਾ ਹੈ, ਜਦੋਂ ਸਥਾਨਕ ਪੁਲਿਸ ਮੂਕ ਦਰਸ਼ਕ ਬਣੀ ਸਾਰਾ ਕੁਝ ਦੇਖ ਰਹੀ ਹੁੰਦੀ ਹੈ। ਉਨ੍ਹਾਂ ਕੋਲ ਬੰਦੂਕਾਂ ਵੀ ਉਹ ਹੁੰਦੀਆਂ ਹਨ, ਜੋ ਚੱਲ ਹੀ ਨਹੀਂ ਸਕਦੀਆਂ। ਦੰਗਿਆਂ ਵਿਚ ਜ਼ਿਆਦਾ ਮੌਤਾਂ ਚਾਕੂ, ਛੁਰੇ ਜਾਂ 12 ਬੋਰ ਦੀਆਂ ਬੰਦੂਕਾਂ ਨਾਲ ਹੀ ਹੁੰਦੀਆਂ ਹਨ। ਇਸ ਲਈ ਇਹ ਤਰਕ ਕਿ ਮੁਸਲਮਾਨਾਂ ਦੀਆਂ ਜ਼ਿਆਦਾ ਮੌਤਾਂ ਪੁਲਿਸ ਦੇ ਬਲ ਪ੍ਰਯੋਗ ਨਾਲ ਹੁੰਦੀਆਂ ਹਨ, ਠੀਕ ਨਹੀਂ। ਪੁਲਿਸ ਬਲਾਂ ਨਾਲ ਮਰਨ ਵਾਲੇ ਤਾਂ ਬਹੁਤ ਥੋੜ੍ਹੇ ਹੁੰਦੇ ਹਨ। ਉਨ੍ਹਾਂ ਦੀ ਦਖ਼ਲ ਅੰਦਾਜ਼ੀ ਤਾਂ ਹਿੰਦੂ ਕੱਟੜਪੰਥੀਆਂ ਦੀ ਮਦਦ ਕਰਨਾ ਹੁੰਦੀ ਹੈ। ਦੰਗਿਆਂ ਸਮੇਂ ਹਿੰਦੂ ਕੱਟੜਪੰਥੀਆਂ ਪ੍ਰਤੀ ਉਨ੍ਹਾਂ ਦਾ ਨਰਮੀ ਵਾਲਾ ਵਤੀਰਾ ਹੁੰਦਾ ਹੈ। ***(ਚੱਲਦਾ)***

***11 ਅਪਰੈਲ 1979 ਨੂੰ ਜਲੂਸ ਕੱਢਣ ਵਾਲੇ ਤੱਤਾਂ ਨੇ ਆਪਣੇ ਇਰਾਦੇ ਪਹਿਲਾਂ ਹੀ ਸਪਸ਼ਟ ਕਰ ਦਿੱਤੇ ਸਨ। ਦੁਪਹਿਰ ਦੋ ਵਜੇ ਜਲੂਸ ਕੱਢਣ ਦਾ ਐਲਾਨ ਕਰਕੇ 11 ਵਜੇ ਹੀ ਜਲੂਸ ਸ਼ੁਰੂ ਕਰ ਦਿੱਤਾ। ਜਲੂਸ ਵਿਚ ਬਾਹਰੋਂ ਹਜ਼ਾਰਾਂ ਦੀ ਗਿਣਤੀ ਵਿਚ ਹਥਿਆਰਬੰਦ ਕਾਰਕੁਨ ਬੁਲਾਏ ਗਏ ਸਨ। ਇਹ ਲੋਕ ਮੁਸਲਮਾਨਾਂ ਖ਼ਿਲਾਫ਼ ਨਾਅਰੇ ਲਾਉਂਦੇ ਨਿਕਲੇ। ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਜਲੂਸ ਨੇ ਆਪਣਾ ਰਸਤਾ ਬਦਲ ਲਿਆ ਅਤੇ 14 ਨੰਬਰ ਰਸਤੇ ਵੱਲ ਵਧੇ। ਜਲੂਸ ਨਾਲ ਅਖਾੜੇ ਵੀ ਸਨ ਜਿਸ ਵਿਚ ਭਾਗ ਲੈਣ ਵਾਲੇ ਸ਼ਰੇਆਮ ਨੰਗੀਆਂ ਤਲਵਾਰਾਂ ਅਤੇ ਭਾਲੇ ਚਮਕਾਉਂਦੇ ਚੱਲ ਰਹੇ ਸਨ। ਜਲੂਸ ਜਦੋਂ ਮੁਸਲਿਮ ਬਸਤੀ ਦੀ ਮਹੱਤਵਪੂਰਨ ਮਸਜਿਦ ਕੋਲ ਪਹੁੰਚਿਆ ਤਾਂ ਉਸ ਨੂੰ ਰੋਕ ਦਿੱਤਾ ਗਿਆ। ਉਸ ਤੋਂ ਅੱਗੇ ਜਾਣ ਲਈ ਜਲੂਸ ਦੇ ਪ੍ਰਬੰਧਕਾਂ ਨੇ ਪ੍ਰਸ਼ਾਸਨ ਕੋਲ ਤਰਕ ਵਿਹੂਣੀਆਂ ਮੰਗਾਂ ਰੱਖ ਦਿੱਤੀਆਂ ਜਿਨ੍ਹਾਂ ਦੀ ਕੋਈ ਪ੍ਰਸੰਗਤਾ ਨਹੀਂ ਸੀ ਬਣਦੀ। ਵਿਧਾਇਕ ਅਤੇ ਹੋਰ ਲੋਕਾਂ ਨੇ ਅੱਗ ਲਾਉਣ ਵਾਲੇ ਭਾਸ਼ਣ ਦਿੱਤੇ।***

# ਵਧਦੀ ਨਾ-ਬਰਾਬਰੀ

**ਗੁਰਪ੍ਰੀਤ ਚੋਗਾਵਾਂ**
**ਫੋਨ: +91-88476-32954**

“ਨਿੱਜੀਕਰਨ ਨਾਲ ਮੁਲਕ ਦੀ ਤਰੱਕੀ ਹੁੰਦੀ ਹੈ। ਜਨਤਕ ਅਦਾਰੇ ਮੁਲਕ ਦੇ ਵਿਕਾਸ ਨੂੰ ਬੰਨ੍ਹ ਮਾਰਦੇ ਹਨ।” ਅਜਿਹੇ ਤਰਕ ਆਮ ਤੌਰ 'ਤੇ ਸਰਕਾਰੀ-ਦਰਬਾਰੀ ਅਰਥਸ਼ਾਸਤਰੀ ਅਤੇ ਸਰਮਾਏਦਾਰਾ ਮੀਡੀਆ ਆਮ ਲੋਕਾਂ ਵਿਚ ਪ੍ਰਚਾਰਦਾ ਹੈ। ਸਮਾਜ ਦਾ ਇਕ ਹਿੱਸਾ ਇਸ ਪ੍ਰਚਾਰ ਨੂੰ ਸੱਚ ਵੀ ਮੰਨਦਾ ਹੈ। ਨਿੱਜੀਕਰਨ ਨੂੰ ਕੁਸ਼ਲਤਾ, ਤਰੱਕੀ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਕੀ ਸੱਚਮੁੱਚ ਅਜਿਹਾ ਹੀ ਹੈ? ਜੇਕਰ ਸਰਮਾਏਦਾਰਾ ਮੀਡੀਏ ਦੇ ਰੌਲੇ ਤੋਂ ਦੂਰ, ਤੱਥਾਂ 'ਤੇ ਗੌਰ ਕਰੀਏ ਤਾਂ ਪਤਾ ਲੱਗਦਾ ਹੈ ਕਿ ਭਾਰਤ ਵਿਚ ਜਨਤਕ ਅਦਾਰਿਆਂ ਦੇ ਨਿੱਜੀਕਰਨ ਤੋਂ ਬਾਅਦ ਜਿੱਥੇ ਅਮੀਰਾਂ ਦੇ ਮੁਨਾਫ਼ੇ ਤੇਜ਼ੀ ਨਾਲ ਵਧੇ, ਉਨ੍ਹਾਂ ਕੋਲ ਦੌਲਤ ਦੇ ਅਥਾਹ ਭੰਡਾਰ ਇਕੱਠ ਹੋਏ, ਉੱਥੇ ਹੀ ਕਿਰਤੀ ਲੋਕਾਈ ਦੇ ਕੰਗਾਲ ਹੋਣ ਦੀ ਪ੍ਰਕਿਰਿਆ ਹੋਰ ਤੇਜ਼ ਹੋਈ ਹੈ ਅਤੇ ਸਮਾਜ ਦੀ ਬਹੁਗਿਣਤੀ ਆਬਾਦੀ ਅੱਜ ਗਰੀਬੀ, ਭੁੱਖਮਰੀ ਨਾਲ ਜੂਝ ਰਹੀ ਹੈ। ਭਾਰਤ ਵਿਚ 1991 ਦੀਆਂ ਨਵ-ਉਦਾਰਵਾਦੀ ਨੀਤੀਆਂ ਲਾਗੂ ਹੋਣ ਤੋਂ ਬਾਅਦ ਕਿਰਤੀਆਂ ਦੀ ਮਿਹਨਤ ਨਾਲ ਖੜ੍ਹੇ ਕੀਤੇ ਜਨਤਕ ਅਦਾਰਿਆਂ ਨੂੰ ਸਰਮਾਏਦਾਰਾਂ ਦੇ ਹਵਾਲੇ ਕੀਤਾ ਗਿਆ। ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨਿੱਜੀਕਰਨ ਨੂੰ ਹੋਰ ਤੇਜ਼ੀ ਨਾਲ ਅੱਗੇ ਵਧਾ ਰਹੀ ਹੈ। ਲੰਮੇ ਸੰਘਰਸ਼ਾਂ ਸਦਕਾ ਮਜ਼ਦੂਰਾਂ ਨੂੰ ਮਿਲੇ ਸੀਮਤ ਜਿਹੇ ਹੱਕ ਵੀ ਕਿਰਤ ਕਾਨੂੰਨਾਂ ਵਿਚ ਸੋਧਾਂ ਕਰਕੇ ਕੁਚਲੇ ਜਾ ਰਹੇ ਹਨ। ਇਸ ਦੇ ਨਾਲ ਹੀ ਦੇਸ਼ ਵਿਚ ਪਹਿਲਾਂ ਤੋਂ ਹੀ ਜਾਰੀ ਆਰਥਿਕ ਧਰੁਵੀਕਰਨ ਤੇਜ਼ ਹੋ ਰਿਹਾ ਹੈ। ਸੰਸਾਰ ਦੇ ਸਭ ਤੋਂ ਵੱਧ ਨਾ-ਬਰਾਬਰੀ ਵਾਲੇ ਦੇਸ਼ਾਂ ਵਿਚੋਂ ਇਕ ਭਾਰਤ ਵੀ ਹੈ। ਨਿੱਜੀਕਰਨ ਨਾਲ ਤਰੱਕੀ ਤਾਂ ਹੋ ਰਹੀ ਹੈ ਪਰ ਇਹ ਤਰੱਕੀ ਸਿਰਫ਼ ਭਾਰਤ ਦੀ ਸਰਮਾਏਦਾਰ ਜਮਾਤ ਦੀ ਹੀ ਹੋ ਰਹੀ ਹੈ।

1991 ਵਿਚ ਭਾਰਤ ਦੇ ਚੋਟੀ ਦੇ 1% ਅਮੀਰਾਂ ਦਾ ਕੁੱਲ ਦੌਲਤ ਵਿਚ ਹਿੱਸਾ 16% ਸੀ ਜੋ 2021 ਵਿਚ ਵਧ ਕੇ 33% 'ਤੇ ਪਹੁੰਚ ਗਿਆ। ਹੇਠਲੇ 50% ਲੋਕਾਂ ਕੋਲ ਸਿਰਫ਼ 8.8% ਧਨ ਸੀ ਜੋ 2021 ਵਿਚ ਹੋਰ ਘਟ ਕੇ 5.9% ਰਹਿ ਗਿਆ। 1991 ਵਿਚ ਉੱਪਰਲੇ 10% ਅਮੀਰਾਂ ਕੋਲ ਮੁਲਕ ਦੀ 50% ਦੌਲਤ ਸੀ ਜੋ 2021 ਵਿਚ 64.6% ਹੋ ਗਈ।

ਆਮਦਨ ਦੀ ਗੱਲ ਕਰੀਏ ਤਾਂ 1991 ਵਿਚ ਮੁਲਕ ਦੀ 50% ਆਬਾਦੀ ਦਾ ਹਿੱਸਾ ਕੁੱਲ ਆਮਦਨ ਵਿਚ 20% ਤੋਂ ਘਟ ਕੇ 2021 ਵਿਚ 13% ਰਹਿ ਗਿਆ ਹੈ। ਉੱਪਰਲੇ 1% ਅਮੀਰ 1991 ਵਿਚ ਕੁੱਲ ਆਮਦਨ ਵਿਚੋਂ 10.4% 'ਤੇ ਕਾਬਜ਼ ਸਨ, 2021 ਵਿਚ ਇਹ ਅੰਕੜਾ 21.7% ਹੋ ਗਿਆ। ਚੋਟੀ ਦੇ 10% ਅਮੀਰਾਂ ਦੀ ਆਮਦਨ 35% ਤੋਂ ਵਧ ਕੇ 2021 ਵਿਚ 57% ਹੋ ਗਈ। 2020 ਵਿਚ ਜਦੋਂ ਕਰੋਨਾ ਪਾਬੰਦੀਆਂ ਕਾਰਨ ਗਰੀਬ ਲੋਕਾਈ ਦਾ ਰੁਜ਼ਗਾਰ ਖੁੱਸ ਰਿਹਾ ਸੀ, ਬਹੁਗਿਣਤੀ ਆਬਾਦੀ ਭੁੱਖਮਰੀ ਵਰਗੇ ਹਾਲਾਤ ਵਿਚ ਪਹੁੰਚ ਗਈ ਸੀ, ਉਸੇ ਵੇਲੇ ਭਾਰਤ ਵਿਚ ਅਰਬਪਤੀਆਂ ਦੀ ਗਿਣਤੀ 102 ਤੋਂ ਵਧ ਕੇ 145 ਹੋ ਗਈ। ਇਹ ਸਾਰੇ ਅਰਬਪਤੀ ਉਸੇ ਭਾਰਤ ਵਿਚ ਹਨ ਜਿੱਥੇ ਲਗਭਗ 20 ਕਰੋੜ ਲੋਕ ਕੁਪੋਸ਼ਣ ਦਾ ਸ਼ਿਕਾਰ ਹਨ। ਭਾਰਤ ਦੀ ਘੱਟੋ-ਘੱਟ 6% ਆਬਾਦੀ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਤੀਤ ਕਰਦੀ ਹੈ। ਇਹ ਉਹ ਲੋਕ ਹਨ ਜਿਨ੍ਹਾਂ ਨੂੰ ਜ਼ਿੰਦਗੀ ਦੀ ਸਭ ਤੋਂ ਬੁਨਿਆਦੀ ਲੋੜ, ਭੋਜਨ ਵੀ ਨਹੀਂ ਮਿਲਦਾ।

1991 ਵਿਚ ਭਾਰਤ ਦੇ ਹਾਕਮਾਂ ਨੇ ਨਵ-ਉਦਾਰਵਾਦੀ ਨੀਤੀਆਂ ਲਾਗੂ ਕਰਨ ਦਾ ਫੈਸਲਾ ਕੀਤਾ। ਇਨ੍ਹਾਂ ਨੀਤੀਆਂ ਦਾ ਮਕਸਦ ਜਨਤਕ ਖੇਤਰ ਵਿਚੋਂ ਰਾਜ ਦੀ ਹਿੱਸੇਦਾਰੀ ਖ਼ਤਮ ਕਰਨਾ, ਵਿਦੇਸ਼ੀ ਸਰਮਾਏ ਨੂੰ ਖੁੱਲ੍ਹ ਦੇਣਾ ਅਤੇ ਮਜ਼ਦੂਰਾਂ ਦੇ ਹੱਕ ਕੁਚਲ ਕੇ ਸਰਮਾਏਦਾਰਾਂ ਦੇ ਮੁਨਾਫ਼ੇ ਵਧਾਉਣਾ ਸੀ। ਭਾਰਤ ਵਿਚ ਦੌਲਤ ਦੀ ਨਾ-ਬਰਾਬਰ ਵੰਡ 1991 ਤੋਂ ਪਹਿਲਾਂ ਵੀ ਸੀ ਪਰ ਇਨ੍ਹਾਂ ਨੀਤੀਆਂ ਕਾਰਨ ਉਹ ਸਭ ਹੱਦਾਂ-ਬੰਨੇ ਟੱਪ ਗਈ। ਆਜ਼ਾਦੀ ਤੋਂ ਬਾਅਦ ਭਾਰਤ ਵਿਚ ਕਾਂਗਰਸ ਸਰਕਾਰ ਨੇ ਕਿਰਤੀਆਂ ਦੀ ਮਿਹਨਤ ਨਾਲ ਵੱਡਾ ਜਨਤਕ ਖੇਤਰ ਉਸਾਰਿਆ। ਇਹ ਕੋਈ 'ਸਮਾਜਵਾਦ' ਨਹੀਂ ਸੀ ਜਿਵੇਂ ਆਮ ਤੌਰ 'ਤੇ ਇਸ ਨੂੰ ਪ੍ਰਚਾਰਿਆ ਜਾਂਦਾ ਹੈ; ਭਾਰਤੀ ਸਰਮਾਏਦਾਰ ਜਮਾਤ ਅਜੇ ਪੂਰੀ ਤਰ੍ਹਾਂ ਆਪਣੇ ਪੈਰਾਂ 'ਤੇ ਨਹੀਂ ਹੋਈ ਸੀ ਜਿਸ ਕਾਰਨ ਵੱਡੀਆਂ ਸਨਅਤਾਂ ਨੂੰ ਵਿਕਸਿਤ ਕਰਨ ਦਾ ਕੰਮ ਰਾਜ ਦੇ ਹਵਾਲੇ ਸੀ। ਉਸ ਸਮੇਂ ਭਾਰਤ ਵਿਚ ਕੁਸ਼ਲ ਮਜ਼ਦੂਰਾਂ ਦੀ ਵੀ ਘਾਟ ਸੀ ਜਿਸ ਨੂੰ ਪੂਰਾ ਕਰਨ ਲਈ ਲੋਕਾਂ ਨੂੰ ਸਸਤੀ ਅਤੇ ਸਰਕਾਰੀ ਸਿੱਖਿਆ ਵੀ ਦਿੱਤੀ ਗਈ। ਸਰਕਾਰੀ ਵਿੱਦਿਅਕ ਸੰਸਥਾਵਾਂ ਖੋਲ੍ਹੀਆਂ। ਸਿਹਤ ਦਾ ਖੇਤਰ ਵੀ ਲਗਭਗ ਸਰਕਾਰੀ ਪ੍ਰਬੰਧ ਅਧੀਨ ਹੀ ਸੀ। ਮਜ਼ਦੂਰ ਸੰਘਰਸ਼ਾਂ ਦੇ ਦਬਾਅ ਕਾਰਨ ਇੱਕ ਹੱਦ ਤੱਕ ਮਜ਼ਦੂਰਾਂ ਲਈ ਕਿਰਤ ਕਾਨੂੰਨ ਵੀ ਲਾਗੂ ਕੀਤੇ ਗਏ ਭਾਵੇਂ ਇਹ ਜ਼ਿਆਦਾਤਰ ਕਾਗਜ਼ਾਂ ਤੱਕ ਹੀ ਸੀਮਤ ਸਨ। ਇਨ੍ਹਾਂ ਸਭ ਕਾਰਨਾਂ ਕਰਕੇ ਲੋਕਾਂ ਦੇ ਇੱਕ ਹਿੱਸੇ ਨੂੰ ਪੱਕਾ ਰੁਜ਼ਗਾਰ ਮਿਲਿਆ। 1973 ਦੇ ਸੰਸਾਰ ਆਰਥਿਕ ਸੰਕਟ ਤੋਂ ਬਾਅਦ ਸੰਸਾਰ ਪੱਧਰ 'ਤੇ ਸਰਮਾਏਦਾਰ ਜਮਾਤ ਨੇ 'ਕਲਿਆਣਕਾਰੀ ਰਾਜ' ਦਾ ਭੋਗ ਪਾ ਕੇ ਸਾਰੇ ਜਨਤਕ ਅਦਾਰੇ ਨਿੱਜੀ ਸਰਮਾਏ ਦੇ ਨਿਵੇਸ਼ ਲਈ ਖੋਲ੍ਹਣ ਦੀ ਮੰਗ ਜ਼ੋਰਦਾਰ ਢੰਗ ਨਾਲ ਉਠਾਉਣੀ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਪੂਰੇ ਸੰਸਾਰ ਵਿਚ ਜਨਤਕ ਖੇਤਰ ਦੇ ਨਿੱਜੀਕਰਨ ਅਤੇ ਨਵਉਦਾਰਵਾਦ ਦਾ ਦੌਰ ਆ ਗਿਆ।

1980 ਆਉਂਦੇ ਆਉਂਦੇ ਭਾਰਤ ਦੀ ਸਰਮਾਏਦਾਰ ਜਮਾਤ ਦਾ ਵੀ ਇਸ ਪ੍ਰਬੰਧ ਵਿਚ ਸਾਹ ਘੁੱਟਣ ਲੱਗ ਪਿਆ। ਹੁਣ ਸਰਮਾਏਦਾਰ ਵੱਡੀਆਂ ਸਨਅਤਾਂ ਖੁਦ ਚਲਾਉਣ ਦੇ ਸਮਰੱਥ ਹੋ ਗਏ ਸਨ। ਰਾਜੀਵ ਗਾਂਧੀ ਨੇ 1985 ਤੋਂ ਭਾਰਤ ਵਿਚ ਨਿੱਜੀਕਰਨ ਦਾ ਮੁੱਢ ਬੰਨ੍ਹ ਦਿੱਤਾ ਜਿਸ ਨੂੰ 1991 ਵਿਚ ਕਾਂਗਰਸ ਸਰਕਾਰ ਨੇ ਖੁੱਲ੍ਹੇ ਢੰਗ ਨਾਲ ਲਾਗੂ ਕਰ ਦਿੱਤਾ। ਭਾਰਤ ਦੇ ਵੱਡੇ ਬੈਂਕ, ਸਨਅਤਾਂ, ਹਸਪਤਾਲ, ਵਿੱਦਿਅਕ ਸੰਸਥਾਵਾਂ ਆਦਿ ਨੂੰ ਨਿੱਜੀ ਸਰਮਾਏ ਦੇ ਨਿਵੇਸ਼ ਲਈ ਖੋਲ੍ਹ ਦਿੱਤਾ। ਸਰਮਾਏਦਾਰ ਵੱਧ ਤੋਂ ਵੱਧ ਮੁਨਾਫ਼ਾ ਚਾਹੁੰਦੇ ਹਨ, ਹੁਣ ਉਨ੍ਹਾਂ ਲਈ ਕਿਰਤ ਕਾਨੂੰਨ ਬੋਝ ਅਤੇ ਰੁਕਾਵਟ ਸਨ। ਭਾਰਤ ਵਿਚ ਜਨਤਕ ਖੇਤਰ ਦੇ ਨਿੱਜੀਕਰਨ ਦੇ ਨਾਲ ਹੀ ਇੱਥੋਂ ਦੇ ਮਜ਼ਦੂਰਾਂ ਨੂੰ ਮਿਲਣ ਵਾਲੇ ਥੋੜ੍ਹੇ ਬਹੁਤ ਕਿਰਤ ਹੱਕ ਵੀ ਖੋਹ ਲਏ। ਇਨ੍ਹਾਂ ਨੀਤੀਆਂ ਕਾਰਨ ਭਾਰਤ ਵਿਚ ਮਜ਼ਦੂਰਾਂ ਨੂੰ ਮਿਲਣ ਵਾਲਾ ਪੱਕਾ ਰੁਜ਼ਗਾਰ ਲਗਭਗ ਖ਼ਤਮ ਹੋ ਗਿਆ ਹੈ। ਨਿੱਜੀ ਅਦਾਰਿਆਂ ਵਿਚ ਮਜ਼ਦੂਰਾਂ ਦੀ ਬੇਕਿਰਕ ਲੁੱਟ ਹੁੰਦੀ ਹੈ। ਕਿਰਤ ਕਾਨੂੰਨਾਂ ਦੀ ਅਣਹੋਂਦ ਵਿਚ ਬਹੁਤ ਹੀ ਘੱਟ ਤਨਖ਼ਾਹਾਂ ਅਤੇ ਅਣਮਨੁੱਖੀ ਹਾਲਾਤ ਵਿਚ ਕਿਰਤੀ ਆਬਾਦੀ ਕੋਲੋਂ ਬਹੁਤ ਜ਼ਿਆਦਾ ਕੰਮ ਲਿਆ ਜਾਂਦਾ ਹੈ। ਭਾਰਤ ਵਿਚ 2014 ਤੋਂ ਬਾਅਦ ਮੋਦੀ ਸਰਕਾਰ ਨੇ ਖੁੱਲ੍ਹੇਆਮ ਐਲਾਨ ਕਰਕੇ ਮੁਲਕ ਦੇ ਲਗਭਗ ਸਾਰੇ ਜਨਤਕ ਅਦਾਰੇ ਅਮੀਰਾਂ ਦੇ ਹਵਾਲੇ ਕਰ ਦਿੱਤੇ ਹਨ।

ਸਰਮਾਏਦਾਰਾਂ ਦੇ ਸਾਰੇ ਮੁਨਾਫ਼ੇ ਦਾ ਅਸਲ ਸੋਮਾ ਮਜ਼ਦੂਰ ਜਮਾਤ ਕੋਲੋਂ ਲੁੱਟੀ ਜਾਂਦੀ ਵਾਫ਼ਰ ਕਦਰ ਹੈ। ਮਾਲਕ ਹਮੇਸ਼ਾ ਹੀ ਸਮਾਜ ਵਿਚ ਪੈਦਾ ਕੀਤੀ ਜਾਂਦੀ ਕਦਰ ਵਿਚੋਂ ਵੱਧ ਤੋਂ ਵੱਧ ਹੜੱਪਣਾ ਚਾਹੁੰਦੇ ਹਨ। ਇਸ ਕੰਮ ਵਿਚ ਆਉਂਦੀਆਂ ਸਭ ਰੋਕਾਂ ਉਨ੍ਹਾਂ ਨੂੰ ਚੁੱਭਦੀਆਂ ਹਨ ਅਤੇ ਉਹ ਇਨ੍ਹਾਂ ਰੋਕਾਂ ਨੂੰ ਖ਼ਤਮ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਦੇ ਹਨ। ਇਸ ਲਈ ਜਨਤਕ ਅਦਾਰਿਆਂ ਦਾ ਨਿੱਜੀਕਰਨ ਕੀਤਾ ਜਾਂਦਾ ਹੈ।

ਅਸਲ ਵਿਚ, ਨਾ-ਬਰਾਬਰੀ ਮੌਜੂਦਾ ਆਰਥਿਕ ਢਾਂਚੇ ਦੀ ਸਮੱਸਿਆ ਹੈ ਜਿਸ ਦਾ ਇਸ ਢਾਂਚੇ ਦੀਆਂ ਹੱਦਾਂ ਵਿਚ ਰਹਿ ਕੇ ਕੋਈ ਹੱਲ ਨਹੀਂ ਕੀਤਾ ਜਾ ਸਕਦਾ। ਸਾਨੂੰ ਸਮਝਣਾ ਪਵੇਗਾ ਕਿ ਆਰਥਿਕ ਨਾ-ਬਰਾਬਰੀ ਦਾ ਮੂਲ ਕਾਰਨ ਸਰਮਾਏਦਾਰੀ ਢਾਂਚੇ ਵਿਚ ਪੈਦਾਵਾਰ ਦੇ ਸਾਧਨਾਂ 'ਤੇ ਕੁਝ ਲੋਕਾਂ ਦੀ ਨਿੱਜੀ ਮਲਕੀਅਤ ਹੋਣਾ ਹੈ।

# ਮਿਲਖਾ ਸਿੰਘ-ਨਿੰਮੀ ਦੰਪਤੀ ਤੇ ਕੋਵਿਡ-19

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਕੋਵਿਡ 19 ਦੀ ਕਰੋਪੀ ਨੇ ਜਨ-ਜੀਵਨ ਹੀ ਪ੍ਰਭਾਵਿਤ ਨਹੀਂ ਕੀਤਾ ਅੰਤਰਰਾਸ਼ਟਰੀ ਪ੍ਰਸਿੱਧੀ ਵਾਲੀਆਂ ਹਸਤੀਆਂ ਨੂੰ ਵੀ ਨਿਗਲ ਲਿਆ ਹੈ। 2021 ਦੇ ਜੂਨ ਮਹੀਨੇ ਇਸਦਾ ਸ਼ਿਕਾਰ ਹੋਣ ਵਾਲੇ ਉੱਡਣਾ ਸਿੱਖ ਮਿਲਖਾ ਸਿੰਘ ਤੇ ਉਸਦੀ ਜੀਵਨ ਸਾਥਣ ਨਿਰਮਲ ਕੌਰ ਨਿੰਮੀ ਵੀ ਸਨ। ਨਿਰਮਲ ਕੌਰ ਦਾ ਦੇਹਾਂਤ 13 ਜੂਨ ਨੂੰ ਹੋਇਆ ਤੇ ਮਿਲਖਾ ਸਿੰਘ ਦਾ 18 ਜੂਨ ਨੂੰ। ਚੇਤੇ ਰਹੇ ਕਿ ਉਨ੍ਹਾਂ ਦਾ ਰੋਮਾਂਸ ਸੋਚੀ ਸਮਝੀ ਭਾਵਨਾ ਵਾਲਾ ਸੀ। ਉਹ ਦੋਵੇਂ ਪਹਿਲੀ ਵਾਰ ਇਕ ਦੂਜੇ ਨੂੰ ਕੋਲੰਬੋ ਵਿਚ ਮਿਲੇ ਜਦੋਂ 1956 ਵਿਚ ਮਿਲਖਾ ਸਿੰਘ ਉਥੇ ਦੌੜਨ ਗਿਆ ਸੀ ਤੇ ਨਿਰਮਲ ਕੌਰ ਸਰੀਰਕ ਸਿੱਖਿਆ ਕਾਲਜ ਪਟਿਆਲਾ ਦੀ ਵਿਦਿਆਰਥਣ ਹੋਣ ਦੇ ਨਾਤੇ ਭਾਰਤੀ ਵਾਲੀਬਾਲ ਟੀਮ ਦੀ ਕਪਤਾਨ ਵਜੋਂ ਗਈ ਸੀ। ਫੇਰ ਉਹ ਦਿੱਲੀ ਵੀ ਮਿਲਦੇ ਰਹੇ ਤੇ ਪਟਿਆਲੇ ਵੀ। ਅੰਤ ਉਨ੍ਹਾਂ ਦੀ ਚੰਡੀਗੜ੍ਹ ਫੇਰੀ ਸਮੇਂ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੀ ਵਿਚੋਲਗਿਰੀ ਸਦਕਾ 5 ਮਈ, 1963 ਨੂੰ ਇਕ ਦੂਜੇ ਦੇ ਜੀਵਨ ਸਾਥੀ ਬਣ ਗਏ। 8 ਸਾਲ ਸੁਲਗਦੀ ਰਹੀ ਕੋਰਟਸ਼ਿਪ ਪਿੱਛੋਂ ਦੋਵੇਂ 58 ਸਾਲ ਦਾ ਸ਼ਾਨਦਾਰ ਵਿਆਹੁਤਾ ਜੀਵਨ ਬਿਤਾ ਕੇ ਪਿਛਲੇ ਸਾਲ ਇਕੱਠੇ ਹੀ ਏਸ ਫਾਨੀ ਸੰਸਾਰ ਤੋਂ ਕੂਚ ਕਰ ਗਏ ਸਨ।


ਮਿਲਖਾ ਸਿੰਘ ਦਾ ਜਨਮ ਪਾਕਿਸਤਾਨ ਵਿਚ ਹੋਇਆ ਸੀ ਤੇ ਸੰਤਾਲੀ ਦੀ ਦੇਸ਼ ਵੰਡ ਸਮੇਂ ਉਸ ਦੇ ਮਾਪੇ ਤੇ ਕਈ ਸਬੰਧੀ ਮਾਰੇ ਗਏ ਸਨ। ਅੰਤਮ ਸਵਾਸ ਲੈਂਦੇ ਸਮੇਂ ਬਾਲਕ ਮਿਲਖਾ ਆਪਣੇ ਪਿਤਾ ਕੋਲ ਹੀ ਸੀ ਤੇ ਉਸਨੂੰ ਆਪਣੇ ਪਿਤਾ ਦੇ ਆਖਰੀ ਸ਼ਬਦ ਆਪਣੇ ਸਵਾਸ ਤਿਆਗਣ ਤੱਕ ਚੇਤੇ ਰਹੇ। ਉਹ ਸਨ 'ਦੌੜ ਜਾ ਪੁੱਤਰਾ ਦੌੜ ਜਾ'। ਇਹੀਓ ਸ਼ਬਦ ਮਿਲਖਾ ਸਿੰਘ ਬਾਰੇ ਬਣਾਈ ਹਰਮਨ ਪਿਆਰੀ ਫ਼ਿਲਮ ਦੇ ਨਿਰਮਾਤਾ ਨੇ ਫ਼ਿਲਮ ਦੇ ਨਾਂ ਵਜੋਂ ਵਰਤੇ, 'ਭਾਗ ਮਿਲਖਾ ਭਾਗ'। ਉਦੋਂ ਯਤੀਮ ਹੋਇਆ ਮਿਲਖਾ ਮੁਲਤਾਨ ਤੇ ਫਿਰੋਜ਼ਪੁਰ ਰਾਹੀਂ ਦਿੱਲੀ ਪਹੁੰਚਿਆ ਸੀ।

ਓਧਰੋਂ ਏਧਰ ਆਉਣ ਵਾਲੇ ਸਫ਼ਰ ਦੀ ਇਹ ਗੱਲ ਵੀ ਸਾਰੀ ਉਮਰ ਨਹੀਂ ਭੁੱਲਿਆ ਜਦੋਂ ਉਸਨੂੰ ਰੇਲ ਦੇ ਡੱਬੇ ਦੀਆਂ ਸੀਟਾਂ ਥੱਲੇ ਲੁਕ ਕੇ ਆਉਣਾ ਪਿਆ ਸੀ ਤੇ ਬੁਰਕੇ ਵਾਲੀਆਂ ਮੁਸਲਿਮ ਮਹਿਲਾਵਾਂ ਨੇ ਕਿਸੇ ਨੂੰ ਉਹਦਾ ਪਤਾ ਨਹੀਂ ਸੀ ਲੱਗਣ ਦਿੱਤਾ। ਇਹ ਵੀ ਸਬੱਬ ਹੀ ਸਮਝੋ ਕਿ ਜਦੋਂ ਉਹ ਦਿੱਲੀ ਪਹੁੰਚਿਆ ਤਾਂ ਰਫੀਉਜੀ ਕੈਂਪ ਵਿਚ ਉਸਨੂੰ ਉਸਦੀ ਭੈਣ ਮਿਲ ਗਈ। ਯਤੀਮ ਤੇ ਬੇਸਹਾਰਾ ਮਿਲਖਾ ਨੇ ਚੋਰੀਆਂ ਚਕਾਰੀਆਂ ਵੀ ਕੀਤੀਆਂ ਤੇ ਬਿਨ ਟਿਕਟੋ ਸਫ਼ਰ ਵੀ। ਅਜਿਹੇ ਇਕ ਸਫ਼ਰ ਵਿਚ ਦਬੋਚੇ ਜਾਣ ਕਾਰਨ ਜੇਲ੍ਹ ਵੀ ਗਿਆ, ਜਿੱਥੋਂ ਉਸਦੀ ਭੈਣ ਨੇ ਆਪਣੇ ਕੰਨਾਂ ਦੀਆਂ ਵਾਲੀਆਂ ਗਹਿਣੇ ਰੱਖ ਕੇ ਉਸਨੂੰ ਛੁਡਵਾਇਆ।

ਲਾਵਾਰਸੀ ਦੇ ਦਿਨਾਂ ਵਿਚ ਮਿਲਖਾ ਸਿੰਘ ਨੇ ਢਿੱਡ ਭਰਨ ਲਈ ਫੌਜੀਆਂ ਦੇ ਬੂਟ ਵੀ ਪਾਲਸ਼ ਕੀਤੇ ਅਤੇ ਅਜਮੇਰੀ ਗੇਟ, ਦਿੱਲੀ ਦੇ ਇਕ ਦੁਕਾਨਦਾਰ ਦੀ ਸਾਫ-ਸਫਾਈ ਦਾ ਕੰਮ ਵੀ ਕੀਤਾ। ਉਸਨੂੰ ਉਹ ਦੁਕਾਨਦਾਰ ਮਹੀਨੇ ਦੇ ਕੇਵਲ ਦਸ ਰੁਪਏ ਦਿੰਦਾ ਸੀ, ਜਿਨ੍ਹਾਂ ਦੀਆਂ ਲੂਣ ਮਿਰਚ ਵਾਲੀਆਂ ਬੇਹੀਆਂ ਰੋਟੀਆਂ ਹੀ ਮਿਲਦੀਆਂ ਸਨ। ਜ਼ਰਾ ਵੱਡਾ ਹੋ ਕੇ 1950-51 ਵਿਚ ਉਹ ਤਿੰਨ ਵਾਰ ਲਾਲ ਕਿਲਾ ਦਿੱਲੀ ਦੇ ਫ਼ੌਜੀ ਸੈਂਟਰ ਵਿਚ ਭਰਤੀ ਹੋਣ ਗਿਆ ਤਾਂ ਮਾੜਚੂ ਸਰੀਰ ਤੇ ਛਾਤੀ ਘੱਟ ਚੌੜੀ ਹੋਣ ਕਾਰਨ ਰੱਦ ਹੋਇਆ। ਅੰਤ 1952 ਵਿਚ ਕਿਸੇ ਮਿਹਰਬਾਨ ਦੀ ਸਿਫਾਰਸ਼ ਸਦਕਾ ਸਿਪਾਹੀ ਚੁਣਿਆ ਗਿਆ। ਏਸ ਸਬੰਧ ਵਿਚ ਉਸਨੂੰ ਨਵੇਂ ਰੰਗਰੂਟਾਂ ਵਿਚ ਇਲੈਕਟ੍ਰੀਕਲ ਇੰਜਨੀਅਰਿੰਗ ਦੀ ਸਿਖਲਾਈ ਲਈ ਸਿਕੰਦਰਾਬਾਦ ਭੇਜਿਆ ਗਿਆ।

ਉਹ ਵਾਲਾ ਸੈਂਟਰ ਮਿਲਖਾ ਸਿੰਘ ਦੀਆਂ ਦੌੜਾਂ ਦਾ ਮੌਕਾ ਹੋ ਨਿਬੜਿਆ। ਏਥੇ ਪਹੁੰਚਣ ਵਾਲੇ 500 ਜਵਾਨਾਂ ਨੂੰ ਕਰਾਸ ਕੰਟਰੀ ਰੇਸ ਲਾਉਣ ਲਈ ਕਿਹਾ ਗਿਆ ਤਾਂ ਇਹ ਵੀ ਐਲਾਨ ਹੋ ਗਿਆ ਕਿ ਇਸ ਵਿਚ ਸਫਲ ਹੋਣ ਵਾਲੇ ਹਰ ਦੌੜਾਕ ਨੂੰ ਅੱਗੇ ਤੋਂ ਹਰ ਰੋਜ਼ ਦੋ ਆਂਡੇ ਤੇ ਇਕ ਗਲਾਸ ਦੁੱਧ ਮਿਲਿਆ ਕਰੇਗਾ। ਮਿਲਖਾ ਸਿੰਘ ਦੀ ਸਫਲਤਾ ਉੱਤੇ ਉਸਨੂੰ ਇਹ ਖੁਰਾਕ ਮਿਲਣ ਲੱਗੀ ਤਾਂ ਇਸਨੇ ਮਿਲਖਾ ਸਿੰਘ ਦੀ ਆਤਮਾ ਤੇ ਸਰੀਰ ਵਿਚ ਨਵੀਂ ਰੂਹ ਫੂਕ ਦਿੱਤੀ। ਉਸ ਤੋਂ ਛੇ ਹਫਤੇ ਪਿੱਛੋਂ ਸਿਕੰਦਰਾਬਾਦ ਦੀ ਅਥਲੈਟਿਕ ਮੀਟ ਹੋਈ ਤਾਂ ਇਸ ਖੁਰਾਕ ਸਦਕਾ ਮਿਲਖਾ ਸਿੰਘ ਨੇ 400 ਮੀਟਰ ਦੌੜ ਕੇ ਓਲਿੰਪਕ ਖੇਡਾਂ ਦਾ ਪੁਰਾਣਾ ਰਿਕਾਰਡ ਤੋੜ ਦਿੱਤਾ। ਇਸ ਲਾਸਾਨੀ ਜਿੱਤ ਸਦਕਾ ਮਿਲਖਾ ਸਿੰਘ ਨੂੰ ਆਸਟ੍ਰੇਲੀਆ ਦੇ ਸ਼ਹਿਰ ਮੈਲਬਰਨ ਵਿਚ ਹੋਣ ਵਾਲੀਆਂ ਖੇਡਾਂ ਲਈ ਵੀ ਚੁਣਿਆ ਗਿਆ। ਉਥੇ ਜਾ ਕੇ 200 ਮੀਟਰ ਤੇ 400 ਮੀਟਰ ਦੀਆਂ ਦੌੜਾਂ ਜਿੱਤਣ ਪਿੱਛੋਂ ਉਸ ਦੀ ਪ੍ਰਸਿੱਧੀ ਭਾਰਤ ਦੀਆਂ ਸਾਰੀਆਂ ਹੱਦਾਂ ਪਾਰ ਕਰ ਕੇ ਕੁੱਲ ਏਸ਼ੀਆ ਵਿਚ ਪਹੁੰਚ ਗਈ।

ਫੇਰ ਜਦੋਂ ਉਸਨੇ ਮਈ 1958 ਵਿਚ ਟੋਕੀਓ ਦੀਆਂ ਓਲਿੰਪਕ ਖੇਡਾਂ ਵਿਚ ਪਾਕਿਸਤਾਨ ਦੇ




ਅਬਦੁਲ ਖਾਲਿਕ ਨੂੰ ਮਾਤ ਪਾਈ ਤਾਂ ਜਨਰਲ ਅਯੂਬ ਖਾਂ ਨੇ ਉਸਨੂੰ ਗੋਲਡ ਮੈਡਲ ਪਹਿਨਾਉਂਦੇ ਸਮੇਂ ਸ਼ਾਬਾਸ਼ ਦਿੰਦਿਆਂ ਇਹ ਸ਼ਬਦ ਵੀ ਉਚਰੇ, 'ਮਿਲਖਾ ਸਿੰਘ ਤੁਸੀਂ ਦੌੜੇ ਨਹੀਂ ਉਡੇ ਹੋ'। ਅਯੂਬ ਖਾਂ ਦੇ ਇਨ੍ਹਾਂ ਸ਼ਬਦਾਂ ਨੇ ਮਿਲਖਾ ਸਿੰਘ ਨੂੰ ਸਦਾ ਲਈ ਉੱਡਣਾ ਸਿੱਖ ਬਣਾ ਦਿੱਤਾ। ਉਸ ਦਿਨ ਉਸਨੂੰ ਪਾਕਿਸਤਾਨ ਦੀਆਂ ਉਹ ਮੁਸਲਿਮ ਮਾਵਾਂ ਵੀ ਚੇਤੇ ਆਈਆਂ ਜਿਨ੍ਹਾਂ ਨੇ ਉਸਨੂੰ ਲਹੂ ਲਿੱਬੜੇ ਰੇਲ ਦੇ ਡੱਬੇ ਵਿਚ ਢੋਈ ਦਿੱਤੀ ਸੀ। ਇਸ ਜਿੱਤ ਪਿੱਛੋਂ ਪੰਡਤ ਨਹਿਰੂ ਦੇ ਬੋਲੇ ਇਹ ਸ਼ਬਦ ਵੀ ਸਾਰੀ ਉਮਰ ਉਸਦੇ ਕੰਨਾਂ ਵਿਚ ਗੂੰਜਦੇ ਰਹੇ ਜਿਹੜੇ ਉਸ ਨੇ ਆਪਣੀ ਰਿਹਾਇਸ਼ ਵਿਚ ਦਿੱਤੇ ਪ੍ਰੀਤੀ ਭੋਜਨ ਸਮੇਂ ਕਹੇ ਸਨ। ਉਨ੍ਹਾਂ ਕਿਹਾ ਸੀ ਕਿ ਉਹ ਮਿਲਖਾ ਸਿੰਘ ਦਾ ਖੋਇਆ ਬਚਪਨ ਤਾਂ ਨਹੀਂ ਲਿਆ ਸਕਦੇ ਤੇ ਨਾ ਹੀ ਦੇਸ਼ ਵੰਡ ਸਮੇਂ ਖਤਮ ਹੋਏ ਉਸਦੇ ਮਾਪੇ ਪਰ ਅੱਗੇ ਤੋਂ ਭਾਰਤ ਦੀ ਮਿੱਟੀ ਨੂੰ ਆਪਣੀ ਮਾਂ ਸਮਝੇ ਤੇ ਇਸ ਦੀ ਰੱਖਿਆ ਕਰਦੇ ਨਹਿਰੂ ਨੂੰ ਆਪਣਾ ਪਿਤਾ। ਇਸ ਨਾਤੇ ਜ਼ਿੰਦਗੀ ਵਿਚ ਜਦੋਂ ਵੀ ਕਿਸੇ ਚੀਜ਼ ਦੀ ਲੋੜ ਪਵੇ ਤਾਂ ਬੇਝਿਜਕ ਇਸ ਪਿਤਾ ਦੇ ਘਰ ਆ ਸਕਦਾ ਹੈ। ਏਸ ਜਿੱਤ ਪਿੱਛੋਂ ਕਈ ਖਿਡਾਰੀਆਂ ਨੂੰ ਤਰੱਕੀ ਦੇ ਕੇ ਸਿਪਾਹੀ ਤੋਂ ਜੇ ਸੀ ਓ ਬਣਾ ਦਿੱਤਾ ਗਿਆ ਪਰ ਉਨ੍ਹਾਂ ਵਿਚੋਂ ਪਦਮ ਸ੍ਰੀ ਦੀ ਉਪਾਧੀ ਨਾਲ ਨਿਵਾਜੇ ਜਾਣ ਵਾਲਾ ਕੇਵਲ ਮਿਲਖਾ ਸਿੰਘ ਹੀ ਸੀ।

ਜਦੋਂ 1958 ਦੀਆਂ ਕਾਮਨਵੈਲਥ ਖੇਡਾਂ ਵਿਚ ਭਾਗ ਲੈਣ ਉਹ ਕਾਰਡਿਫ ਜਾ ਕੇ ਦੌੜਿਆ ਤਾਂ ਦਰਸ਼ਕਾਂ ਵਿਚ ਬਰਤਾਨੀਆ ਦੀ ਮਲਿਕਾ ਐਲਿਜ਼ਾਬੈਥ ਵੀ ਸ਼ਾਮਲ ਸੀ। ਉਦੋਂ ਮਲਿਕਾ ਨੇ ਜਿੱਤਣ ਪਿੱਛੋਂ ਮਿਲਖਾ ਸਿੰਘ ਨੂੰ ਖੁਦ ਹੀ ਗੋਲਡ ਮੈਡਲ ਪਹਿਨਾਇਆ ਸੀ। ਮਿਲਖਾ ਸਿੰਘ ਦੀ ਦੇਸ਼ ਵਾਪਸੀ ਦੇ ਦਿਨ ਭਾਰਤ ਸਰਕਾਰ ਵੱਲੋਂ ਐਲਾਨੀ ਪਬਲਿਕ ਹਾਲੀਡੇਅ ਸਦਕਾ ਸਕੂਲਾਂ ਵਿਚ ਛੁੱਟੀ ਹੋ ਗਈ ਤੇ ਮਿਲਖਾ ਸਿੰਘ ਦਾ ਨਾਂ ਦੇਸ਼ ਦੇ ਬੱਚੇ-ਬੱਚੇ ਦੀ ਜ਼ਬਾਨ 'ਤੇ ਚੜ੍ਹ ਗਿਆ ਸੀ। 1958 ਤੋਂ 1960 ਤਕ ਮਿਲਖਾ ਸਿੰਘ ਨੇ ਆਪਣਾ ਟਿਕਾਣਾ ਲੰਡਨ ਬਣਾ ਕੇ ਦੁਨੀਆਂ ਭਰ ਵਿਚ ਦੌੜਾਂ ਲਾਈਆਂ। ਕਦੀ ਪੈਰਿਸ, ਕਦੀ ਮਾਲਮੋ ਤੇ ਕਦੀ ਲੰਡਨ ਖਾਸ। ਇਸ ਸਮੇਂ ਉਸ ਨੇ ਸੰਸਾਰ ਦੇ 70 ਮੁਲਕਾਂ ਵਿਚ 80 ਦੌੜਾਂ ਦੌੜੀਆਂ ਜਿਨ੍ਹਾਂ ਵਿਚੋਂ 77 ਵਿਚ ਉਸਦੀ ਜਿੱਤ ਹੋਈ। ਉਨ੍ਹਾਂ ਦਿਨਾਂ ਵਿਚ ਹੀ ਤਰਸੇਮ ਪੁਰੇਵਾਲ ਨੇ ਬਰਤਾਨੀਆ ਤੋਂ ਛਪਦੇ ਆਪਣੇ 'ਦੇਸ਼ ਪ੍ਰਦੇਸ' ਮੈਗਜ਼ੀਨ ਵਿਚ ਲਿਖਿਆ, 'ਰਾਜਨੀਤਕ ਪੱਖ ਤੋਂ ਲੋਕ ਭਾਰਤ ਨੂੰ ਪੰਡਤ ਨਹਿਰੂ ਕਰਕੇ, ਫ਼ਿਲਮ ਜਗਤ ਵਿਚ ਰਾਜ ਕਪੂਰ ਕਰਕੇ ਤੇ ਖੇਡ ਸੰਸਾਰ ਵਿਚ ਮਿਲਖਾ ਸਿੰਘ ਕਰਕੇ ਜਾਣਦੇ ਹਨ'।

ਅੱਜ ਦੇ ਦਿਨ ਏਸ਼ਿਆਈ ਖੇਡਾਂ ਦੇ ਚਾਰ ਗੋਲਡ ਮੈਡਲ, ਕਾਮਨਵੈਲਥ ਖੇਡਾਂ ਦਾ ਇਕ, ਕੌਮੀ ਖੇਡਾਂ ਤੇ ਦੁਵੱਲੀਆਂ ਦੌੜਾਂ ਦੇ ਅਨੇਕਾਂ ਮੈਡਲ ਤੇ ਪਹਿਲੇ ਓਲਿੰਪਿਕ ਰਿਕਾਰਡ ਨੂੰ ਤੋੜਨ ਵਾਲਾ ਮਿਲਖਾ ਸਿੰਘ ਤਾਂ ਸਾਡੇ ਵਿਚਕਾਰ ਨਹੀਂ ਪਰ ਉਸਦੇ ਮੁੜ੍ਹਕੇ ਨਾਲ ਸਿੰਜੇ ਭਾਰੇ ਕਿੱਲਾਂ ਵਾਲੇ ਬੂਟ ਪਟਿਆਲਾ ਦੇ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ ਦੇ ਅਜਾਇਬ ਘਰ ਵਿਚ ਟੰਗੇ ਉਸਦੀ ਯਾਦ ਦਿਵਾਉਂਦੇ ਹਨ।

ਮੈਂ ਖੇਡ ਜਗਤ ਦਾ ਬੰਦਾ ਨਹੀਂ। ਜੇ ਤੁਸੀਂ ਮਿਲਖਾ ਸਿੰਘ ਤੇ ਨਿਰਮਲ ਕੌਰ ਜੋੜੀ ਬਾਰੇ ਵਧੇਰੇ ਜਾਣਕਾਰੀ ਚਾਹੁੰਦੇ ਹੋ ਤਾਂ ਤੁਹਾਨੂੰ ਪ੍ਰਿੰਸੀਪਲ ਸਰਵਣ ਸਿੰਘ ਦੀਆਂ ਖੇਡ ਪੁਸਤਕਾਂ ਜਾਂ ਬਲਦੇਵ ਸਿੰਘ ਦਾ ਨਵਾਂ ਨਾਵਲ 'ਉੱਡਣਾ ਸਿੱਖ ਮਿਲਖਾ ਸਿੰਘ' ਲੋਕ ਗੀਤ ਪ੍ਰਕਾਸ਼ਨ ਪੜ੍ਹਨਾ ਪਵੇਗਾ। ਮੇਰਾ ਲਿਖਿਆ ਤਾਂ ਉਨ੍ਹਾਂ ਦੇ ਫੁੱਟ ਨੋਟ ਸਮਾਨ ਹੀ ਹੈ।

**ਨਾਟਕਕਾਰ ਗੁਰਸ਼ਰਨ ਸਿੰਘ ਦੀ ਬੇਟੀ ਅਰੀਤ ਹੈਲਥ ਡਾਇਰੈਕਟਰ**

ਜਿਹੜੇ ਗੁਰਸ਼ਰਨ ਸਿੰਘ ਨਾਟਕਕਾਰ ਉਰਫ ਭਾਈ ਮੰਨਾ ਸਿੰਘ ਦੀ ਪੰਜਾਬੀ ਸਭਿਆਚਾਰ ਨੂੰ ਦਿੱਤੀ ਦਾਤ ਤੋਂ ਜਾਣੂ ਹਨ, ਉਹ ਇਹ ਵੀ ਜਾਣਦੇ ਹਨ ਕਿ ਉਨ੍ਹਾਂ ਦੀਆਂ ਦੋਵੇਂ ਬੇਟੀਆਂ ਦੇ ਵੱਖ ਵੱਖ ਖੇਤਰਾਂ ਵਿਚ ਆਪਣੇ ਪਿਤਾ ਦਾ ਨਾਂ ਰੌਸ਼ਨ ਕਰ ਰਹੀਆਂ ਹਨ। ਅਰੀਤ ਕੌਰ ਸਿਹਤ ਜਗਤ ਵਿਚ ਅੱਖਾਂ ਦੇ ਰੋਗਾਂ ਦੀ ਮਾਹਰ ਹੈ ਤੇ ਨਵਸ਼ਰਨ ਕੌਰ ਸਮਾਜ ਵਿਗਿਆਨ ਵਿਦਿਆ ਦੀ। ਨਵਸ਼ਰਨ ਦਾ ਕਾਰਜ ਖੇਤਰ ਨਵੀਂ ਦਿੱਲੀ ਤੇ ਅਰੀਤ ਦਾ ਪੰਜਾਬ ਹੈ। ਅਰੀਤ ਨੇ ਆਪਣੇ ਕਾਰਜ ਖੇਤਰ ਦਾ ਆਰੰਭ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਪਰਨਾਏ ਫਤਿਹਗੜ੍ਹ ਸਾਹਿਬ ਦੇ ਹਸਪਤਾਲ ਵਿਚੋਂ ਅੱਖਾਂ ਦੇ ਮਾਹਰ ਵਜੋਂ ਕੀਤਾ। ਉਹ ਨੈਸ਼ਨਲ ਹੈਲਥ ਮਿਸ਼ਨ ਪੰਜਾਬ ਦੀ ਡਾਇਰੈਕਟਰ ਵੀ ਰਹਿ ਚੁੱਕੀ ਹੈ ਤੇ ਹੁਣ ਹੈਲਥ ਤੇ ਫੈਮਿਲੀ ਵੈੱਲਫੇਅਰ, ਪੰਜਾਬ ਦੀ ਉਚਤਮ ਤੇ ਉੱਤਮ ਜ਼ਿੰਮੇਵਾਰੀ ਨਿਭਾਏਗੀ। ਨਿੱਕ-ਸੁੱਕ ਵਲੋਂ ਵਧਾਈ ਤੇ ਸੁਆਗਤ!

**ਅੰਤਿਕਾ**

ਸੁਸ਼ੀਲ ਦੁਸਾਂਝ
ਕਿਸੇ ਮੰਜ਼ਿਲ ਨੂੰ ਸਰ ਕਰਨਾ
ਕਦੇ ਮੁਸ਼ਕਲ ਨਹੀਂ ਹੁੰਦਾ
ਹੈ ਲਾਜ਼ਮ ਸ਼ਰਤ ਇਹ
ਪੈਰੀਂ ਸੁਲਗਦਾ ਇਕ ਸਫਰ ਹੋਵੇ।


# ਸਭਿਆਚਾਰਕ ਜੜ੍ਹਾਂ ਨਾਲ ਜੁੜੇ ਅਵਚੇਤਨੀ ਵਿਹਾਰ ਦੀਆਂ ਰਮਜ਼ਾਂ ਬਿਆਨਦੇ ਲੇਖ

## ਪੁਸਤਕ ਚਰਚਾ

ਨਿਰੰਜਣ ਬੋਹਾ
ਫੋਨ: 91-89682-82700

ਪੰਜਾਬੀ ਭਾਸ਼ਾ ਦੇ ਮਿਆਰੀ ਸਾਹਿਤਕ ਪਰਚੇ 'ਸਾਹਿਤਕ ਏਕਮ' ਦੀ ਸੰਪਾਦਕ ਅਰਤਿੰਦਰ ਸੰਧੂ ਨੂੰ ਅਸੀਂ ਪੰਜਾਬੀ ਕਵਿਤਾ ਦੇ ਖੇਤਰ ਵਿਚ ਇਕ ਦਰਜਨ ਤੋਂ ਵੱਧ ਪੁਸਤਕਾਂ ਦਾ ਯੋਗਦਾਨ ਪਾਉਣ ਵਾਲੀ ਉਸ ਉੱਘੀ ਕਵਿੱਤਰੀ ਵਜੋਂ ਜਾਣਦੇ ਹਾਂ, ਜਿਸਦੇ ਕਾਵਿ ਚਿੰਤਨ ਬਾਰੇ ਬਹੁਤ ਸਾਰਾ ਖੋਜ ਕਾਰਜ ਹੋਇਆ ਹੈ ਤੇ ਹੋ ਵੀ ਰਿਹਾ ਹੈ। ਉਸ ਦੇ ਦਾਰਸ਼ਨਿਕ ਕਿਸਮ ਦੇ ਨਿਬੰਧ ਸੰਗ੍ਰਹਿ 'ਜੜ੍ਹਾਂ ਦੇ ਵਿਚ ਵਿਚਾਲੇ' ਦੇ ਪ੍ਰਕਾਸ਼ਿਤ ਹੋਣ ਨਾਲ ਜਿੱਥੇ ਉਸ ਅੰਦਰਲੀ ਬਹੁਪੱਖੀ ਸਾਹਿਤਕ ਪ੍ਰਤਿਭਾ ਦਾ ਨਵਾਂ ਪਸਾਰ ਸਾਹਮਣੇ ਆਇਆ ਹੈ, ਉੱਥੇ ਪੰਜਾਬੀ ਸਾਹਿਤ ਦੇ ਪਾਠਕਾਂ ਦੀਆਂ ਸੂਹਜ ਬਿਰਤੀਆਂ ਨੂੰ ਤ੍ਰਿਪਤ ਕਰਨ ਵਾਲਾ ਇਕ ਹੋਰ ਸੁਲਝਿਆ ਵਾਰਤਕਕਾਰ ਵੀ ਮਿਲ ਗਿਆ ਹੈ। ਆਪਣੇ ਇਸ ਲੇਖ ਸੰਗ੍ਰਹਿ ਰਾਹੀਂ ਉਸ ਆਪਣੇ ਹੰਢਾਏ ਜੀਵਨ ਦੇ ਪ੍ਰੌਢ-ਅਨੁਭਵਾਂ ਤੇ ਸੋਚਾਂ ਦਾ ਪ੍ਰਗਟਾਵਾ ਏਨੇ ਸੁਹਜ ਸਲੀਕੇ ਨਾਲ ਕੀਤਾ ਹੈ ਕਿ ਮਨੁੱਖੀ ਜੀਵਨ ਤੋਰ ਨੂੰ ਅੱਗੇ ਲਿਜਾਣ ਵਾਲੇ ਇਨ੍ਹਾਂ ਅਨੁਭਵਾਂ ਨੂੰ ਗ੍ਰਹਿਣ ਕਰਦਿਆਂ ਪਾਠਕ ਆਪਣੇ ਆਪ ਨੂੰ ਆਨੰਦਿਤ ਵੀ ਮਹਿਸੂਸ ਕਰਦਾ ਹੈ। ਪੁਸਤਕ ਵਿਚਲੇ ਨਿਬੰਧ ਇਸ ਗੱਲ ਦੀ ਗਵਾਹੀ ਦੇਂਦੇ ਹਨ ਕਿ ਲੇਖਿਕਾ ਨੇ ਆਪਣੇ ਅੰਦਰਲੀਆਂ ਮਾਨਵੀ ਸੰਵੇਦਨਾਵਾਂ ਨੂੰ ਸਮੇਂ ਦੀਆਂ ਤੱਤੀਆਂ ਹਵਾਵਾਂ ਤੋਂ ਬਚਾ ਕੇ ਰੱਖਿਆ ਹੋਇਆ ਹੈ। ਇਨ੍ਹਾਂ ਨਿਬੰਧਾਂ ਰਾਹੀਂ ਮਨੁੱਖੀ ਫਰਜ਼ਾਂ ਪ੍ਰਤੀ ਉਸਦੀ ਸੁਚੇਤਤਾ ਵੀ ਆਪਣੀ ਵੱਖਰੀ ਪਛਾਣ ਬਣਾਉਂਦੀ ਹੈ।

ਦੋ ਭਾਗਾਂ ਵਿਚ ਵੰਡੇ ਇਸ ਸੰਗ੍ਰਹਿ ਦੇ ਪਹਿਲੇ ਭਾਗ ਵਿਚ 11 ਤੇ ਦੂਜੇ ਭਾਗ ਵਿਚ 9 ਨਿਬੰਧ ਸ਼ਾਮਲ ਹਨ। ਪੁਸਤਕ ਵਿਚਲੇ ਇਹ ਨਿਬੰਧ ਮਨੁੱਖੀ ਜੀਵਨ ਤੋਰ ਦੀ ਨਿਰੰਤਰਤਾ ਬਣਾਈ ਰੱਖਣ ਲਈ ਆਪਣੀ ਭੂਮਿਕਾ ਅਸਰਦਾਰ ਢੰਗ ਨਾਲ ਨਿਭਾਉਂਦੇ ਹਨ। ਪਹਿਲਾ ਨਿਬੰਧ 'ਬੁਰਾ ਨਹੀਂ ਹੁੰਦਾ ਬੋਰ ਹੋਣਾ' ਇਕਸਾਰ ਚਲਦੀ ਜ਼ਿੰਦਗੀ ਵਿਚ ਪੈਦਾ ਹੋਈ ਉਕਤਾਹਟ ਜਾਂ ਬੋਰੀਅਤ ਨੂੰ ਚਿੰਤਨੀ ਅਵਸਥਾ ਵਿਚ ਬਦਲਣ ਦੀ ਕੋਸ਼ਿਸ਼ ਕਰਦਿਆਂ ਮਨੁੱਖੀ ਜੀਵਨ ਨੂੰ ਸਾਰਥਿਕ ਦਿਸ਼ਾ ਪ੍ਰਦਾਨ ਕਰਦਾ ਹੈ। ਜੇ ਨਿਬੰਧ 'ਲੋਕ ਕਥਾਵਾਂ ਵਿਚ ਲੁਕੇ ਸੁਨੇਹੇ' ਦਾਦੀਆਂ-ਨਾਨੀਆਂ ਵੱਲੋਂ ਸੁਣਾਈਆਂ ਬਾਤਾਂ ਵੱਲੋਂ ਬਾਲ ਮਾਨਸਿਕਤਾ ਦੇ ਪਾਏ ਜਾਣ ਵਾਲੇ ਉਸਾਰੂ ਪ੍ਰਭਾਵਾਂ ਦੀ ਪਛਾਣ ਕਰਦਾ ਹੈ ਤਾਂ ਲੇਖ 'ਪੰਜਾਬੀ ਬੋਲ ਚਾਲ ਵਿਚ ਜਾਨਵਰਾਂ ਨਾਲ ਜੁੜੀਆਂ ਅਖੌਤਾਂ ਤੇ ਮੁਹਾਵਰੇ' ਜਾਨਵਰਾਂ ਦੇ ਚੰਗੇ ਤੇ ਮਾੜੇ ਗੁਣਾਂ ਨਾਲ ਮਿਲਦੀਆਂ ਮਨੁੱਖੀ ਆਦਤਾਂ ਦੇ ਹਵਾਲੇ ਨਾਲ ਪੁਰਾਤਨ ਲੋਕ ਸਿਆਣਪਾਂ ਦੀ ਨਿਸ਼ਾਨਦੇਹੀ ਕਰਦਾ ਹੈ। ਨਿਬੰਧ 'ਪੰਜਾਬੀ ਮੁਹਾਵਰਿਆਂ, ਅਖਾਣਾਂ ਵਿਚਲੇ ਆਪਣੇ ਅਕਸ 'ਚੋਂ ਉਭਰੀ ਔਰਤ' ਇਸ ਗੱਲ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਾ ਹੈ ਕਿ ਅੱਜ ਦੀ ਔਰਤ ਉਸਨੂੰ ਕਮਜ਼ੋਰ ਸਾਬਿਤ ਕਰਦੇ ਪੁਰਾਣੇ ਮੁਹਾਵਰਿਆਂ ਤੇ ਅਖਾਣਾਂ ਦੀ ਵਲਗਣ ਵਿਚੋਂ ਨਿਕਲ ਕੇ ਆਪਣੀ ਪ੍ਰਤਿਭਾ ਦੇ ਅਨੁਸਾਰ ਨਵੇਂ ਮੁਹਾਵਰਿਆਂ ਦੀ ਸਿਰਜਣਾ ਆਪ ਕਰ ਰਹੀ ਹੈ। ਨਿਬੰਧ 'ਵਾਤਾਵਰਣ ਪਰਦੂਸ਼ਣ ਤੋਂ ਸਮਾਜਿਕ ਪ੍ਰਦੂਸ਼ਣ ਤੱਕ' ਜੀਵਨ ਦੇ ਹਰ ਖੇਤਰ ਵਿਚ ਵਧ ਰਹੇ ਪ੍ਰਦੂਸ਼ਣ ਦੀ ਰੋਕਥਾਮ ਲਈ ਸਾਡੀ ਜ਼ਿੰਮੇਵਾਰੀ ਨਿਰਧਾਰਤ ਕਰਦਾ ਹੈ। ਨਿਬੰਧ 'ਪੰਖੇਰੂਆਂ ਦੀ ਨਿਵੇਕਲੀ ਦੁਨੀਆਂ' ਆਪਣੇ ਪਾਠਕਾਂ ਨੂੰ ਪ੍ਰੇਰਿਤ ਕਰਦਾ ਹੈ ਕਿ ਉਹ ਆਜ਼ਾਦ ਫਿਜ਼ਾਵਾਂ ਵਿਚ ਉਡਾਰੀਆਂ ਲਾਉਣ ਵਾਲੇ ਪੰਛੀਆਂ ਤੋਂ ਇਕ ਦੂਜੇ






ਲੇਖਿਕਾ ਅਰਤਿੰਦਰ ਸੰਧੂ ਅਤੇ ਪੁਸਤਕ 'ਜੜ੍ਹਾਂ ਦੇ ਵਿਚ ਵਿਚਾਲੇ' ਦਾ ਸਰਵਰਕ

ਦਾ ਸਾਥ ਦੇਣ ਦਾ ਸਬਕ ਜ਼ਰੂਰ ਸਿੱਖਣ।

ਦੂਜੇ ਭਾਗ ਵਿਚ ਸ਼ਾਮਲ ਨਿਬੰਧ ਮਨੁੱਖ ਤੇ ਕੁਦਰਤ ਵਿਚਲੇ ਸੰਬੰਧਾਂ ਦੀ ਤਰਜ਼ਮਾਨੀ ਕਰਦਿਆਂ ਇਸ ਕੌੜੇ ਸੱਚ ਨੂੰ ਬਿਆਨਦੇ ਹਨ ਕਿ ਆਪਣੀ ਨਿੱਜਪ੍ਰਸਤ ਜੀਵਨ ਜਾਚ ਦੇ ਚੱਲਦਿਆਂ ਮਨੁੱਖ ਨੇ ਕੁਦਰਤ ਨਾਲ ਆਪਣੇ ਸੰਬੰਧਾਂ ਨੂੰ ਆਪ ਹੀ ਤਣਾਉਸ਼ੀਲ ਬਣਾ ਲਿਆ ਹੈ। ਉੱਘੇ ਸਾਹਿਤਕ ਪਰਚੇ 'ਸੰਖ' ਦੀ ਮੰਗ 'ਤੇ ਲਿਖੇ ਇਨ੍ਹਾਂ ਨਿਬੰਧਾਂ ਵਿਚੋਂ ਪਹਿਲਾ ਨਿਬੰਧ 'ਜੜ੍ਹਾਂ ਦੇ ਵਿਚ ਵਿਚਾਲੇ' ਆਪਣੀਆਂ ਸਭਿਆਚਾਰਕ ਜੜ੍ਹਾਂ ਨਾਲੋਂ ਟੁੱਟਦੇ ਜਾ ਰਹੇ ਮਨੁੱਖ ਨੂੰ ਉਸਦੀ ਸ਼ਖ਼ਸੀਅਤ ਦੇ ਨਿਰਮਾਣ ਵਿਚ ਇਨ੍ਹਾਂ ਜੜ੍ਹਾਂ ਦੀ ਕੀ ਮਹੱਤਤਾ ਹੈ, ਬਾਰੇ ਦੱਸਦਾ ਹੈ। ਨਿਬੰਧ 'ਤ੍ਰਿਕਾਲਾਂ ਦਾ ਜਾਦੂ' ਸੂਰਜ ਢਲਣ ਦੇ ਸਮੇਂ ਨੂੰ ਦਿਨ ਤੇ ਰਾਤ ਵਿਚਲੀ ਸਹਿਜਤਾ ਭਰਿਆ ਠਹਿਰਾਉ ਕਰਾਰ ਦਿੰਦਾ ਹੈ। ਜੇ ਪੁਸਤਕ ਵਿਚਲਾ ਲੇਖ 'ਸਬੱਬਾਂ ਦਾ ਵਿਧੀ ਵਿਧਾਨ' ਮਨੁੱਖ ਨੂੰ ਮਨੁੱਖ ਦੇ ਹੋਰ ਨੇੜੇ ਲਿਜਾਣ ਵਾਲੇ ਸਬੱਬਾਂ ਦਾ ਸਵਾਗਤ ਕਰਦਾ ਹੈ ਤਾਂ ਨਿਬੰਧ 'ਅਵਚੇਤਨ ਮਨਾਂ ਵਿਚ ਬੈਠਾ ਦਾਨਵ ਡਰ' ਇਸ ਸਿੱਟੇ ਨੂੰ ਉਭਾਰਦਾ ਹੈ ਕਿ ਡਰ 'ਤੇ ਕਾਬੂ ਪਾ ਲੈਣ ਵਾਲੇ ਲੋਕ ਹੀ ਉੱਚੀਆਂ ਚੋਟੀਆਂ ਨੂੰ ਸਰ ਕਰ ਸਕਦੇ ਹਨ। ਨਿਬੰਧ 'ਰਾਹਾਂ ਕੁਰਾਹਾਂ ਦੀ ਉਲਝੀ ਤਾਣੀ' ਅਨੁਸਾਰ ਕਿਸੇ ਵੀ ਖੇਤਰ ਵਿਚ ਨਵੀਆਂ ਲੀਹਾਂ ਪਾਉਣ ਵਾਲੇ ਲੋਕਾਂ ਨੂੰ ਪਹਿਲਾਂ ਕੁਰਾਹੀਏ ਕਿਹਾ ਜਾਂਦਾ ਹੈ ਤੇ ਸਮਾਂ ਪੈਣ 'ਤੇ ਉਨ੍ਹਾਂ ਨੂੰ ਰਾਹ ਵਿਖਾਊ ਰਹਿਬਰ ਮੰਨ ਲਿਆ ਜਾਂਦਾ ਹੈ। ਨਿਬੰਧ 'ਰੱਜ ਦੀ ਹਕੀਕਤ' ਨੀਤ ਦੇ ਰੱਜ ਨੂੰ ਸੁੱਖਾਂ ਦੇ ਦਾਇਰੇ ਤੋਂ ਉਚੇਰੀ ਸਥਿਤੀ ਵਜੋਂ ਸਤਿਕਾਰ ਦਿੰਦਾ ਹੈ। ਪੰਜਾਬੀ ਵਿਚ ਲਿਖੀ ਜਾ ਰਹੀ ਵਾਰਤਕ ਵਿਚਲੀਆਂ ਆਮ ਜਿਹੀਆਂ ਜਾਣਕਾਰੀਆਂ ਅੱਜ ਦੇ ਜਗਿਆਸੂ ਬਿਰਤੀ ਦੇ ਪਾਠਕ ਦੀ ਸਹਜ ਸੰਤੁਸ਼ਟੀ ਨਹੀਂ ਕਰਵਾ ਸਕਦੀਆਂ ਤੇ ਨਾ ਹੀ ਉਹ ਪਹਿਲੋਂ ਦੁਹਰਾਏ ਗਏ ਬਿਰਤਾਂਤਕ ਵੇਰਵਿਆਂ ਨੂੰ ਪੜ੍ਹਨਾ ਚਾਹੁੰਦਾ ਹੈ। ਅਰਤਿੰਦਰ ਸੰਧੂ ਦੀ ਇਹ ਪੁਸਤਕ ਜਿੱਥੇ ਦੁਹਰਾਅ ਦੇ ਸੰਕਟ ਤੋਂ ਮੁਕਤ ਹੈ ਉੱਥੇ ਇਸ ਵਿਚ ਪਾਠਕਾਂ ਦੇ ਗਿਆਨ ਵਿਚ ਵਾਧਾ ਕਰਨ ਵਾਲੀਆਂ ਬਹੁਤ ਸਾਰੀਆਂ ਨਵੀਆਂ ਜਾਣਕਾਰੀਆਂ ਵੀ ਸ਼ਾਮਲ ਹਨ। ਇਤਿਹਾਸ ਤੇ ਮਿਥਿਹਾਸ ਦੇ ਸਰੋਤਾਂ ਨਾਲ ਜੁੜੇ ਆਪਣੇ ਅਧਿਐਨ ਸਦਕਾ ਲੇਖਿਕਾ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਢੁੱਕਵੀਆਂ ਉਦਾਹਰਨਾਂ ਵੀ ਆਸਾਨੀ ਨਾਲ ਤਲਾਸ਼ ਲੈਂਦੀ ਹੈ। ਉਸਦੀ ਵਾਰਤਕ ਸਮਾਜ ਦੀਆਂ ਮੁਰਛਿਤ ਪਈਆਂ ਸੰਵੇਦਨਾਵਾਂ ਨੂੰ ਮੁੜ ਤੋਂ ਜਾਗ੍ਰਿਤ ਕਰਨ ਦੀਆਂ ਕਲਾ ਜੁਗਤਾਂ ਨਾਲ ਜੁੜੀ ਹੋਈ ਹੈ ਪਰ ਇਸ ਗਿਆਨ ਵਰਧਕ ਪੁਸਤਕ ਦੀ ਭਾਸ਼ਾ ਨੂੰ ਥੋੜ੍ਹਾ ਹੋਰ ਸਰਲ ਬਣਾਏ ਜਾਣ ਦੀ ਲੋੜ ਹੈ। 116 ਸਫਿਆਂ 'ਤੇ ਅਧਾਰਿਤ 200 ਰੁਪਏ ਮੁੱਲ ਵਾਲੀ ਇਸ ਪੁਸਤਕ ਨੂੰ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਨੇ ਛਾਪਿਆ ਹੈ।

# ਸਾਡੀ ਲਹਿੰਦੇ ਪੰਜਾਬ ਦੀ ਫੇਰੀ

**ਅੱਠਵਾਂ ਦਿਨ:** ਅੱਜ ਦਾ ਸਫ਼ਰ ਵਾਪਸ ਲਾਹੌਰ ਤਕ ਦਾ ਸੀ ਪਰ ਰਸਤੇ ਵਿਚ ਕਈ ਇਤਿਹਾਸਕ ਥਾਵਾਂ ਦੇਖਣ ਦਾ ਖਾਸ ਮੌਕਾ ਮਿਲਿਆ। ਇਸਲਾਮਾਬਾਦ ਤੋਂ ਚਲਦਿਆਂ ਪਹਿਲਾ ਪੜਾਅ ਕਟਾਸ ਰਾਜ ਮੰਦਰ ਦਾ ਸੀ, ਜੋ ਹਿੰਦੂਆਂ ਦਾ ਤੀਰਥ ਅਸਥਾਨ ਹੈ। ਇਸ ਮੰਦਰ ਦਾ ਮਿਥਿਹਾਸ ਸ਼ਿਵਜੀ ਨਾਲ ਜੁੜਿਆ ਹੋਇਆ ਹੈ। ਕਹਿੰਦੇ ਹਨ ਪਾਰਵਤੀ ਕਰਕੇ ਸ਼ਿਵਜੀ ਰੋ ਪਿਆ ਅਤੇ ਉਸਦਾ ਇਕ ਹੰਝੂ ਕਟਾਸਰਾਜ ਅਤੇ ਦੂਸਰਾ ਪੁਸ਼ਕਰ, ਰਾਜਸਥਾਨ ਵਿਚ ਡਿਗਿਆ। ਇਸ ਹੰਝੂ ਕਰਕੇ ਇਸ ਇਲਾਕੇ ਨੂੰ ਇਹ ਵਰ ਮਿਲਿਆ ਕਿ ਇੱਥੇ ਸਥਿਤ ਤਲਾਬ ਵਿਚ ਕਦੇ ਪਾਣੀ ਨਹੀਂ ਸੁੱਕੇਗਾ ਪਰ ਦੇਖਣ ਨੂੰ ਮਿਲਿਆ ਕਿ ਇਸ ਤਲਾਬ ਵਿਚ ਅੱਜ-ਕੱਲ੍ਹ ਮੋਟਰ ਨਾਲ ਪਾਣੀ ਭਰਿਆ ਜਾਂਦਾ ਹੈ। ਸਾਡਾ ਤਾਂ ਵੱਡਾ ਨਿਸ਼ਾਨਾ ਸਿੱਖ ਜਰਨੈਲ ਸਰਦਾਰ ਹਰੀ ਸਿੰਘ ਨਲੂਆ ਦੀ ਹਵੇਲੀ ਦੇਖਣ ਦਾ ਸੀ, ਜੋ ਇਸ ਕੰਪਲੈਕਸ ਵਿਚ ਹੀ ਸਥਿਤ ਹੈ। ਇਹ ਹਵੇਲੀ ਇਸ ਗੱਲ ਦੀ ਪ੍ਰਤੀਕ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਹਰੇਕ ਧਾਰਮਿਕ ਸਥਾਨ ਦੀ ਪੂਰੀ ਸੁਰੱਖਿਆ ਦੀ ਜ਼ਿੰਮੇਵਾਰੀ ਸਥਾਨਕ ਅਹੁਦੇਦਾਰਾਂ ਨੂੰ ਦਿੱਤੀ ਜਾਂਦੀ ਸੀ। ਇਥੇ ਥੋੜ੍ਹਾ ਸਮਾਂ ਗੁਜ਼ਾਰਨ ਤੋਂ ਬਾਅਦ, ਸਮੇਂ ਦੀ ਥੋੜ ਕਾਰਨ, ਨੇੜੇ ਹੀ ਸਥਿਤ, ਖੇਵੜਾ ਨਮਕ ਦੀਆਂ ਖੱਡਾਂ ਨਹੀਂ ਦੇਖ ਸਕੇ, ਜਿਸ ਕਰਕੇ ਅਸੀਂ ਸਿੱਧਾ ਗੁਰਦੁਆਰਾ ਸੱਚਾ ਸੌਦਾ ਦਾ ਰੁਖ਼ ਕੀਤਾ। ਗੁਰਦੁਆਰਾ ਸੱਚਾ ਸੌਦਾ ਨਨਕਾਣਾ ਸਾਹਿਬ ਤੋਂ ਤਕਰੀਬਨ 25-30 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ ਅਤੇ ਸ਼ੇਖੂਪੁਰਾ ਸ਼ਹਿਰ ਦੇ ਨੇੜੇ ਹੈ। ਇਸ ਗੁਰਦੁਆਰਾ ਸਾਹਿਬ ਦੀ ਸਫਾਈ ਬਹੁਤ ਹੀ ਉਮਦਾ ਹੈ। ਇਸ ਤੋਂ ਉਪਰੰਤ ਰਾਤ ਨੂੰ ਲਾਹੌਰ ਪਹੁੰਚੇ।

**ਨੌਵਾਂ ਦਿਨ:** ਇਹ ਦਿਨ ਬਹੁਤ ਹੀ ਮਹੱਤਵਪੂਰਨ ਅਤੇ ਜੋਸ਼ ਭਰਪੂਰ ਸੀ ਕਿਉਂਕਿ ਅੱਜ ਅਸੀਂ ਗੁਰੂ ਨਾਨਕ ਦੀ ਧਰਤੀ, ਨਨਕਾਣਾ ਸਾਹਿਬ ਜਿਸ ਦਾ ਪੁਰਾਣਾ ਨਾਮ ਰਾਏ ਭੋਇ ਦੀ ਤਲਵੰਡੀ ਸੀ, ਦੇ ਦਰਸ਼ਨਾਂ ਨੂੰ ਜਾਣਾ ਸੀ। ਇਹ ਉਹ ਪਵਿੱਤਰ ਸਥਾਨ ਹੈ, ਜਿੱਥੇ ਗੁਰੂ ਨਾਨਕ ਸਾਹਿਬ ਨੇ ਆਪਣਾ ਬਚਪਨ ਬਿਤਾਇਆ ਅਤੇ ਅੱਠ ਸਾਲ ਦੀ ਉਮਰ ਵਿਚ ਬਿੱਪਰ ਦੀ ਸੋਚ ਅਤੇ ਰਵਾਇਤ ਨੂੰ ਚੁਣੌਤੀ ਦਿੱਤੀ। ਲਾਹੌਰ ਤੋਂ ਤਕਰੀਬਨ ਇਕ-ਡੇਢ ਘੰਟੇ ਦੀ ਡ੍ਰਾਈਵ ਤੋਂ ਬਾਅਦ ਗੁਰਦੁਆਰਾ ਜਨਮ ਅਸਥਾਨ ਪਹੁੰਚੇ। ਇਹ ਦਿਨ ਇਕ ਵਿਸਾਖ, ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਦਿਵਸ, ਦਸਮ ਪਿਤਾ ਵਲੋਂ ਸਾਜੇ ਖਾਲਸਾ ਸਾਜਨਾ ਦਿਨ ਅਤੇ ਵਿਸਾਖੀ ਵਜੋਂ ਵੀ ਜਾਣਿਆ ਜਾਂਦਾ ਹੈ। ਜਿਵੇਂ ਪਹਿਲਾਂ ਵੀ ਆਪ ਜੀ ਨਾਲ ਇਹ ਸਾਂਝ ਪਾਈ ਹੈ ਕਿ ਪਾਕਿਸਤਾਨ ਵਿਚ ਵਿਸਾਖੀ ਪੰਜਾ ਸਾਹਿਬ ਵਿਖੇ ਮਨਾਈ ਜਾਂਦੀ ਹੈ ਇਸ ਕਰਕੇ ਗੁਰੂ ਨਾਨਕ ਦੇ ਜਨਮ ਅਸਥਾਨ 'ਤੇ ਬਹੁਤ ਥੋੜ੍ਹੀ ਸੰਗਤ ਸੀ। ਇੱਥੇ ਗੁਰਦੁਆਰਾ ਸਾਹਿਬ ਵਿਖੇ, ਸੰਗਤ ਵਲੋਂ ਆਰੰਭ ਕੀਤੇ ਸਧਾਰਨ ਪਾਠ ਦੇ ਭੋਗ ਦੀ ਸਮਾਪਤੀ ਉਪਰੰਤ ਗੁਰੂ ਨਾਨਕ ਸਾਹਿਬ ਜੀ ਦੇ ਗੁਰਪੁਰਬ ਦੀ ਅਰਦਾਸ ਅਤੇ ਲੰਗਰ ਦੀ ਸੇਵਾ ਸ਼ਿਕਾਗੋ ਦੀ ਸੰਗਤ ਵੱਲੋਂ ਕਰਾਈ ਗਈ ਸੀ, ਜਿਸ ਵਿਚ ਸਥਾਨਕ ਪ੍ਰਬੰਧਕਾਂ ਨੇ ਬਹੁਤ ਸਾਥ ਦਿੱਤਾ, ਜਿਸ ਲਈ ਅਸੀਂ ਹਮੇਸ਼ਾਂ ਉਨ੍ਹਾਂ ਦੇ ਰਿਣੀ ਰਹਾਂਗੇ।

ਦੁਪਹਿਰ ਤੋਂ ਬਾਅਦ ਅਸੀਂ ਸਥਾਨਕ ਗੁਰਦੁਆਰਿਆਂ ਦੇ ਦਰਸ਼ਨ ਕੀਤੇ, ਜਿਨ੍ਹਾਂ ਵਿਚੋਂ ਬਹੁਤਿਆਂ ਦੀ ਹਾਲਤ ਵਧੀਆ ਨਹੀਂ ਕਹੀ ਜਾ ਸਕਦੀ। ਪਾਕਿਸਤਾਨ ਵਕਫ ਬੋਰਡ ਅਤੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਹਰ ਹੀਲਾ-ਵਸੀਲਾ ਵਰਤ ਕੇ ਵੱਧ ਤੋਂ ਵੱਧ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਸਾਰੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਹੋ ਸਕੇ ਅਤੇ ਕਰ ਵੀ ਰਹੇ ਹਨ ਜਿਸ ਕਰਕੇ ਦੇਸ਼-ਵਿਦੇਸ਼ਾਂ ਵਿਚ ਵਸਦੇ ਸਿੱਖ, ਪਾਕਿਸਤਾਨ ਵਕਫ ਬੋਰਡ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸ਼ੁਕਰਗੁਜ਼ਾਰ ਹਨ। ਪਰ ਇਸ ਸਾਰੇ ਕਾਰਜ ਨੂੰ ਚੰਗੀ ਤਰ੍ਹਾਂ ਕਰਨ ਵਾਸਤੇ ਸਿੱਖ ਕੌਮ ਨੂੰ ਇਨ੍ਹਾਂ ਅਦਾਰਿਆਂ ਦੀ ਭਰਪੂਰ ਮਦਦ ਕਰਨ ਦੀ ਲੋੜ ਹੈ। ਸਭ ਕੁਝ ਦੇਖਣ ਤੋਂ ਬਾਅਦ ਮਨ ਵਿਚ ਇਕ ਦ੍ਰਿਸ਼ ਬਣਿਆ ਕਿ ਕਿਵੇਂ ਤਕਰੀਬਨ ਸਾਢੇ ਪੰਜ ਸੌ ਸਾਲ ਪਹਿਲਾਂ ਗੁਰੂ ਨਾਨਕ ਸਾਹਿਬ ਇਸ ਅਸਥਾਨ 'ਤੇ ਆਏ ਅਤੇ ਉਮਰ ਦੇ ਹਰ ਪੜਾਅ ਵਿਚੋਂ ਹੁੰਦੇ ਹੋਏ ਵੱਡੇ ਹੋਏ, ਬਚਪਨ ਤੋਂ ਜਵਾਨੀ ਅਤੇ ਫਿਰ 22-23 ਸਾਲ ਦੀ ਉਮਰ ਵਿਚ ਸੋਚਿਆ ਕਿ ਕਿਉਂ ਨਾ ਦੁਨੀਆ ਵਿਚ ਵੱਖ ਵੱਖ ਮੁਲਕਾਂ ਵਿਚ ਜਾ ਕੇ, ਹੋਰ ਧਰਮਾਂ ਦੇ ਪੈਰੋਕਾਰਾਂ ਨਾਲ ਵਿਚਾਰ ਕਰ ਕੇ, ਕੁਝ ਕਹੀਏ ਅਤੇ ਕੁਝ ਸੁਣੀਏ ਦੀ ਨੀਤੀ ਰਾਹੀਂ, ਉਪਦੇਸ਼ ਦੇਈਏ। ਉਨ੍ਹਾਂ ਦੀ ਇਸ ਸੋਚ ਬਾਰੇ ਆਪਾਂ ਸਾਰੇ ਹੀ ਭਲੀ-ਭਾਂਤ ਜਾਣਦੇ ਹਾਂ, ਕੋਈ ਬਹੁਤ ਕਹਿਣ ਦੀ ਲੋੜ ਨਹੀਂ। ਦੇਖਣ ਅਤੇ ਸੋਚਣ ਦੀ ਗੱਲ ਜੋ ਕਿ ਮੈਨੂੰ, ਮੇਰੀ ਸੋਚ ਨੂੰ ਝਿੰਜੋੜ ਰਹੀ ਹੈ ਕਿ ਗੁਰੂ ਸਾਹਿਬ ਨਾਲ ਜੁੜੇ ਜਾਂ ਜੋੜੇ ਇਤਿਹਾਸਕ ਗੁਰਦੁਆਰੇ ਨਨਕਾਣਾ ਸਾਹਿਬ ਵਿਖੇ ਮਿਲਦੇ ਹਨ ਪਰ ਕੋਈ ਵੀ ਸਥਾਨ ਜਾਂ ਗੁਰਦੁਆਰਾ ਬ੍ਰਾਹਮਣੀ ਜਨੇਊ ਵਾਲੇ ਬਿਰਤਾਂਤ ਨਾਲ ਜੁੜਿਆ ਹੋਇਆ ਨਹੀਂ ਦਿਸਿਆ। ਇਹ ਮੇਰੀ ਸੋਚ ਮੁਤਾਬਕ ਗੁਰੂ ਨਾਨਕ ਸਾਹਿਬ ਵਲੋਂ ਪੰਡਤ ਨੂੰ ਚੁਣੌਤੀ ਅਤੇ ਆਮ ਲੋਕਾਂ ਨੂੰ ਪਹਿਲਾ ਉਪਦੇਸ਼ ਜਾਂ ਸਬਕ ਸੀ। ਇਹ ਬਿਰਤਾਂਤ ਇੰਨਾ ਜ਼ਰੂਰੀ ਹੈ ਪਰ ਇਸ ਦੀ ਸਥਾਨਕ ਨਿਸ਼ਾਨਦੇਹੀ ਨਾ ਹੋਣਾ ਬਹੁਤ ਵੱਡਾ ਸਵਾਲ ਹੈ। ਕੀ ਇਹ ਗੁਰੂ ਨਾਨਕ ਦੇ ਇਸ ਉਪਦੇਸ਼ ਨੂੰ ਗਾਇਬ ਕਰਨ ਦਾ ਕੋਈ ਮਨਸੂਬਾ ਹੋ ਸਕਦਾ ਹੈ? ਕਿਤੇ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨੂੰ ਖਤਮ ਕਰਨਾ ਵੀ ਇਸੇ ਨੀਤੀ ਦਾ ਹਿੱਸਾ ਤਾਂ ਨਹੀਂ? ਕੀ ਅੱਜ-ਕੱਲ੍ਹ ਦੇ ਪੜਚੋਲਕਾਰ ਇਸ 'ਤੇ ਗ਼ੌਰ ਫਰਮਾਉਣਗੇ? ਸਮਾਂ ਹੀ ਦੱਸੇਗਾ।

ਇਨ੍ਹਾਂ ਕੁਝ ਗੰਭੀਰ ਖਿਆਲਾਂ ਨੂੰ ਪਾਸੇ ਰੱਖਦੇ ਹੋਏ ਅਗਲੇ ਮੁਕਾਮ 'ਤੇ ਪਹੁੰਚੇ, ਜੋ ਰਾਏ ਬੁਲਾਰ ਭੱਟੀ ਸਾਹਿਬ ਦੀ 17ਵੀਂ ਪੁਸ਼ਤ ਵਿਚੋਂ ਜਨਾਬ ਔਰੰਗਜ਼ੇਬ ਭੱਟੀ ਸਾਹਿਬ ਦਾ ਰਿਜ਼ੋਰਟ ਹੈ। ਭੱਟੀ ਸਾਹਿਬ ਬਹੁਤ ਖ਼ੂਬਸੂਰਤ, ਨਫ਼ੀਸ ਅਤੇ ਪੜ੍ਹੇ-ਲਿਖੇ ਇਨਸਾਨ ਹਨ। ਉਨ੍ਹਾਂ ਨੇ ਬਹੁਤੀ ਜ਼ਿੰਦਗੀ ਅਮਰੀਕਾ ਵਿਚ ਸੌਫਟਵੇਅਰ ਇੰਡਸਟਰੀ ਵਿਚ ਹੀ ਗੁਜ਼ਾਰੀ ਹੈ ਅਤੇ 8-9 ਜ਼ੁਬਾਨਾਂ ਵਿਚ ਮੁਹਾਰਤ ਰੱਖਦੇ ਹਨ। ਅੱਜ-ਕੱਲ੍ਹ ਉਹ ਵਾਪਸ ਨਨਕਾਣਾ ਸਾਹਿਬ ਦੀ ਪਾਕ ਧਰਤੀ 'ਤੇ ਖੇਤੀਬਾੜੀ ਦੇ ਨਾਲ-ਨਾਲ ਬਹੁਤ ਆਲੀਸ਼ਾਨ ਲਾਇਬ੍ਰੇਰੀ ਦੇ ਪ੍ਰੋਜੈਕਟ ਦੀ ਤਿਆਰੀ ਵਿਚ ਹਨ। ਉਨ੍ਹਾਂ ਦਾ ਇਹ ਅਜ਼ੀਮ ਸੁਫਨਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਫਲਸਫੇ ਦੇ ਆਧਾਰ 'ਤੇ ਇਕ ਲਾਇਬ੍ਰੇਰੀ ਹੋਵੇ, ਜਿਸ ਵਿਚ ਨਾਨਕ ਦੀ ਸੋਚ ਬ੍ਰਹਿਮੰਡ ਨਾਲ ਜਿਵੇਂ ਜੁੜਦੀ ਹੈ, ਉਸ ਨੂੰ ਮੱਦੇਨਜ਼ਰ ਰੱਖ ਕੇ ਖੋਜ, ਪੜ੍ਹਾਈ ਅਤੇ ਸਮੇਂ ਸਮੇਂ 'ਤੇ ਲੈਕਚਰ ਕਰਵਾਏ ਜਾਇਆ ਕਰਨਗੇ। ਇਸ 'ਤੇ ਜ਼ਮੀਨੀ ਪੱਧਰ 'ਤੇ ਕੰਮ ਜਲਦੀ ਸ਼ੁਰੂ ਹੋਣ ਵਾਲਾ ਹੈ। ਉਨ੍ਹਾਂ ਨੇ ਸਾਨੂੰ ਸਾਰਿਆਂ ਨੂੰ ਆਪਣੇ ਦਸਤਖ਼ਤਾਂ ਹੇਠ ਆਪਣੀ ਕਿਤਾਬ 'ਫਰੌਮ ਤਲਵੰਡੀ ਟੂ ਨਨਕਾਣਾ' ਵੀ ਭੇਟ ਕੀਤੀ। ਕਿਤਾਬ ਦਾ ਟਾਈਟਲ ਹੀ ਦਰਸਾਉਂਦਾ ਹੈ ਕਿ ਇਹ ਕਿਤਾਬ ਕਿੰਨੀ ਜਾਣਕਾਰੀ ਭਰਪੂਰ ਹੈ। ਬਹੁਤ ਹੀ ਦਿਲਚਸਪ ਵਿਚਾਰ ਹੋਏ ਅਤੇ ਖੁਦ ਤਿਆਰ ਕੀਤੇ ਭੋਜ ਵੀ ਸਾਡੇ ਵਾਸਤੇ ਰੱਖੇ। ਭੱਟੀ ਸਾਹਿਬ ਨੂੰ ਅਲਵਿਦਾ ਕਹਿੰਦਿਆਂ ਅਗਲੇ ਸਾਲ ਉਨ੍ਹਾਂ ਦੀ ਲਾਇਬ੍ਰੇਰੀ ਦੇ ਸਮਾਰੋਹ 'ਤੇ ਪਹੁੰਚਣ ਦੀ ਉਮੀਦ ਨਦਲ ਲਾਹੌਰ ਵੱਲ ਨੂੰ ਰੁਖ਼ ਕੀਤਾ। ਲਾਹੌਰ ਪਹੁੰਚਣ 'ਤੇ ਕਿਸੇ ਸੱਜਣ ਦੇ ਘਰ ਸੱਭਿਆਚਾਰਕ ਪ੍ਰੋਗਰਾਮ ਵੀ ਦੇਖਣ ਨੂੰ ਮਿਲਿਆ, ਜਿਸ ਵਿਚ ਮੰਨੇ- ਪ੍ਰਮੰਨੇ ਕਲਾਕਾਰ ਫੈਸਲ ਜੱਟ ਨੇ ਆਪਣੀ ਕਲਾ ਦੇ ਜੌਹਰ ਦਿਖਾਏ।

**ਦਸਵਾਂ ਦਿਨ:** ਅੱਜ ਦਾ ਪਹਿਲਾ ਪੜਾਅ ਸਾਈਂ ਮੀਆਂ ਮੀਰ ਜੀ ਦੀ ਦਰਗਾਹ ਦਾ ਸੀ। ਇਸ ਉਪਰੰਤ ਗੁਰਦੁਆਰਾ ਕਰਤਾਰਪੁਰ ਸਾਹਿਬ ਵੱਲ ਨੂੰ ਚਾਲੇ ਪਾਏ ਜੋ ਲਾਹੌਰ ਤੋਂ ਤਕਰੀਬਨ ਦੋ ਘੰਟੇ ਦਾ ਸਫ਼ਰ ਸੀ। ਸਰਹੱਦ ਦੇ ਨੇੜੇ ਹੋਣ ਕਰਕੇ ਸਕਿਉਰਿਟੀ ਜਾਂਚ ਕੇਂਦਰ ਬਹੁਤ ਸਨ ਪਰ ਕੋਈ ਮੁਸ਼ਕਿਲ ਨਹੀਂ ਆਈ। ਅਖੀਰ ਉਸ ਅਸਥਾਨ 'ਤੇ ਪਹੁੰਚੇ, ਜਿੱਥੇ ਗੁਰੂ ਨਾਨਕ ਸਾਹਿਬ ਨੇ ਆਪਣੇ ਜ਼ਿੰਦਗੀ ਦੇ ਅਖੀਰਲੇ 17 ਸਾਲ ਬਿਤਾਏ ਅਤੇ ਅਖੀਰ ਭਾਈ ਲਹਿਣਾ ਜੀ (ਗੁਰੂ ਅੰਗਦ ਸਾਹਿਬ) ਨੂੰ ਗੁਰਗੱਦੀ ਨਾਲ ਨਿਵਾਜਿਆ। ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਕੰਪਲੈਕਸ ਬਹੁਤ ਹੀ ਵੱਡਾ ਹੈ। ਉਥੇ ਕੁਝ ਯਾਤਰੀ ਭਾਰਤ ਵੱਲੋਂ ਵੀ ਆਏ ਹੋਏ ਸਨ, ਪਰ ਗਿਣਤੀ ਬਹੁਤ ਥੋੜ੍ਹੀ, 200-250 ਦੇ ਨੇੜੇ ਹੀ ਸੀ। ਪਾਕਿਸਤਾਨ ਸਰਕਾਰ ਨੇ ਇਹ ਕੰਪਲੈਕਸ ਢਾਈ-ਤਿੰਨ ਹਜ਼ਾਰ ਦੀ ਸੰਗਤ ਲਈ ਬਣਾਇਆ ਸੀ। ਖ਼ੈਰ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਬਹੁਤ ਵਧੀਆ ਹਨ। ਇਕ ਗੱਲ ਦਾ ਥੋੜ੍ਹਾ ਦੁੱਖ ਹੋਇਆ ਕਿ ਸਾਡੇ ਨਾਲ ਜੋ ਮੁਸਲਿਮ ਗਾਈਡ ਅਤੇ ਡਰਾਈਵਰ ਸਨ, ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਦੇ ਅੰਦਰ ਜਾਣ ਤੋਂ ਰੋਕਿਆ ਗਿਆ। ਪ੍ਰਬੰਧਕਾਂ ਨੂੰ ਬੇਨਤੀ ਕਰਨ 'ਤੇ ਉਹ ਉਨ੍ਹਾਂ ਨੂੰ ਅੰਦਰ ਜਾਣ ਦੇਣ ਲਈ ਰਾਜ਼ੀ ਹੋ ਗਏ ਅਤੇ ਉਨ੍ਹਾਂ ਵੀਰਾਂ ਨੂੰ ਵੀ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ, ਜਿਸ ਦੀ ਉਨ੍ਹਾਂ ਨੂੰ ਦਿਲੀ ਤਾਂਘ ਸੀ। ਇਸ ਗੁਰਦੁਆਰਾ ਸਾਹਿਬ ਦੇ ਨੇੜੇ ਹੀ ਇਕ ਖੂਹ ਵੀ ਹੈ, ਜਿਸ ਦੀ ਗੁਰੂ ਸਾਹਿਬ ਵਰਤੋਂ ਕਰਦੇ ਸਨ। ਇਸ ਖੂਹ ਦੇ ਨੇੜੇ ਇਕ ਅਣਚੱਲਿਆ ਬੰਬ ਵੀ ਪਿਆ ਹੈ, ਜੋ 1965 ਦੀ ਭਾਰਤ-ਪਾਕਿਸਤਾਨ ਦੀ ਲੜਾਈ ਵੇਲੇ ਦਾ ਹੈ ਤੇ ਕਿਹਾ ਜਾਂਦਾ ਹੈ ਕਿ ਇਹ ਬੰਬ ਭਾਰਤੀ ਫੌਜ ਵਲੋਂ ਆਇਆ ਸੀ। ਇਸ ਤੋਂ ਉਪਰੰਤ ਲਾਹੌਰ ਵੱਲ ਦੀ ਵਾਪਸੀ ਕੀਤੀ ਗਈ।

**ਗਿਆਰਵਾਂ ਦਿਨ:** ਇਹ ਜਥੇ ਦੀ ਪਾਕਿਸਤਾਨ ਯਾਤਰਾ ਦਾ ਆਖਰੀ ਦਿਨ ਸੀ। ਸਵੇਰ ਨੂੰ ਇਤਿਹਾਸਕ ਗੁਰਦੁਆਰਾ ਸਿੰਘ ਸਿੰਘਣੀਆਂ ਵੱਲ ਚਾਲੇ ਪਾਏ। ਹਰ ਸਿੱਖ ਆਪਣੀ ਰੋਜ਼ਾਨਾ ਅਰਦਾਸ ਵਿਚ ਇਸ ਜਗ੍ਹਾ ਦਿੱਤੀਆਂ ਸ਼ਹੀਦੀਆਂ ਨੂੰ ਯਾਦ ਕਰਦਾ ਹੈ। ਇਸ ਗੁਰਦੁਆਰਾ ਸਾਹਿਬ ਵਿਚ ਮੀਰ ਮਨੂੰ ਦੀਆਂ ਜੇਲ੍ਹ ਕੋਠੜੀਆਂ ਮੌਜੂਦ ਹਨ, ਜਿਨ੍ਹਾਂ ਵਿਚ ਬੀਬੀਆਂ ਨੇ ਸਵਾ-ਸਵਾ ਮਣ ਪੀਸਣ ਪੀਸੇ ਅਤੇ ਬੱਚਿਆਂ ਦੇ ਟੋਟੇ-ਟੋਟੇ ਕਰਵਾ ਕੇ ਗਲਾਂ ਵਿਚ ਹਾਰ ਪੁਆਏ, ਖੰਨੀ ਖੰਨੀ ਰੋਟੀ 'ਤੇ ਗੁਜ਼ਾਰਾ ਕੀਤਾ। ਇਸ ਮਗਰੋਂ ਅਸੀਂ ਦਿਆਲ ਸਿੰਘ ਟਰੱਸਟ ਪਬਲਿਕ ਲਾਇਬਰੇਰੀ ਵਿਚ ਐਸਾਨ ਨਦੀਮ ਜੀ ਨੂੰ ਮਿਲੇ, ਜੋ ਪਾਕਿਸਤਾਨੀ ਗੁਰਦੁਆਰਿਆਂ ਦੀ ਦੇਖਭਾਲ ਵਾਲੀ ਸੰਸਥਾ ਦੇ ਮੈਂਬਰ ਵੀ ਹਨ। ਉਨ੍ਹਾਂ ਨੇ ਸਾਡਾ ਨਿੱਘਾ ਸਵਾਗਤ ਕੀਤਾ ਅਤੇ ਲਾਈਬਰੇਰੀ ਦਾ ਦੌਰਾ ਕਰਵਾਇਆ। ਇਸ ਲਾਇਬਰੇਰੀ ਵਿਚ ਗੁਰਮੁਖੀ ਦਾ ਰਿਸਰਚ ਸੈਕਸ਼ਨ ਵੀ ਹੈ ਅਤੇ ਇਹ ਗੁਰਮੁਖੀ ਵਿਚ ਰਸਾਲਾ ਵੀ ਛਾਪਦੀ ਹੈ। ਜਨਾਬ ਐਸਾਨ ਨਦੀਮ ਜੀ ਨੇ ਸਾਨੂੰ ਲਾਇਬਰੇਰੀ ਦੇ ਆਡੀਟੋਰੀਅਮ ਦਾ ਵੀ ਦੌਰਾ ਕਰਵਾਇਆ, ਜਿਸ ਵਿਚ ਸ਼ਹੀਦ ਭਗਤ ਸਿੰਘ ਅਤੇ ਸਰਦਾਰ ਦਿਆਲ ਸਿੰਘ ਮਜੀਠੀਆ ਦੀਆਂ ਫੋਟੋਆਂ ਲੱਗੀਆਂ ਹੋਈਆਂ ਹਨ ਅਤੇ ਆਉਣ ਵਾਲੀ ਵਿਸਾਖੀ ਦੀਆਂ ਤਿਆਰੀਆਂ ਹੋ ਰਹੀਆਂ ਸਨ। ਲਾਇਬਰੇਰੀ ਮਗਰੋਂ ਅਸੀਂ ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਦੇ ਨਾਲ ਜੁੜੀ, ਚੰਦੂ ਬਾਹਮਣ ਦੀ ਲਾਲ ਖੂਹੀ ਦੇ ਦਰਸ਼ਨ ਕੀਤੇ। ਅੰਦਰੂਨੀ ਲਾਹੌਰ ਵਿਚ ਹੀ ਅਸੀਂ ਵਜ਼ੀਰ ਖਾਂ ਮਸਜਿਦ ਵੀ ਦੇਖੀ ਜਿਸ ਦੇ ਥੱਲੇ ਵਾਲੇ ਹਿੱਸੇ ਵਿਚ ਬਾਜ਼ਾਰੇ ਕਤੇਬਾਂ ਹੈ, ਇੱਥੇ ਮੰਨਿਆ ਜਾਂਦਾ ਹੈ ਕਿ ਭਾਈ ਬੰਨੋ ਜੀ ਨੇ ਬੀੜ ਨੂੰ ਜਿਲਦ-ਬੰਦ ਕਰਵਾਇਆ ਸੀ। ਲਾਹੌਰ ਵਿਚ ਹੀ ਫਿਰ ਅਸੀਂ ਚੂਨਾ ਮੰਡੀ ਵਿਖੇ ਗੁਰਦੁਆਰਾ ਜਨਮ ਅਸਥਾਨ, ਸ੍ਰੀ ਗੁਰੂ ਰਾਮਦਾਸ ਜੀ ਸਾਹਿਬ ਦੇ ਦਰਸ਼ਨ ਕੀਤੇ।

ਮਗਰੋਂ ਜਥੇ ਨੂੰ ਫਕੀਰ ਖ਼ਾਨਾ ਮਿਊਜ਼ੀਅਮ ਦੇਖਣ ਦਾ ਮੌਕਾ ਮਿਲਿਆ। ਫਕੀਰ ਖਾਨਾ ਅਜਾਇਬ ਘਰ ਵਿਚ ਮਹਾਰਾਜਾ ਰਣਜੀਤ ਸਿੰਘ ਅਤੇ ਪਿਛਲੀਆਂ ਤਿੰਨ ਸ਼ਤਾਬਦੀਆਂ ਨਾਲ ਜੁੜੀਆਂ ਵੀਹ ਹਜ਼ਾਰ ਤੋਂ ਵੱਧ ਚੀਜ਼ਾਂ ਹਨ। ਰਾਤ ਦੇ ਖਾਣੇ ਦੌਰਾਨ ਪਾਕਿਸਤਾਨ ਦੇ ਮੈਂਬਰ ਪਾਰਲੀਮੈਂਟ ਮਹਿੰਦਰ ਪਾਲ ਸਿੰਘ ਨੇ ਜਥੇ ਦੇ ਮੈਂਬਰਾਂ ਨੂੰ ਸੰਬੋਧਨ ਕੀਤਾ। ਮਗਰੋਂ ਡਾਕਟਰ ਰੋਬੀਨਾ ਯਾਸਮੀਨ ਨੇ ਆਪਣੇ ਵਿਚਾਰ ਸਾਂਝੇ ਕੀਤੇ। ਅਖੀਰ ਜਨਾਬ ਇਕਬਾਲ ਕੈਸਰ ਨੇ ਆਪਣੀ ਰਿਸਰਚ ਅਤੇ ਕਿਤਾਬਾਂ ਬਾਰੇ ਜਾਣਕਾਰੀ ਦਿੱਤੀ ਅਤੇ ਉਹੀ ਕਿਤਾਬਾਂ ਸਾਰਿਆਂ ਨੂੰ ਤੋਹਫੇ ਵਜੋਂ ਮਿਲੀਆਂ।









ਅਖੀਰ ਵਿਚ ਕਈ ਗੁਰੂ ਪਿਆਰਿਆਂ ਦਾ ਧੰਨਵਾਦ ਕਰਨਾ ਜ਼ਰੂਰੀ ਹੈ, ਜਿਨ੍ਹਾਂ ਨੇ ਸਾਡੀ ਇਸ ਫੇਰੀ ਵਿਚ ਅਹਿਮ ਹਿੱਸਾ ਪਾਇਆ। ਇਨ੍ਹਾਂ ਵਿਚ ਇਕ ਓਂਕਾਰ ਬਰਿੱਜਸ ਵਾਲੇ ਬੀਬੀ ਹਰਬੀਰ ਕੌਰ, ਜਿਨ੍ਹਾਂ ਨੇ ਸਾਰੇ ਪ੍ਰੋਗਰਾਮ ਦਾ ਬੇਹਤਰੀਨ ਇੰਤਜ਼ਾਮ ਕੀਤਾ। ਸਈਅਦ ਫੈਜ਼ਾਨ ਨਕਵੀ, ਜਿਨ੍ਹਾਂ ਨੂੰ 'ਲਾਹੌਰ ਦਾ ਖੋਜੀ' ਵੀ ਕਿਹਾ ਜਾਂਦਾ ਹੈ ਅਤੇ ਸਿੱਖ ਇਤਿਹਾਸ ਦੀ ਮੁਹਾਰਤ ਸਦਕਾ ਸਾਨੂੰ ਇਸ ਫੇਰੀ ਦੌਰਾਨ ਸਿੱਖ ਇਤਿਹਾਸ ਨਾਲ ਜਾਣੂ ਕਰਵਾਇਆ। ਕਾਮਰਾਨ ਅਲੀ (ਫੋਟੋਗਰਾਫਰ), ਰਾਣਾ ਗੁਲਜ਼ਾਰ ਅਹਿਮਦ (ਡ੍ਰਾਈਵਰ), ਫਾਰੂਖ ਅਹਿਮਦ (ਡ੍ਰਾਈਵਰ), ਮੁਹੰਮਦ ਅਰਬਾਜ਼, ਸ਼ਹਿਜ਼ਾਦ ਖਾਨ (ਸਕਿਉਰਿਟੀ ਡ੍ਰਾਈਵਰ), ਹੁਸਨੈਨ ਅਹਿਮਦ (ਸਕਿਉਰਿਟੀ), ਬਿਲਾਲ ਨਿਆਜ਼ੀ (ਸਕਿਉਰਿਟੀ) ਜਨਾਬ ਮਿਰਜ਼ਾ ਸਫ਼ਦਰ ਬੇਗ ਸਾਹਿਬ ਨੇ ਸਾਨੂੰ ਜੇਹਲਮ ਦੇ ਇਲਾਕੇ ਵਿਚ ਸਿੱਖ ਇਤਿਹਾਸ ਦੀ ਜਾਣਕਾਰੀ ਦਿੱਤੀ। ਇਨ੍ਹਾਂ ਤੋਂ ਇਲਾਵਾ ਹਸਨ, ਬੀਬੀ ਕਿਰਨ ਕੌਰ ਅਰੋੜਾ ਅਤੇ ਤਰਨਜੀਤ ਸਿੰਘ (ਟੀ ਵੀ ਐਂਕਰ) ਵੀ ਸਹਾਈ ਹੋਏ। ਅਤੀ ਧੰਨਵਾਦੀ ਹਾਂ ਜਨਾਬ ਅਸਜਦ ਘਨੀ ਤਾਹਿਰ ਜੀ ਦੀ ਮੇਜ਼ਬਾਨੀ ਦਾ, ਜਿਨ੍ਹਾਂ ਨੇ ਆਪਣੇ ਕੀਮਤੀ ਸਮੇਂ ਵਿਚੋਂ ਸਾਡੇ ਵਾਸਤੇ ਸਮਾਂ ਕੱਢਿਆ ਅਤੇ ਬੇਹਤਰੀਨ ਦਾਅਵਤ ਨਾਲ ਨਿਵਾਜਿਆ। ***(ਸਮਾਪਤ)***

***-ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨ ਕਰ ਕੇ ਆਏ ਜਥੇ ਦੀ ਰਿਪੋਰਟ***


ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ
ਸ਼ਿਕਾਗੋ ਕਬੱਡੀ ਕੱਪ ਤੇ ਵਾਲੀਬਾਲ ਮੁਕਾਬਲੇ
ਨਾਮੀ ਕਬੱਡੀ ਟੀਮਾਂ ਦੇ ਮੁਕਾਬਲੇ ਹੋਣਗੇ
3 ਜੁਲਾਈ
2022
ਸਥਾਨ: ਬਸੀ ਵੁੱਡਜ਼, ਐਲਕ ਗਰੋਵ ਵਿਲੇਜ
ਬੱਚਿਆਂ ਦੀਆਂ ਖੇਡਾਂ ਕਰਵਾਈਆਂ ਜਾਣਗੀਆਂ, ਹਿੱਸਾ ਲੈਣ ਵਾਲੇ ਬੱਚਿਆਂ ਨੂੰ ਮੈਡਲ ਦਿੱਤਾ ਜਾਵੇਗਾ
ਅੰਮ੍ਰਿਤ ਮਾਨ
ਸਤਵਿੰਦਰ ਸੱਤੀ
ਵਾਲੀਬਾਲ ਦੇ ਇਨਾਮ ਢੀਂਡਸਾ ਪਰਿਵਾਰ ਵਲੋਂ ਸਵਰਗੀ ਮਿਹਰ ਸਿੰਘ ਢੀਂਡਸਾ ਦੀ ਯਾਦ 'ਚ
ਮੁੱਖ ਮਹਿਮਾਨ
ਚੇਅਰਮੈਨ
ਅਮਰਜੀਤ ਢੀਂਡਸਾ
ਲਖਬੀਰ ਢੀਂਡਸਾ
ਹਰਦੀਪ ਸਿੰਘ ਭੱਟੀ (ਸਾਬਕਾ ਚੇਅਰਮੈਨ)
ਜਿੰਦਰ ਬੈਨੀਪਾਲ ਸਾਬਕਾ ਪ੍ਰਧਾਨ
ਕਾਬਲ ਸਿੰਘ ਭੁੱਲਰ ਸਾਬਕਾ ਪ੍ਰਧਾਨ
Sharan Kaur CEO, Singh Financing
Ph: 832-604-6905
F 800-886-4082
SINGH FINANCING
www.singhfinancing.com
10206 Fairbanks N. Houston Rd.Houston, TX 77064
Invoice Factoring Services
ਖਾਣ-ਪੀਣ ਦਾ ਖੁੱਲ੍ਹਾ ਪ੍ਰਬੰਧ ਸਿੰਘ ਫਾਈਨਾਂਸਿੰਗ ਵਲੋਂ
ਮੁਫਤ ਪਾਰਕਿੰਗ
ਬੀਬੀਆਂ ਲਈ ਫਰੀ ਮਹਿੰਦੀ
ਰੱਸਾਕਸ਼ੀ ਦੇ ਮੁਕਾਬਲੇ ਵੀ ਹੋਣਗੇ
ਬਲਜੀਤ ਟਿਵਾਣਾ ਪ੍ਰਧਾਨ
ਦੀਪਇੰਦਰ ਸਿੰਘ ਵਿਰਕ ਮੀਤ ਪ੍ਰਧਾਨ
ਕਲੱਬ ਮੈਂਬਰ
ਜਿੰਦੀ ਖੰਗੂੜਾ
ਜਸਵਿੰਦਰ ਗਿੱਲ
ਵਿੱਕੀ ਸ਼ੰਮੀਪੁਰੀਆ
ਗਗਨ ਬਾਜਵਾ
ਗੋਲਡੀ ਲਾਲੀ
ਕਮਲਜੀਤ ਘੁਮਾਣ
ਸੁਖਰਾਜ ਸਿੰਘ ਤੱਖਰ
ਧਰਮਿੰਦਰ ਜਸਵਾਲ
ਹਨੀ ਖੰਗੂੜਾ
ਹਰਪ੍ਰੀਤ ਗਿੱਲ
ਹਰਬੰਤ ਗਰੇਵਾਲ
ਹਰਜਿੰਦਰ ਸਮਰਾ
ਇੰਦਰਜੀਤ ਸਿੰਘ
ਜਗਜੀਤ ਨਾਹਲ
ਸੁਖਦੀਪ ਸਿੰਘ
ਜਸਪ੍ਰੀਤ ਮਠਾੜੂ
ਸੋਨੂੰ ਸਹੋਤਾ
ਨੰਨਾ ਸਹੋਤਾ
ਓਂਕਾਰ ਸਹੋਤਾ
ਜਗਦੀਸ਼ ਸੰਧੂ
ਜੱਸੀ ਸਹੋਤਾ
ਸੁਖਵੀਰ ਉੱਪਲ
ਲਖਵਿੰਦਰ ਬਿਹਾਰੀਪੁਰੀਆ
ਮਨਜੀਤ ਸਿੰਘ
ਮਨਮੋਹਨ ਸਿੰਘ ਭੱਠਲ
ਸੁਰਿੰਦਰ ਭੱਟੀ
ਹਰਕਮਲਦੀਪ ਸਿੰਘ
ਗੁਰਜੀਤ ਸੰਧੂ
ਪਰਮਿੰਦਰ ਸਿੰਘ
ਪਿੰਦੀ ਛੀਨਾ
ਸ਼ੇਰਾ ਖਾਂਬੜਾ
ਗੁਰਪਾਲ ਸੰਧੂ
ਜੋਤੀ ਸਹੋਤਾ
ਸੁਰਜੀਤ ਸਿੰਘ ਡੀ ਸੀ
ਬੰਟੀ ਕਨੋਸ਼ਾ
ਯਾਦਵਿੰਦਰ ਗਿੱਲ
ਨਵਜੋਤ ਸਿੰਘ
ਜਗਦੀਪ ਬਰਿਆਣਾ
ਮਨਦੀਪ ਨਿੱਝਰ
ਪਾਲੀ ਧਾਲੀਵਾਲ
ਗੋਖੀ ਸੇਖੋਂ
ਗੋਗਾ ਘੁਮਾਣ
ਮਿੰਦਰ ਭੱਠਲ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਵਿੱਕੀ ਸ਼ੰਮੀਪੁਰੀਆ 215-917-9885
ਬਲਜੀਤ ਟਿਵਾਣਾ 773-469-9384
ਜਤਿੰਦਰ ਖੰਗੂੜਾ 224-381-2830
ਜਿੰਦੀ ਖੰਗੂੜਾ 847-529-1464
ਜਗਜੀਤ ਨਾਹਲ 224-678-4900
ਓਂਕਾਰ ਸਹੋਤਾ 708-745-1815
ਕਾਬਲ ਸਿੰਘ ਭੁੱਲਰ 847-732-9813
ਜੱਸੀ ਗਿੱਲ 773-759-0433
ਲੱਖਾ ਬਿਹਾਰੀਪੁਰ 630-706-0925

## ਕਬੱਡੀ ਦਾ ਪਹਿਲਾ ਇਨਾਮ




ਕਬੱਡੀ ਦਾ ਪਹਿਲਾ ਇਨਾਮ ਸਵ. ਸਰਪੰਚ ਇੰਦਰ ਸਿੰਘ ਦੀ ਯਾਦ ਵਿਚ ਖਾਸਰੀਆ ਪਰਿਵਾਰ ਵਲੋਂ:-



ਹਰਜਿੰਦਰ ਸਿੰਘ ਜਿੰਦੀ | ਅਰਵਿੰਦਰ ਸਿੰਘ ਬੂਟਾ | ਭੁਪਿੰਦਰ ਸਿੰਘ ਟਿੰਕਾ

## ਕਬੱਡੀ ਦੇ ਦੂਜੇ ਇਨਾਮ ਦੇ ਸਪਾਂਸਰ

ਸਵ. ਮੇਜਰ ਸਿੰਘ ਮੌਜੀ
ਅਤੇ
ਸੰਤੋਖ ਸਿੰਘ ਖਹਿਰਾ
ਦੀ ਯਾਦ ਵਿਚ



ਡਾ. ਹਰਜਿੰਦਰ ਸਿੰਘ ਖਹਿਰਾ | ਹੈਪੀ ਸਿੰਘ ਹੀਰ | ਜਸਕਰਨ ਸਿੰਘ ਧਾਲੀਵਾਲ

## ਕਬੱਡੀ ਦੇ ਤੀਜੇ ਇਨਾਮ ਦੇ ਸਪਾਂਸਰ



ਗੁਰਸਾਹਿਬ ਸਿੰਘ ਤੂਰ | ਗੁਰਦੀਪ ਤੂਰ | ਗੈਰੀ ਤੂਰ | ਸਤੀਸ਼ ਭਾਰਦਵਾਜ | ਸਤਪਾਲ ਬੈਂਸ | ਕੁਲਜੀਤ ਗਿਲਜੀਆਂ

ਕਬੱਡੀ ਦਾ ਤੀਜਾ ਇਨਾਮ ਤੂਰ ਅਤੇ ਭਾਰਦਵਾਜ ਪਰਿਵਾਰ ਵਲੋਂ

## ਵਿਸ਼ੇਸ਼ ਮਹਿਮਾਨ



ਜਸਵਿੰਦਰ ਸਿੰਘ ਪੁਰੇਵਾਲ | ਮਨਪ੍ਰੀਤ ਜਿੰਮੀ ਲਸੋਈ | ਬੱਬੂ ਐਪਲਟਨ | ਸੁਖਵੀਰ ਨਾਰੀਕੇ | ਦੀਦਾਰ ਸਿੰਘ ਧਨੋਆ | ਭੁਪਿੰਦਰ ਸਿੰਘ ਸੋਚੀ



ਅਵਤਾਰ ਸਿੰਘ | ਜਥੇਦਾਰ ਤਾਰਾ ਸਿੰਘ ਸੱਲ੍ਹਾਂ | ਬਲਦੇਵ ਸਿੰਘ ਸੱਲ੍ਹਾਂ | ਗੁਰਮੀਤ ਸਿੰਘ ਸੱਲ੍ਹਾਂ | ਸਰਬਜੀਤ ਸਿੰਘ ਸੱਲ੍ਹਾਂ | ਪਰਮਿੰਦਰ ਸਿੰਘ ਗਰੇਵਾਲ



ਸਨੀ ਧਾਮੀ | ਬੱਬੂ ਧਾਮੀ

ਚੌਥੀ ਟੀਮ ਦੇ ਸਪਾਂਸਰ
(ਧਾਮੀ ਟਰਾਂਸਪੋਰਟ)



ਬੈਸਟ ਰੇਡਰ ਦਾ ਇਨਾਮ ਸਵ. ਡੁੰਮਣ ਸਿੰਘ ਟਿਵਾਣਾ ਦੀ ਯਾਦ ਵਿਚ ਟਿਵਾਣਾ ਪਰਿਵਾਰ ਵਲੋਂ

ਬੈਸਟ ਸਟਾਪਰ ਦਾ ਇਨਾਮ ਸਮਰਾ ਪਰਿਵਾਰ ਬਿਲੋਇਟ, ਵਿਸਕਾਨਿਸਨ ਵਲੋਂ

## ਗੈਸਟ ਆਫ ਆਨਰਜ਼



ਨੋਨਾ ਗਰੇਵਾਲ | ਗੁਰਿੰਦਰਜੀਤ ਸਿੰਘ ਗਰੇਵਾਲ | ਬਲਦੇਵ ਸਿੰਘ ਗਿੱਲ | ਗੁਰਵੀਰ ਖੰਗੂੜਾ | ਸੋਨੀ ਹਿਊਸਟਨ | ਬਿਕਰਮ ਸਿੱਧੂ | ਸੰਨੀ ਸ਼ੇਰਗਿੱਲ | ਹਨੀ ਢਿੱਲੋਂ | ਸੁੱਖੀ ਸਿੰਘ | ਰਣਬੀਰ ਸਿੰਘ ਧਾਲੀਵਾਲ | ਨਰੇਸ਼ ਖਟਾਣਾ | ਬੀ ਸੀ ਟਰੱਕਿੰਗ ਐਂਡ ਕਵਾਲਿਟੀ ਲਿਕਰਜ਼ | ਗੁਰਮਿੰਦਰ ਪੰਡਾ


## ਗੋਲਡ ਸਪਾਂਸਰ



ਗੁਰਚਰਨ ਸਿੰਘ ਝੱਜ | ਹਰਕਿਸ਼ਨ ਸਿੰਘ ਭੱਟੀ | ਜੈਦੇਵ ਸਿੰਘ ਭੱਠਲ | ਲਖਵੀਰ ਸਿੰਘ ਸਹੋਤਾ | ਬਲਵਿੰਦਰ ਸਿੰਘ | ਚਰਨ ਸਿੰਘ ਛੀਨਾ | ਪਰਮਿੰਦਰ ਗਿੱਲ ਗੋਲਡੀ | ਸੁਖਵਿੰਦਰ ਸਿੰਘ ਘੱਗਰ | ਰਣਦੀਪ ਪਾਲ ਰਿੰਕੂ | ਸਤਪਾਲ ਸੱਤਾ | ਬਿਕਰਮਜੀਤ ਸਿੰਘ ਸੇਖੋਂ | ਜਸਜੀਤ ਸਿੰਘ ਸਿੱਧੂ




ਲੱਕੀ ਸਪਰਾ ਬੇਕਰਜ਼ਫੀਲਡ | ਰਿੰਪੀ ਖੱਟੜਾ | ਕੁਲਦੀਪ ਸਿੰਘ ਲੰਗ | ਧਰਮਿੰਦਰ ਖੱਟੜਾ | ਸਰਬਜੀਤ ਸਿੰਘ ਸਿੱਧੂ | ਬੌਬੀ ਖੱਟੜਾ | ਹਰਿੰਦਰ ਟਿਵਾਣਾ | ਸੱਤਾ ਖੱਟੜਾ | ਮਨਦੀਪ ਸਿੰਘ ਭੁਰਾ | ਰਾਜਿੰਦਰ ਸਿੰਘ ਬੈਂਸ | ਸਤਵਿੰਦਰ ਸੱਤਾ | ਲਵ ਮਿਨਹਾਸ | ਰਾਣਾ ਸਿੰਘ ਵਿਰਕ



ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਅਹੁਦੇਦਾਰ | ਸੰਤੋਖ ਸਿੰਘ ਡੀ. ਸੀ. | ਪਰਮਿੰਦਰ ਵਾਲੀਆ | ਭੁਪਿੰਦਰ ਸਿੰਘ ਧਾਲੀਵਾਲ | ਰਛਪਾਲ ਖੰਗੂੜਾ | ਚਰਨਜੀਤ ਸਮਰਾ | ਰਵੀ ਹੇਝਰਾ | ਦਪਿੰਦਰ ਸਿੰਘ ਧਾਲੀਵਾਲ | ਗੁਰਲਾਲ ਸਿੰਘ ਭੱਠਲ | ਅਮਰੀਕ ਸਿੰਘ ਸ਼ਿਕਾਗੋ | ਤਾਲੀ ਭੱਠਲ

# ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ

## ਸਿਲਵਰ ਸਪਾਂਸਰ



ਮਨਜੀਤ ਸਹੋਤਾ, ਸਤਵੀਰ ਬਾਠ, ਜਸਪਾਲ ਅਟਵਾਲ, ਜਸਵਿੰਦਰ ਅਟਵਾਲ, ਖੜਕ ਸਿੰਘ, ਸੰਦੀਪ ਸਹੋਤਾ, ਕੁਮਾਰ (ਮੁੰਨਾ ਟੀ ਐਂਡ ਟੀ ਰਿਪੇਅਰ), ਸ਼ਿੰਦਾ ਮੱਲ੍ਹੀ, ਰਣਜੀਤ ਸਿੰਘ ਬਾਜਵਾ, ਅਰਸ਼ਦੀਪ ਭੋਗਲ



ਬਚਨ ਸਿੰਘ ਗਿੱਲ, ਲਾਲੀ ਸਿੱਧੂ, ਕੁਲਵੰਤ ਢਿੱਲੋਂ, ਪਰਮਜੀਤ ਮਹਿਰਾਜ, ਕੰਵਰਵੀਰ ਸਿੰਘ ਕੇਪੀ, ਗੁਰਦੇਵ ਸਿੰਘ ਜੌੜਾ, ਲਖਵੀਰ ਸਿੰਘ ਭੁੱਲਰ, ਕੁਲਵੰਤ ਸੁੰਨਰ, ਕੁਲਵਿੰਦਰ ਬੱਬੀ, ਮੌਂਟੀ ਸਿੰਘ, ਸੁੱਖਾ ਬੱਲ



ਕੁਲਵਿੰਦਰ ਗਿੱਲ, ਮਨਜਿੰਦਰ ਬੈਨੀਪਾਲ, ਸੁਖਬੀਰ ਸੋਹੀ, ਅਜੀਤਪਾਲ ਸਿੰਘ ਬੈਨੀਪਾਲ, ਇੰਦਰਜੀਤ ਗਰੇਵਾਲ, ਸਨੀ ਗਿੱਲ, ਅਭੀ ਜ਼ੈਲਦਾਰ, ਰਿਪਨ ਜ਼ੈਲਦਾਰ, ਲਖਵਿੰਦਰ ਸਿੰਘ, ਮੁਕੰਦ ਸਿੰਘ ਮਾਂਗਟ, ਮਨਪ੍ਰੀਤ ਸਿੱਧੂ, ਵਿਕ ਬਾਵਾ



ਭਿੰਦਰ ਪੰਮਾ, ਹਰਭਜਨ ਸਿੰਘ ਚਾਹਲ, ਆਗਿਆਪਾਲ ਚਾਹਲ, ਸੁਖਵੰਤ ਪਹਿਲਵਾਨ, ਲੱਕੀ ਸਿੰਘ ਮਿਲਵਾਕੀ, ਬਲਜਿੰਦਰ ਲਾਲੀ, ਦਿਲਬਾਗ ਅਤੇ ਪ੍ਰਿਤਪਾਲ ਸੰਧਰ, ਸੁੱਖਾ ਬੈਂਸ, ਸਰਬਜੀਤ ਸਿੰਘ ਐਲ ਏ, ਨੇਕਾ ਖਾਂਬਰਾ, ਗੁਰਚਰਨ ਝਾਵਰ



ਸੁਖਵੀਰ ਸਿੰਘ ਗਿੱਲ, ਬਲਵੀਰ ਸਿੰਘ ਝਾਵਰ, ਲਖਵੰਤ ਸਿੰਘ ਕੋਮਲ, ਰਣਜੀਤ ਸਿੰਘ, ਕਿਰਪਾਲ ਸਿੰਘ, ਰਵਿੰਦਰ ਸਿੰਘ ਰਵੀ, ਸੁੱਖਾ ਧਾਲੀਵਾਲ, ਇੰਦੂ ਗਾਖਲ, ਤੇਜਵੀਰ ਸੰਧੂ, ਹਰਿੰਦਰ ਸਿੰਘ ਰਾਣਾ, ਬਲਵਿੰਦਰ ਸਿੰਘ ਵਿਰਕ, ਸੋਨੀ ਔਜਲਾ



ਕੁਲਵੰਤ ਸਿੰਘ ਨਾਗਰਾ, ਗੁਰਮੇਲ ਸਿੰਘ ਅਟਵਾਲ, ਚਰਨ ਸਿੰਘ ਨਾਗਰਾ, ਸਰਵਣ ਸਿੰਘ ਟਿਵਾਣਾ, ਦਰਸ਼ਨ ਸਿੰਘ ਬਸਰਾਓ, ਬਲਜਿੰਦਰ ਰਾਏ, ਰਾਣਾ ਕੰਗ, ਅਜੁਧਿਆ ਸਲਵਾਨ, ਸੋਨੀ ਸਹੋਤਾ ਸਿਆਟਲ, ਮਨਜੀਤ ਸਿੰਘ, ਪ੍ਰਦੀਪ ਸਲਵਾਨ



ਖੱਟੜਾ ਪਰਿਵਾਰ



ਹਰਿੰਦਰ ਸਿੱਧੂ, ਮਿੱਤਾ ਸਮਾਣਾ, ਰਾਣਾ ਆਨੰਦਪੁਰ ਸਾਹਿਬ, ਰੌਬੀ ਸੇਖੋਂ, ਅਵਤਾਰ ਕਲੇਰ, ਸੁਰਨਪ੍ਰੀਤ ਸਿੰਘ, ਜੋਧ ਸਿੰਘ ਸਿੱਧੂ




ਗੁਰਦੁਆਰਾ ਸਾਹਿਬਾਨ ਦੀਵਾਨ ਐਵੇਨਿਊ ਸ਼ਿਕਾਗੋ ਅਤੇ ਪੈਲਾਟਾਈਨ, ਵਲੋਂ ਵਿਸ਼ੇਸ਼ ਸਹਿਯੋਗ

**SERVING WISCONSIN & ILLINOIS STATE**




JESSE SINGH
Ph: 847-606-3664


E-Mail: J.SINGH@REMAX.COM, WEBSITE: JSINGH.REMAX.COM
REMAX SHOWCASE, LONG GROVE, IL 60060



ਫਰੀ ਪੀਜ਼ੇ ਦੀ ਸੇਵਾ

# Shere Punjab Sports and Cultural Club, Chicago

## ਸਿਲਵਰ ਸਪਾਂਸਰ



ਕਰਨ ਗਾਖਲ | ਰਵਿੰਦਰ ਗਾਖਲ | ਮਨੀ ਧਾਲੀਵਾਲ | ਰਾਣਾ ਸੇਖੋਂ | ਸਤੀਸ਼ ਖਟਾਣਾ | ਜਗਤਾਰ ਗਾਖਲ | ਹਨੀ ਮਾਨ | ਨਵਜੋਤ ਗਾਖਲ | ਸੰਦੀਪ ਢਿੱਲੋਂ | ਹੈਪੀ ਗਰੇਵਾਲ



ਡਾ. ਵਿਕਰਮ ਸਿੰਘ ਗਿੱਲ | ਗੁਰਪ੍ਰੀਤ ਸਿੱਧੂ | ਸੀਤਾ ਬੱਲ | ਸਵ. ਸੰਦੀਪ ਧਾਲੀਵਾਲ | ਜੱਸੀ ਖਹਿਰਾ | ਗੁਰਪ੍ਰੀਤ ਤੂਰ | ਮੇਜਰ ਸਿੰਘ ਹਿਊਸਟਨ | ਦੀਪਕ ਸਿੰਘ ਰਾਏ | ਪਾਲ ਸੰਘਾ | ਹਰਜਿੰਦਰ ਸਿੰਘ ਓਹਾਇਓ | ਅਜੈਬ ਸਿੰਘ ਸੰਧੂ




ਮਨਜੀਤ ਸਿੰਘ | ਹੈਪੀ ਸਿੰਘ | ਲਵਦੀਪ ਸਿੰਘ ਦੁੱਲਤ | ਨਰਿੰਦਰ ਸਿੰਘ ਸਰਾਂ | ਰਜਿੰਦਰ ਸਿੰਘ ਦਿਆਲ | ਹਰਵਿੰਦਰ ਸਿੰਘ ਬਿੱਲਾ | ਹਰਦੀਪ ਸਿੰਘ ਗਿੱਲ | ਅੰਮ੍ਰਿਤਪਾਲ ਸਿੰਘ ਸੰਘਾ | ਗੁਰਮੀਤ ਸਿੰਘ ਭੋਲਾ | ਮਿੱਢਾ ਮਾਹਲਪੁਰੀਆ | ਗੁਰਪ੍ਰੀਤ ਸਿੰਘ ਗੇਹਲਣ



ਹਰਕੀਰਤ ਸਿੰਘ ਸੰਧੂ | ਲਖਬੀਰ ਸਿੰਘ ਸੰਧੂ | ਹਰਜੀਤ ਸਿੰਘ ਗਿੱਲ | ਜੈਰਾਮ ਸਿੰਘ ਕਾਹਲੋਂ | ਮੱਖਣ ਸਿੰਘ ਕਲੇਰ | ਦਾਰਾ ਸਿੰਘ | ਤਰਲੋਚਨ ਸਿੰਘ ਮੁਲਤਾਨੀ | ਭਰਪੂਰ ਸਿੰਘ | ਅੱਛਰ ਸਿੰਘ | ਜਰਨੈਲ ਸਿੰਘ ਗਰੇਵਾਲ | ਯਾਦਵਿੰਦਰ ਸਿੰਘ ਗਰੇਵਾਲ | ਗੁਰਮੁਖ ਸਿੰਘ ਭੁੱਲਰ



ਸੁਖਪ੍ਰੀਤ ਸਿੰਘ ਬੱਲ | ਸੁਵਿੰਦਰ ਸਿੰਘ | ਲਵਦੀਪ ਸਿੰਘ | ਮਨੀ ਦਾਤਲਾ | ਨਵਪ੍ਰੀਤ ਸਿੰਘ ਬਾਜਵਾ | ਜਰਨੈਲ ਸਿੰਘ ਰਾਏ | ਰਵੀ ਦਾਤਲਾ | ਹੈਪੀ | ਸੁਲਤਾਨ | ਬੱਲੀ ਚੱਠਾ | ਸਾਬੀ ਧੀਰ | ਗੋਰਾ



ਟੋਨੀ ਸੰਘੇੜਾ | ਹਰਜੀਤ ਸਿੰਘ | ਸਿਕੰਦਰ ਸਿੰਘ ਬਿੱਟੂ | ਨਿਧਾਨ ਸਿੰਘ | ਤਾਰੀ | ਦਰਸ਼ਨ ਸਿੰਘ | ਗੁਲਜ਼ਾਰ ਵਿਰਕ | ਸਨੀ ਕੁਲਾਰ | ਰੰਮੀ ਗਰੇਵਾਲ | ਪ੍ਰਭਜੋਤ ਘੁੰਮਣ | ਰਾਜ ਬੋਪਾਰਾਏ | ਗੁਰਮੁਖ ਸਿੰਘ



ਹੈਰੀ ਗਿੱਲ | ਮਨਜਿੰਦਰ ਮੰਨਾ | ਜਿੰਪੀ ਸਰਪੰਚ | ਅਰੁਨਦੀਪ ਫਰਿਜ਼ਨੋ | ਗੁਰਪ੍ਰੀਤ ਗੁਰੀ | ਸਤਨਾਮ ਸਿੱਧੂ | ਦਮਨ ਅਤੇ ਤਨੂ ਵਿਰਕ | ਜਥੇਦਾਰ ਚਰਨ ਸਿੰਘ | ਸਵ. ਪ੍ਰਿਤਪਾਲ ਸਿੰਘ ਗਿੱਲ ਅਤੇ ਸ. ਰਣਧੀਰ ਸਿੰਘ ਵਿਰਕ



# ਚੋਣਵੇਂ ਕਬੱਡੀ ਖਿਡਾਰੀ: ਅਮਰਜੀਤ ਸਨ੍ਹੇਰਵੀ

ਪੰਜਾਬੀ ਖੇਡ ਸਾਹਿਤ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਸਾਡੀ ਦੋਸਤੀ ਹੈ
ਸੁਰਖ ਸਵੇਰਿਆਂ ਦੇ ਨਾਲ
ਸਾਡਾ ਵੈਰ ਸਦਾ ਕਾਲਿਆਂ
ਹਨ੍ਹੇਰਿਆਂ ਦੇ ਨਾਲ
ਅਸੀਂ ਸੂਰਜਾਂ ਦੇ ਬੇਲੀ
ਅਸੀਂ ਅੰਬਰਾਂ ਦੇ ਹਾਣੀ
ਸਾਡੀ ਤੋਰ ਦੀ ਰਵਾਨੀ
ਕਿਸੇ ਵਿਰਲੇ ਪਛਾਣੀ
ਜਾਈਏ ਮੰਜ਼ਿਲਾਂ ਦੇ ਵੱਲੀਂ
ਵੱਡੇ ਜੇਰਿਆਂ ਦੇ ਨਾਲ
ਅਸੀਂ ਧੁੱਪ ਦੀਆਂ ਕਾਤਰਾਂ
ਲਿਆਉਣਾ ਲੋਚਦੇ
ਰਾਜ ਚੰਦਰੇ ਹਨ੍ਹੇਰੇ ਦਾ
ਮਿਟਾਉਣਾ ਲੋਚਦੇ
ਜਿਹੜਾ ਮੁੱਢ ਤੋਂ ਹੀ ਰਿਹਾ ਹੈ
ਲੁਟੇਰਿਆਂ ਦੇ ਨਾਲ
ਹੱਕ ਕਿਸੇ ਦਾ ਕਿਸੇ ਨੂੰ
ਅਸੀਂ ਖੋਹਣ ਨਹੀਂ ਦੇਣਾ
ਕਿਸੇ ਦੁਖੀ ਮਜ਼ਲੂਮ ਤਾਈਂ
ਰੋਣ ਨਹੀਂ ਦੇਣਾ
ਲਿਜਾਣ ਹੀਰ ਨੂੰ ਨੀ ਦੇਣਾ
ਅਸੀਂ ਖੇੜਿਆਂ ਦੇ ਨਾਲ
ਅਸੀਂ ਚਾਹੁੰਨੇ ਗੀਤ ਕੋਈ
ਬਿਨ ਆਈ ਨਾ ਮਰੇ
ਲਾਸ਼ ਆਪਣੇ ਹੀ ਖੂਨ ਵਿਚ
ਕਦੇ ਨਾ ਤਰੇ
ਖਹਿਣ ਗਿਰਝਾਂ ਨਾ ਸਾਡਿਆਂ
ਬਨੇਰਿਆਂ ਦੇ ਨਾਲ
ਅਮਰਜੀਤ ਅੱਗ ਲੱਗੇ ਕਿਤੇ
ਨਾ ਜਨੂੰਨ ਦੀ
ਕੋਈ ਭੁੱਲੇ ਨਾ ਪਛਾਣ
ਆਪਣੇ ਹੀ ਖੂਨ ਦੀ
ਲੰਘੇ ਔਧ ਸਾਡੀ ਹੱਸਦਿਆਂ
ਵਿਹੜਿਆਂ ਦੇ ਨਾਲ

1980 ਦੇ ਆਸ-ਪਾਸ ਉਭਰਦੇ ਕਵੀ ਅਮਰਜੀਤ ਸਨ੍ਹੇਰਵੀ ਦਾ ਲਿਖਿਆ ਇਹ ਗੀਤ ਗੁਰਸ਼ਰਨ ਭਾਅ ਜੀ ਨੇ 'ਸਰਦਲ' ਵਿਚ ਛਾਪਿਆ ਸੀ ਜੋ ਉਹਦੇ ਨਾਟਕਾਂ ਤੇ ਇਨਕਲਾਬੀ ਸਟੇਜਾਂ 'ਤੇ ਗਾਇਆ ਜਾਂਦਾ ਰਿਹਾ। ਉਦੋਂ ਕਿਸੇ ਦੇ ਖ਼ਾਬ ਖ਼ਿਆਲ ਵਿਚ ਵੀ ਨਹੀਂ ਸੀ ਕਿ ਉਹ ਆਪਣੇ ਇਲਾਕੇ ਦੇ ਚੋਣਵੇਂ ਕਬੱਡੀ ਖਿਡਾਰੀਆਂ ਬਾਰੇ ਪੁਸਤਕ ਲਿਖੇਗਾ ਤੇ ਖੇਡ ਲੇਖਕ ਵੱਜੇਗਾ। ਉਹਦਾ ਜਨਮ ਉੱਚੇ ਟਿੱਬਿਆਂ ਵਾਲੇ ਪਿੰਡ ਝੋਟੀ ਵਾਲਾ, ਜ਼ਿਲ੍ਹਾ ਫਰੀਦਕੋਟ ਵਿਖੇ ਆਪਣੇ ਨਾਨਕੇ ਘਰ ਹੋਇਆ ਸੀ। ਉਸ ਦੇ ਪਿਤਾ ਸ. ਗੁਰਦਿਆਲ ਸਿੰਘ ਤੇ ਮਾਤਾ ਸ੍ਰੀਮਤੀ ਮੁਖਤਿਆਰ ਕੌਰ ਸਨ। ਉਹਦਾ ਬਚਪਨ ਤਹਿਸੀਲ ਜ਼ੀਰਾ ਦੇ ਇਤਿਹਾਸਕ ਪਿੰਡ ਸਨ੍ਹੇਰ ਦੀਆਂ ਬੀਹੀਆਂ ਵਿਚ ਲੁਕਣ-ਮੀਚੀ ਤੇ ਰੌੜਾਂ ਵਿਚ ਕੌਡ ਕਬੱਡੀ ਖੇਡਦਿਆਂ ਬੀਤਿਆ। ਦਸਵੀਂ ਤਕ ਪੜ੍ਹਦਿਆਂ ਉਸ ਨੇ ਹਰ ਸਾਲ ਛੁੱਟੀਆਂ 'ਚ ਨਾਨਕੀਂ ਜਾਣਾ ਜਿੱਥੇ ਊਠ 'ਤੇ ਬੈਠ ਕੇ ਝੂਟੇ ਲੈਣੇ ਤੇ ਖੇਤਾਂ ਦੇ ਨਜ਼ਾਰੇ ਤੱਕਣੇ। ਨਾਨਕੀਂ ਏਨਾ ਜੀਅ ਲੱਗਣਾ ਕਿ ਦੋ ਮਹੀਨਿਆਂ ਦੀਆਂ ਛੁੱਟੀਆਂ ਬਹਿੰਦੇ ਮੁੱਕ ਜਾਣੀਆਂ। ਹਾਣੀਆਂ ਨਾਲ ਖੇਡਦਿਆਂ ਟਿੱਬਿਆਂ 'ਤੇ ਲਿਟਣਾ ਤੇ ਪਤਾ ਹੀ ਨਾ ਲੱਗਣਾ ਕਦੋਂ ਰਾਤ ਪੈ ਜਾਣੀ ਤੇ ਕਦੋਂ ਦਿਨ ਚੜ੍ਹ ਜਾਣਾ? ਬਚਪਨ ਦੀਆਂ ਉਨ੍ਹਾਂ ਖੇਡਾਂ ਦੇ ਰੁਮਾਂਸ ਨੇ ਹੀ ਉਸ ਨੂੰ ਖੇਡ ਸਾਹਿਤ ਲਿਖਣ ਦੀ ਚੇਟਕ ਲਾਈ।

ਹੁਣ ਤਕ ਉਸ ਦੀਆਂ ਚਾਰ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਤਿੰਨ ਪੁਸਤਕਾਂ ਬਾਲ ਸਾਹਿਤ ਨਾਲ ਸੰਬੰਧਤ ਹਨ ਤੇ ਇਕ ਖੇਡ ਸਾਹਿਤ ਨਾਲ। ਬਾਲ ਸਾਹਿਤ ਨਾਲ ਸੰਬੰਧਤ ਬਾਲ ਗੀਤ ਤੇ ਨਰਸਰੀ ਗੀਤ ਹਨ, ਜਿਨ੍ਹਾਂ ਦੇ ਨਾਂ 'ਮਹਿਕਾਂ ਵੰਡਦੇ ਫੁੱਲ', 'ਸਿੰਮੀ ਦਾ ਮੈਡਲ' ਤੇ 'ਕੀੜੀ ਦਾ ਵਾਜਾ' ਹਨ। ਖਿਡਾਰੀਆਂ ਬਾਰੇ ਲਿਖੀ ਪੁਸਤਕ ਦਾ ਨਾਂ 'ਚੋਣਵੇਂ ਕਬੱਡੀ ਖਿਡਾਰੀ' ਹੈ। ਉਸ ਦੀਆਂ ਨਜ਼ਮਾਂ ਤੇ ਗਜ਼ਲਾਂ ਦੀ ਗਿਣਤੀ ਦਰਜਨਾਂ ਵਿਚ ਹੈ ਜੋ ਕਵੀਆਂ ਦੇ ਸਾਂਝੇ ਕਾਵਿ ਸੰਗ੍ਰਹਿਆਂ ਵਿਚ ਛਪੀਆਂ ਹਨ। ਉਸ ਨੇ ਲਿਖਿਆ, 'ਸਕੂਲ ਦੇ ਸਰਟੀਫਿਕੇਟ ਮੁਤਾਬਕ ਮੇਰਾ ਜਨਮ 01 ਮਈ, 1956 ਨੂੰ ਹੋਇਆ। ਵਿਰਾਸਤ ਵਿਚ ਆਈ ਥੋੜ੍ਹੀ ਜਿਹੀ ਜ਼ਮੀਨ ਨਾਲ ਗੁਜ਼ਾਰਾ ਕਰਨਾ ਮੁਸ਼ਕਲ ਸੀ। ਉਨ੍ਹਾਂ ਦਿਨਾਂ ਵਿਚ ਖੂਹਾਂ ਨਾਲ ਹੀ ਫਸਲਾਂ ਨੂੰ ਪਾਣੀ ਲੱਗਦਾ ਸੀ ਜਦਕਿ ਨਹਿਰੀ ਪਾਣੀ ਨਾਮਾਤਰ ਸੀ। ਉਨ੍ਹਾਂ ਸਮਿਆਂ ਵਿਚ ਕੁੱਝ ਇਕ ਵੱਡੇ ਘਰਾਂ ਨੂੰ ਛੱਡ ਕੇ ਬਾਕੀ ਸਾਰੇ ਪਿੰਡ ਦੀ ਆਈ ਚਲਾਈ ਹੀ ਮਸੀਂ ਚਲਦੀ ਸੀ। ਏਸੇ ਕਰਕੇ 1972 ਵਿਚ ਜਦੋਂ ਮੈਂ ਜੀਵਨ ਮੱਲ ਸਰਕਾਰੀ ਸਕੂਲ ਜ਼ੀਰਾ ਤੋਂ ਦਸਵੀਂ ਪਾਸ ਕੀਤੀ ਤਾਂ ਮੈਨੂੰ ਆਰਥਿਕ ਤੰਗੀ ਕਰਕੇ ਕਾਲਜ ਵਿਚ ਨਾ ਪੜ੍ਹਾਇਆ ਗਿਆ ਜਦਕਿ ਸਰਕਾਰੀ ਕਾਲਜ ਜ਼ੀਰਾ ਸਾਡੇ ਪਿੰਡ ਸਨ੍ਹੇਰ ਤੋਂ ਸਿਰਫ ਦੋ ਕਿਲੋਮੀਟਰ ਦੀ ਦੂਰੀ 'ਤੇ ਹੀ ਸੀ। ਮੇਰਾ ਬਾਪ ਚਾਹੁੰਦਾ ਸੀ ਕਿ ਮੈਨੂੰ ਕੋਈ ਨੌਕਰੀ ਮਿਲ ਜਾਵੇ ਤਾਂ ਜੋ ਆਰਥਿਕ ਪੱਖੋਂ ਘਰ ਦੀ ਕੁੱਝ ਮਦਦ ਹੋ ਸਕੇ। ਬਹੁਤ ਹੀਲੇ ਕੀਤੇ ਪਰ ਗੱਲ ਕਿਸੇ ਸਿਰੇ ਨਾ ਲੱਗੀ। ਫਿਰ ਔਖੇ ਸੌਖੇ ਮੈਂ ਬੀਏ ਵੀ ਕਰ ਲਈ ਪਰ ਨੌਕਰੀ ਨਾ ਮਿਲੀ। 1980 ਵਿਚ ਖੰਡ ਮਿੱਲ ਜ਼ੀਰਾ ਚਾਲੂ ਹੋਈ ਤਾਂ 1982 ਵਿਚ ਮੈਨੂੰ ਖੰਡ ਮਿੱਲ ਜ਼ੀਰਾ 'ਚ ਕਲਰਕ ਦੀ ਸੀਜ਼ਨਲ ਨੌਕਰੀ ਮਿਲ ਗਈ। ਨੌਕਰੀ ਕਰਦਿਆਂ ਪੀ.ਜੀ.ਡੀ.ਸੀ.ਏ. ਦਾ ਕੋਰਸ ਪਾਸ ਕੀਤਾ। ਫਿਰ ਨੌਕਰੀ ਪੱਕੀ ਕਰਵਾਉਣ ਅਤੇ ਵਰਕਰਾਂ ਦੀਆਂ ਜਾਇਜ਼ ਮੰਗਾਂ ਮਨਵਾਉਣ ਲਈ ਕਰੜਾ ਸੰਘਰਸ਼ ਕਰਨਾ ਪਿਆ। ਵਰਕਰ ਐਕਸ਼ਨ ਕਮੇਟੀ ਵਿਚ ਮੈਂ ਕਈ ਵਾਰ ਮੋਹਰੀ ਰੋਲ ਅਦਾ ਕੀਤਾ। ਪੰਜਾਬ ਦੀਆਂ ਖੰਡ ਮਿੱਲਾਂ ਦੇ ਕਰਮਚਾਰੀਆਂ ਨੂੰ ਪੰਜਾਬ ਗਰੇਡ ਦਿਵਾਉਣ ਲਈ ਅਕਤੂਬਰ 1996 ਵਿਚ ਚੰਡੀਗੜ੍ਹ ਦੇ ਸੈਕਟਰ 17 ਵਿਚ ਸ਼ੂਗਰਫੈੱਡ ਪੰਜਾਬ ਦੇ ਦਫਤਰ ਮੂਹਰੇ ਪੱਕਾ ਧਰਨਾ ਲਾਉਣਾ ਪਿਆ ਤੇ ਇੱਕ ਮਹੀਨਾ ਬੁੜੈਲ ਜੇਲ੍ਹ ਦੀਆਂ ਸੜੀਆਂ ਰੋਟੀਆਂ ਵੀ ਖਾਣੀਆਂ ਪਈਆਂ।

2001 ਵਿਚ ਛਪੀ ਪੁਸਤਕ 'ਚੋਣਵੇਂ ਕਬੱਡੀ ਖਿਡਾਰੀ' ਦੇ ਆਰੰਭ ਵਿਚ ਉਹ ਲਿਖਦਾ ਹੈ ਕਿ ਮੈਨੂੰ ਬਚਪਨ ਤੋਂ ਹੀ ਕਬੱਡੀ, ਹਾਕੀ ਤੇ ਵਾਲੀਬਾਲ ਦੀ ਖੇਡ ਨਾਲ ਬਹੁਤ ਪ੍ਰੇਮ ਸੀ। ਰੇਡੀਓ ਤੋਂ ਹਾਕੀ ਦੇ ਮੈਚਾਂ ਦੀ ਕੁਮੈਂਟਰੀ ਬਹੁਤ ਸੁਣਦਾ ਸਾਂ। ਘਰਦਿਆਂ ਨੇ ਕਈ ਵਾਰ ਗੁੱਸੇ ਵੀ ਹੋਣਾ ਪਰ ਪੂਰੇ ਮੈਚ ਦੀ ਕੁਮੈਂਟਰੀ ਸੁਣ ਕੇ ਹੀ ਹਟਣਾ। ਫੁੱਲ ਬੈਕ ਸੁਰਜੀਤ ਸਿੰਘ ਦੀ ਧੜੱਲੇਦਾਰ ਖੇਡ ਦਾ ਮੈਂ ਬਹੁਤ ਪ੍ਰਸ਼ੰਸਕ ਸੀ। ਉਹਦਾ ਮੈਚ ਦੇਖਣ ਲਈ ਮੈਂ ਇੱਕ ਵਾਰ ਜਲੰਧਰ ਸਪੈਸ਼ਲ ਗਿਆ। ਸਾਹਿਤ ਸਭਾਵਾਂ ਵਿਚ ਵੀ ਜਾਣ ਲੱਗਾ। ਪਹਿਲਾਂ ਪਹਿਲ ਮੇਰੀਆਂ ਗ਼ਜ਼ਲਾਂ ਅਖ਼ਬਾਰਾਂ ਵਿਚ ਛਪਣ ਲੱਗੀਆਂ। ਫਿਰ ਮੇਰੀ ਥੋੜ੍ਹੀ ਬਹੁਤ ਪਛਾਣ ਬਣਨੀ ਸ਼ੁਰੂ ਹੋ ਗਈ। ਇਹ ਗੱਲ 1979-80 ਦੀ ਹੈ। ਮੈਂ ਪੰਜਾਬੀ ਸਾਹਿਤ ਸਭਾ ਜ਼ੀਰਾ ਅਤੇ ਸਾਹਿਤ ਵਿਚਾਰ ਮੰਚ ਮੋਗਾ ਦੀਆਂ ਮੀਟਿੰਗਾਂ ਵਿਚ ਲਾਜ਼ਮੀ ਜਾਂਦਾ। ਓਥੇ ਮਹਿੰਦਰ ਸਾਥੀ ਨਾਲ ਮੇਲ ਹੋਇਆ ਜੋ ਉਸ ਦੇ ਸੰਸਾਰ ਤੋਂ ਚਲੇ ਜਾਣ ਤੱਕ ਨਿਭਿਆ। ਉਹਦੀ ਗ਼ਜ਼ਲ ਤੇ ਕਵਿਤਾ ਮੈਨੂੰ ਬਹੁਤ ਚੰਗੀ ਲੱਗਣੀ। ਅਸੀਂ ਆਰਥਿਕ ਤੰਗੀ ਵਿਚੋਂ ਗੁਜ਼ਰਦਿਆਂ ਵੀ ਉਸ ਨੇ ਆਪਣੀ ਜ਼ਮੀਰ ਜਾਗਦੀ ਰੱਖੀ ਤੇ ਕਿਸੇ ਦਾ ਝੋਲੀ ਚੁੱਕ ਨਹੀਂ ਬਣਿਆ। ਉਸਦੀ ਇਸੇ ਗੱਲ ਕਰਕੇ ਸਾਡੀ ਮਿੱਤਰਤਾ ਬਣੀ ਰਹੀ। ਮੈਂ ਖੰਡ ਮਿੱਲ ਦੀ ਨੌਕਰੀ ਕਰਦਿਆਂ ਗੁਰਸ਼ਰਨ ਭਾਅਜੀ ਦੇ ਨਾਟਕ ਜ਼ੀਰੇ ਦੇ ਬਹੁਤ ਸਾਰੇ ਪਿੰਡਾਂ ਵਿਚ ਕਰਵਾਏ। ਅਗਾਂਹਵਧੂ ਸਟੇਜਾਂ 'ਤੇ ਵਿਚਰਦਿਆਂ ਅਤੇ ਮਹਿੰਦਰ ਸਾਥੀ ਦਾ ਸਾਥ ਮਾਣਦਿਆਂ 'ਅੰਬਰਾਂ ਦੇ ਹਾਣੀ' ਗੀਤ ਨੇ ਜਨਮ ਲਿਆ ਜਿਸਨੂੰ ਗੁਰਸ਼ਰਨ ਭਾਅਜੀ ਦੀ ਟੀਮ ਵੱਲੋਂ ਸਟੇਜਾਂ 'ਤੇ ਗਾਇਆ ਜਾਂਦਾ ਰਿਹਾ। ਨੌਕਰੀ ਤੋਂ ਰਿਟਾਇਰ ਹੋ ਕੇ ਹੁਣ ਮੈਂ ਤੇ ਕਈ ਹੋਰ ਸਾਥੀ ਸਮਾਜ ਸੇਵਾ ਦੇ ਕੰਮਾਂ 'ਚ ਲੱਗੇ ਹੋਏ ਹਾਂ। ਇਸ ਵੇਲੇ ਪਾਣੀ ਬਚਾਉਣ ਦੀ ਅਤੇ ਵੱਧ ਤੋਂ ਵੱਧ ਦਰਖਤ ਲਾਉਣ ਦੀ ਲੋੜ ਹੈ। ਇਸ ਪ੍ਰਤੀ ਲੋਕਾਂ ਨੂੰ ਜਾਗਰੂਕ ਕਰ ਰਹੇ ਹਾਂ ਤੇ ਆਪ ਵੀ ਅਮਲ ਕਰ ਰਹੇ ਹਾਂ। ਕਿਸਾਨ ਜਥੇਬੰਦੀਆਂ ਜਾਂ ਮੁਲਾਜ਼ਮਾਂ ਦੇ ਸਾਂਝੇ ਧਰਨਿਆਂ ਵਿਚ ਹਾਜ਼ਰੀ ਭਰ ਆਈਦੀ ਹੈ। ਗੁਰਮੀਤ ਕੜਿਆਲਵੀ ਦੀ ਪ੍ਰਧਾਨਗੀ ਵਾਲੇ ਮਹਿੰਦਰ ਸਾਥੀ ਯਾਦਗਾਰੀ ਮੰਚ ਮੋਗਾ ਦੀ ਕਾਰਜਕਾਰੀ ਕਮੇਟੀ ਦਾ ਮੈਂਬਰ ਹਾਂ ਅਤੇ ਟਰੇਡ ਯੂਨੀਅਨ ਕੌਂਸਲ ਜ਼ੀਰਾ ਦੇ ਮੀਤ ਸਕੱਤਰ ਦੇ ਅਹੁਦੇ 'ਤੇ ਕੰਮ ਕਰ ਰਿਹਾ ਹਾਂ। ਉਸ ਦੀ ਖੇਡ ਪੁਸਤਕ ਦਾ ਮੁੱਖ ਬੰਦ ਡਾ. ਜਗੀਰ ਸਿੰਘ ਖੀਵਾ ਨੇ ਲਿਖਿਆ ਹੈ:

**ਜਵਾਨ ਪੰਜਾਬ ਦੇ**

ਜਦੋਂ ਪੰਜਾਬੀ ਦਾ ਅਲਬੇਲਾ ਸ਼ਾਇਰ ਪ੍ਰੋ: ਪੂਰਨ ਸਿੰਘ 'ਜਵਾਨ ਪੰਜਾਬ ਦੇ' ਕਵਿਤਾ ਵਿਚ ਪੰਜਾਬ ਦੇ ਜਵਾਨਾਂ ਦੇ ਖੁੱਲ੍ਹੇ-ਡੁੱਲ੍ਹੇ ਸੁਭਾਅ, ਸਡੌਲ ਸਰੀਰ ਅਤੇ ਉੱਚੇ ਆਚਰਨ ਦੀ ਵਡਿਆਈ ਕਰਦਾ ਹੈ ਜਾਂ ਪੰਜਾਬੀ ਦਾ ਮਹਾਨ ਕਵੀ ਧਨੀ ਰਾਮ ਚਾਤ੍ਰਿਕ ਆਪਣੀ ਨਜ਼ਮ 'ਐ ਪੰਜਾਬ ਕਰਾਂ ਕੀ ਸਿਫਤ ਤੇਰੀ' ਵਿਚ ਪੰਜਾਬ ਦੀ ਭੂਗੋਲਕ, ਇਤਿਹਾਸਕ ਅਤੇ ਸਭਿਆਚਾਰਕ ਵਿਲੱਖਣਤਾ ਦੀਆਂ ਸਿਫਤਾਂ ਕਰਦਾ ਹੈ ਤਾਂ ਉਹ ਕੋਈ ਅਤਿਕਥਨੀ ਨਹੀਂ ਕਰ ਰਹੇ ਹੁੰਦੇ ਸਗੋਂ ਹਕੀਕਤ ਹੀ ਬਿਆਨ ਕਰਦੇ ਹਨ। ਨਿਸ਼ਚੇ ਹੀ ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ ਵਰਗੀਆਂ ਇਤਿਹਾਸਕ ਪ੍ਰਸਥਿਤੀਆਂ ਨੇ ਚੱਟਾਨਾਂ ਵਰਗੀ ਦ੍ਰਿੜਤਾ ਤੇ ਸ਼ੇਰਾਂ ਵਰਗੀ ਦਲੇਰੀ ਪ੍ਰਦਾਨ ਕਰਨ ਦੇ ਨਾਲ 'ਖਾਧਾ ਪੀਤਾ ਲਾਹੇ ਦਾ, ਰਹਿੰਦਾ ਅਹਿਮਦਸ਼ਾਹੇ ਦਾ' ਵਰਗੀ ਸੋਚ ਦੀ ਪੈਦਾ ਕੀਤੀ ਹੈ। ਉਹਦੇ ਫਲਸਰੂਪ ਮੜਕ ਨਾਲ ਤੁਰਨਾ ਤੇ ਅਣਖ ਨਾਲ ਜਿਉਣਾ ਪੰਜਾਬੀਆਂ ਦੀ ਜੀਵਨ ਜਾਚ ਬਣ ਗਈ। ਨੱਚਣ-ਕੁੱਦਣ ਮਨ ਕਾ ਚਾਓ ਬਣ ਗਿਆ, ਜੀਵਨ ਇੱਕ ਅਖਾੜਾ ਤੇ ਜ਼ਿੰਦਗੀ ਇੱਕ ਖੇਡ ਬਣ ਗਈ। ਸਰੂਆਂ ਵਰਗੇ ਕੱਦ ਤੇ ਪਰਬਤਾਂ ਵਰਗੇ ਜੁੱਸੇ ਵੱਖ-ਵੱਖ ਤਰ੍ਹਾਂ ਦੀਆਂ ਖੇਡਾਂ ਨਾਲ ਪਰਚਣ ਲੱਗੇ। ਇਨ੍ਹਾਂ ਖੇਡਾਂ ਵਿਚੋਂ ਹੀ ਕਬੱਡੀ ਇਨ੍ਹਾਂ ਦੀ ਮਨਭਾਉਂਦੀ ਖੇਡ ਬਣ ਗਈ। ਬੱਸ ਫੇਰ ਕੀ ਸੀ ਪੰਜਾਬੀਆਂ ਨੇ ਕਬੱਡੀ ਵਿਚ ਅਜਿਹੀਆਂ ਧੁੰਮਾਂ ਪਾਈਆਂ ਕਿ ਕਬੱਡੀ ਦਾ ਨਾਮ ਪੰਜਾਬੀਆਂ ਨਾਲ ਸਦਾ ਲਈ ਜੁੜ ਗਿਆ। ਪੰਜਾਬ ਦੇ ਲੋਕਾਂ ਨੇ ਇਸ ਖੇਡ ਨੂੰ ਆਪਣਾ ਜੀਵਨ ਅੰਗ ਬਣਾ ਲਿਆ ਜਿਸਦੇ ਫਲਸਰੂਪ ਬਲਵਿੰਦਰ ਫਿੱਡਾ ਤੇ ਹਰਜੀਤ ਬਾਜਾਖਾਨਾ ਵਰਗੇ ਖਿਡਾਰੀ ਉੱਭਰ ਕੇ ਸਾਹਮਣੇ ਆਏ ਜਿਨ੍ਹਾਂ ਨੇ ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬ ਦਾ ਨਾਂ ਚਮਕਾਇਆ। ਸਾਡੇ ਬਹੁਤੇ ਪੰਜਾਬੀ ਲੇਖਕਾਂ ਦਾ ਧਿਆਨ ਕਵਿਤਾਵਾਂ, ਕਹਾਣੀਆਂ ਲਿਖਣ ਵੱਲ ਹੀ ਲੱਗਾ ਹੋਇਆ ਹੈ। ਪ੍ਰਿੰ: ਸਰਵਣ ਸਿੰਘ ਵਰਗੇ ਵਿਰਲੇ ਖੇਡ ਲੇਖਕ ਹੀ ਹਨ ਜੋ ਖੇਡ ਜਗਤ ਵੱਲ ਧਿਆਨ ਦੇ ਰਹੇ ਹਨ। ਉਨ੍ਹਾਂ ਦੀਆਂ ਲਿਖਤਾਂ ਤੋਂ ਪ੍ਰੇਰਿਤ ਹੋ ਕੇ ਨੌਜਵਾਨ ਲੇਖਕ ਅਮਰਜੀਤ ਸਨ੍ਹੇਰਵੀ ਇਸ ਪਾਸੇ ਕਿਰਿਆਸ਼ੀਲ ਹੋਇਆ ਹੈ ਜਿਸ ਦਾ ਪ੍ਰਮਾਣ ਉਸਦੀ ਪੁਸਤਕ 'ਚੋਣਵੇਂ ਕਬੱਡੀ ਖਿਡਾਰੀ' ਹੈ। ਖੇਡ ਸਾਹਿਤ ਵਿਚ ਉਸਦਾ ਇਹ ਨਰੋਆ ਤੇ ਨਿੱਗਰ ਉੱਦਮ ਹੈ। ਇਸ ਪੁਸਤਕ ਵਿਚ ਉਸਨੇ ਆਪਣੇ ਇਲਾਕੇ ਦੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਮੱਲਾਂ ਮਾਰਨ ਵਾਲੇ ਵੀਹ ਕੁ ਕਬੱਡੀ ਖਿਡਾਰੀਆਂ ਦੇ ਰੇਖਾ ਚਿੱਤਰ ਲਿਖੇ ਹਨ। ਲੇਖਕ ਪਾਸ ਸਾਹਿਤਕ ਸ਼ੈਲੀ ਹੈ ਤੇ ਪਛਾਣਣ ਵਾਲੀ ਦ੍ਰਿਸ਼ਟੀ ਹੈ। ਪੰਜਾਬ ਦੀ ਧਰਤੀ ਨੂੰ ਇਹ ਮਾਣ ਹਾਸਲ ਹੈ ਕਿ ਇਸਦੇ ਜਾਇਆਂ ਨੇ ਬਹੁਤ ਸਾਰੇ ਖੇਤਰਾਂ ਵਿਚ ਜ਼ਿਕਰਯੋਗ ਪ੍ਰਾਪਤੀਆਂ ਕਰ ਕੇ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਜਿੱਥੇ ਪੰਜਾਬੀ ਕਿਸਾਨਾਂ ਨੇ ਦੇਸ਼ ਲਈ ਅਨਾਜ ਦੇ ਭੰਡਾਰ ਭਰ ਕੇ ਅੰਨਦਾਤਾ ਬਣਨ ਦਾ ਰੁਤਬਾ ਹਾਸਲ ਕੀਤਾ ਹੈ ਉਥੇ ਹੀ ਪੰਜਾਬੀ ਜਵਾਨਾਂ ਨੇ ਸਰਹੱਦਾਂ ਦੀ ਰਾਖੀ ਕਰ ਕੇ ਆਪਣੀ ਤਾਕਤ ਦਾ ਲੋਹਾ ਮਨਵਾਇਆ ਹੈ। ਇਸੇ ਤਰ੍ਹਾਂ ਹੀ ਖੇਡਾਂ ਦੇ ਖੇਤਰ ਵਿਚ ਵੀ ਜਿੰਨੇ ਕੁ ਅਵਸਰ ਪੰਜਾਬੀਆਂ ਨੂੰ ਮਿਲੇ ਹਨ ਜੇ ਉਨ੍ਹਾਂ ਦਾ ਮੁਲਾਂਕਣ ਕਰੀਏ ਤਾਂ ਪੰਜਾਬ ਦੀ ਜਵਾਨੀ 'ਤੇ ਮਾਣ ਕਰਨਾ ਬਣਦਾ ਹੈ। ਪੇਸ਼ ਹੈ ਰਾਜੂ ਭਲਵਾਨ ਦਾ ਰੇਖਾ ਚਿੱਤਰ:

**ਧੱਕੜ ਧਾਵੀ ਹਰਬੰਸ ਸਿੰਘ ਰਾਜੂ**

ਲੁਹਾਰੇ ਦੇ ਖੇਡ ਮੇਲੇ ਵਿਚ ਜਦੋਂ ਮੈਂ ਮੋਗਾ ਅਤੇ ਲੁਧਿਆਣਾ ਜ਼ਿਲ੍ਹਿਆਂ ਦੇ ਚਾਲੀ ਸਾਲਾ ਕਬੱਡੀ ਖਿਡਾਰੀਆਂ ਦੇ ਸ਼ੋਅ ਮੈਚ ਦੀ ਕੁਮੈਂਟਰੀ ਕਰ ਕੇ ਸਟੇਜ ਤੋਂ ਥੱਲੇ ਉੱਤਰਿਆ ਤਾਂ ਇਕ ਪੰਜਾਹ ਕੁ ਸਾਲਾਂ ਦਾ ਵਿਅਕਤੀ ਮੈਨੂੰ ਪੁੱਛਣ ਲੱਗਾ, "ਬਾਈ ਜੀ ਸੰਤੂਵਾਲੇ ਦਾ ਰਾਜੂ ਕੀ ਕਰਦੈ ਹੁਣ? ਕਦੇ ਵੇਖਿਆ ਨਈਂ ਹੁਣ ਉਹਨੂੰ ਖੇਡਦਿਆਂ...।"

ਉਸ ਬੰਦੇ ਦੇ ਅਣਜਾਣਪੁਣੇ ਵਾਲਾ ਸੁਆਲ ਸੁਣ ਕੇ ਮੈਂ ਅਚੰਭੇ 'ਚ ਪੈ ਗਿਆ। ਸੋਚਿਆ ਕਿ ਹੁਣ ਇਸਨੂੰ ਕੀ ਜਵਾਬ ਦੇਵਾਂ?ਦੋ ਤਿੰਨ ਮਿੰਟ ਸਸ਼ੋਪੰਜ 'ਚ ਪਏ ਰਹਿਣ ਪਿੱਛੋਂ ਮੈਂ ਕਿਹਾ, "ਭਰਾਵਾ ਰਾਜੂ ਹੁਣ ਇਸ ਸੰਸਾਰ ਵਿਚ ਨਹੀਂ ਰਿਹਾ।"

ਮੇਰੀ ਗੱਲ ਸੁਣ ਕੇ ਉਸ ਨੇ ਹਉਕਾ ਲਿਆ ਤੇ ਬੋਲਿਆ, "ਇਹ ਤਾਂ ਬਹੁਤ ਮਾੜਾ ਹੋਇਆ।" ਤੇ ਫੇਰ ਮੇਰੇ ਮੋਢੇ 'ਤੇ ਹੱਥ ਰੱਖ ਕੇ ਕਹਿਣ ਲੱਗਾ, "ਬਾਈ ਜੀ ਐਹੋ ਜਿਹੇ ਦਰਸ਼ਨੀ ਜਵਾਨ ਘਰ-ਘਰ ਨੀਂ ਜੰਮਦੇ। ਮੈਂ ਬਹੁਤ ਸਾਰੇ ਮੇਲਿਆਂ 'ਚ ਉਹਨੂੰ ਖੇਡਦਿਆਂ ਵੇਖਿਐ...ਅਗਲੇ ਦੀ ਨਿਸ਼ਾ ਕਰਾ ਦਿੰਦਾ ਸੀ ਮਾਂ ਦਾ ਪੁੱਤ!" ਉਹਦੀ ਗੱਲ ਸੁਣ ਕੇ ਮੇਰੀਆਂ ਅੱਖਾਂ ਅੱਗੇ ਖਰਾਸਦੇ ਪੁੜ ਵਰਗੀ ਛਾਤੀ ਤੇ ਗੇਲੀਆਂ ਵਰਗੇ ਪੱਟਾਂ ਵਾਲੇ ਹਰਬੰਸ ਸਿੰਘ ਰਾਜੂ ਦੇ ਖੇਡ ਮੇਲਿਆਂ ਵਿਚ ਖੇਡੇ ਮੈਚਾਂ ਦੇ ਦ੍ਰਿਸ਼ ਫਿਲਮ ਦੀ ਰੀਲ ਵਾਂਗ ਘੁੰਮਣ ਲੱਗੇ। ਉਨ੍ਹਾਂ ਦ੍ਰਿਸ਼ਾਂ 'ਚ ਰਾਜੂ ਦਾ ਥਾਪੀ ਮਾਰ ਕੇ ਅਤੇ ਮੁਸਕੜੀਏ ਹੱਸ ਕੇ ਕਬੱਡੀ ਪਾਉਣ ਦਾ ਦ੍ਰਿਸ਼ ਵੀ ਸ਼ਾਮਿਲ ਸੀ ਤੇ ਤਕੜੇ ਜਾਫੀ ਤੋਂ ਅੰਕ ਲੈ ਕੇ ਦੋਹਾਂ ਹੱਥਾਂ ਦੀਆਂ ਦੋ ਉਂਗਲਾਂ ਉਤਾਂਹ ਨੂੰ ਖੜ੍ਹੀਆਂ ਕਰ ਕੇ ਭੰਗੜਾ ਪਾਉਂਦੇ ਹੋਏ ਹੰਢਿਆਂ ਵੱਲ ਨੂੰ ਆਉਣ ਦਾ ਦ੍ਰਿਸ਼ ਵੀ। ਸੱਚ ਗੱਲ ਹੈ,ਰਾਜੂ ਧਾਵੀ ਨਹੀਂ ਕਿਸੇ ਨੇ ਬਣ ਜਾਣਾ ਘਰ ਘਰ ਪੁੱਤ ਜੰਮਦੇ!


ਉਪਰੋਕਤ ਘਟਨਾ ਤੋਂ ਮੇਰੇ ਮਨ ਵਿਚ ਰਾਜੂ ਦੇ ਜੀਵਨ ਅਤੇ ਉਸਦੀ ਖੇਡ ਬਾਰੇ ਕੁੱਝ ਸਾਰਥਕ ਲਿਖਣ ਦੀ ਭਾਵਨਾ ਨੇ ਜਨਮ ਲਿਆ। ਅਖ਼ਬਾਰਾਂ ਵਿਚ ਉਸ ਬਾਰੇ ਪਹਿਲਾਂ ਹੀ ਬੜਾ ਕੁੱਝ ਛਪ ਚੁੱਕਿਆ ਸੀ ਇਸ ਲਈ ਮੈਂ ਰਾਜੂ ਬਾਰੇ ਲਿਖਣਾ ਕਿਸੇ ਹੋਰ ਸਮੇਂ ਲਈ ਰਾਖਵਾਂ ਰੱਖ ਲਿਆ। ਜਦ ਖਿਡਾਰੀਆਂ ਬਾਰੇ ਪੁਸਤਕ 'ਚੋਣਵੇਂ ਕਬੱਡੀ ਖਿਡਾਰੀ' ਲਿਖਣ ਦਾ ਵਿਚਾਰ ਬਣਿਆ ਤਾਂ ਰਾਜੂ ਸੰਤੂਵਾਲੇ ਬਾਰੇ ਪੂਰੀ ਜਾਣਕਾਰੀ ਇਕੱਤਰ ਕਰਨੀ ਜ਼ਰੂਰੀ ਸੀ। ਇੱਕ ਦਿਨ ਜਦ ਮੈਂ ਤੇ ਉਸੇ ਪਿੰਡ ਦੇ ਗੁਰਤੇਜ ਸਿੰਘ ਪਟਵਾਰੀ ਕਬੱਡੀ ਦੇ ਇਸ ਧਨੰਤਰ ਧਾਵੀ ਦੇ ਘਰ ਗਏ ਤਾਂ ਅੱਗੋਂ ਉਸਦੇ ਨਾਲ ਹੀ ਜਾਫੀ ਦੇ ਤੌਰ 'ਤੇ ਧਾਂਕ ਜਮਾਉਣ ਵਾਲਾ ਕੋਕਰੀ ਕਲਾਂ ਦਾ ਦਰਸ਼ਨ ਸਿੰਘ ਵੀ ਮਿਲ ਗਿਆ ਜਿਸ ਕੋਲੋਂ ਰਾਜੂ ਬਾਰੇ ਹੋਰ ਵੀ ਬਹੁਤ ਸਾਰੀਆਂ ਗੱਲਾਂ ਦਾ ਪਤਾ ਲੱਗਾ। ਉਸਦੀ ਪਤਨੀ ਪਰਮਜੀਤ ਕੌਰ ਤੇ ਬੱਚਿਆਂ ਦੀ ਹਾਜ਼ਰੀ ਵਿਚ ਰਾਜੂ ਬਾਰੇ ਲੋੜੀਂਦੀ ਜਾਣਕਾਰੀ ਇਕੱਤਰ ਕਰਨ ਤੋਂ ਬਾਅਦ ਆਪਣੀ ਸਮਰੱਥਾ ਮੁਤਾਬਿਕ ਇਹ ਲੇਖ ਖੇਡ ਪਾਠਕਾਂ ਦੀ ਸੱਥ ਵਿਚ ਪੇਸ਼ ਕਰਨ ਦੀ ਖੁਸ਼ੀ ਲੈ ਰਿਹਾਂ।

ਤਹਿਸੀਲ ਜ਼ੀਰਾ ਦੇ ਪਿੰਡ ਸੰਤੂਵਾਲਾ ਵਿਚ ਸ. ਬਾਬੂ ਸਿੰਘ ਦੇ ਗ੍ਰਹਿ ਵਿਖੇ ਸ੍ਰੀਮਤੀ ਬਸੰਤ ਕੌਰ ਦੀ ਕੁੱਖੋਂ 28 ਜੁਲਾਈ 1953 ਨੂੰ ਜਨਮੇ ਹਰਬੰਸ ਸਿੰਘ ਦਾ ਬਚਪਨ ਦਾ ਨਾਂ ਜਦੋਂ ਰਾਜੂ ਪੱਕ ਗਿਆ ਤਾਂ ਉਸ ਵੇਲੇ ਕਿਸੇ ਨੂੰ ਇਹ ਨਹੀਂ ਪਤਾ ਸੀ ਕਿ ਦੋ ਅੱਖਰਾਂ ਦੇ ਛੋਟੇ ਜਿਹੇ ਨਾਮ ਵਾਲਾ ਇਹ ਬਾਲ ਵੱਡਾ ਹੋ ਕੇ ਪੰਜਾਬ, ਭਾਰਤ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਧਰਤੀ ਧੱਕ ਧਾਵੀ ਦੇ ਤੌਰ 'ਤੇ ਜਾਣਿਆ ਜਾਵੇਗਾ। ਰਾਜੂ ਨੂੰ ਕਬੱਡੀ ਖੇਡਣ ਦਾ ਸ਼ੌਕ ਬਚਪਨ ਵਿਚ ਹੀ ਲੱਗ ਗਿਆ ਸੀ। ਹੱਡਾਂ ਪੈਰਾਂ ਦਾ ਮੋਕਲਾ ਰਾਜੂ ਪ੍ਰਾਇਮਰੀ ਸਕੂਲ 'ਚ ਪੜ੍ਹਦਿਆਂ ਹੀ ਇਲਾਕੇ ਦੇ 65 ਸਕੂਲਾਂ ਦੀ ਚੋਣਵੀਂ ਕਬੱਡੀ ਟੀਮ ਦਾ ਕੈਪਟਨ ਬਣਿਆ ਜਿਸ ਨਾਲ ਜਿੱਤਾਂ ਦਾ ਦੌਰ ਸ਼ੁਰੂ ਹੋਇਆ। ਜੀਵਨ ਮੱਲ ਸਰਕਾਰੀ ਸਕੂਲ ਜ਼ੀਰਾ ਤੋਂ ਦਸਵੀਂ ਪਾਸ ਕਰਨ ਉਪਰੰਤ 1970 ਵਿਚ ਆਰ.ਐਸ.ਡੀ. ਕਾਲਜ ਫਿਰੋਜ਼ਪੁਰ ਵਿਚ ਪੜ੍ਹਿਆ ਤੇ 1971 ਵਿਚ ਸਰਕਾਰੀ ਕਾਲਜ ਜ਼ੀਰਾ ਵਿਚ ਦਾਖ਼ਲ ਹੋ ਗਿਆ। ਫੇਰ ਆਪਣੀ ਚੰਗੀ ਖੇਡ ਸਦਕਾ ਹੀ ਸਪੋਰਟਸ ਕਾਲਜ ਜਲੰਧਰ ਚਲਾ ਗਿਆ। ਉਹ ਜ਼ੀਰੇ ਕਾਲਜ ਵਿਚ ਪੜ੍ਹਦਿਆਂ 1973-74 ਵਿਚ ਸਰਕਾਰੀ ਕਾਲਜ ਜ਼ੀਰਾ ਦੀ ਕਬੱਡੀ ਟੀਮ ਦਾ ਕਪਤਾਨ ਬਣ ਗਿਆ ਸੀ। ਜ਼ੋਨ ਜਿੱਤਣ ਉਪਰੰਤ ਪੰਜਾਬ ਯੂਨੀਵਰਸਿਟੀ ਦੇ ਲੀਗ ਮੁਕਾਬਲਿਆਂ ਵਿਚ ਇਸ ਕਾਲਜ ਦੀ ਟੀਮ ਨੂੰ ਉੱਪ ਜੇਤੂ ਬਣਾਉਣ ਲਈ ਰਾਜੂ ਨੇ ਅਹਿਮ ਰੋਲ ਅਦਾ ਕੀਤਾ ਸੀ। 1975-76 ਵਿਚ ਵੀ ਇਹੋ ਪੁਜ਼ੀਸ਼ਨ ਬਰਕਰਾਰ ਰੱਖੀ। ਸਪੋਰਟਸ ਕਾਲਜ ਜਲੰਧਰ ਵਿਚ ਪੜ੍ਹਦਿਆਂ 130 ਕਿੱਲੋਗਰਾਮ ਵਰਗ ਦੇ ਵੇਟਲਿਫਟਿੰਗ ਮੁਕਾਬਲੇ ਵਿਚ ਉਸ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ। 1978 ਵਿਚ ਬੀ. ਏ. ਕਰਨ ਬਾਅਦ ਉਹ ਪਿੰਡ ਸੰਤੂਵਾਲੇ ਦੀ ਕਬੱਡੀ ਟੀਮ ਬਣਾ ਕੇ ਇਲਾਕੇ ਵਿਚ ਹੁੰਦੇ ਖੇਡ ਮੇਲਿਆਂ ਵਿਚ ਧੂੜਾਂ ਪੁੱਟਦਾ ਰਿਹਾ।

ਉਸਦੀ ਵਧੀਆ ਖੇਡ ਤੋਂ ਪ੍ਰਭਾਵਿਤ ਹੋ ਕੇ 1982 ਵਿਚ ਖੰਡ ਮਿੱਲ ਜ਼ੀਰਾ ਦੇ ਮੁੱਖ ਗੰਨਾ ਵਿਕਾਸ ਅਫਸਰ ਸ੍ਰੀ ਚੰਚਲ ਸਿੰਘ ਨੇ ਰਾਜੂ ਨੂੰ ਮਿੱਲ ਵਿਚ ਯਾਰਡ ਸੁਪਰਵਾਈਜ਼ਰ ਦੇ ਤੌਰ 'ਤੇ ਪੱਕਾ ਹੀ ਭਰਤੀ ਕਰ ਲਿਆ ਜਦਕਿ ਇਹ ਅਸਾਮੀ ਸੀਜ਼ਨਲ ਸੀ। ਖੰਡ ਮਿੱਲ ਜ਼ੀਰਾ ਵਿਚ ਨੌਕਰੀ ਕਰਦਿਆਂ ਕਬੱਡੀ ਦੇ ਖੇਤਰ ਵਿਚ ਰਾਜੂ ਨੇ ਮਾਣਮੱਤੀਆਂ ਪ੍ਰਾਪਤੀਆਂ ਕੀਤੀਆਂ। ਇਨ੍ਹਾਂ ਹੀ ਸਮਿਆਂ ਵਿਚ ਉਸਨੇ ਆਪਣੀ ਮਣਮੂੰਹੀਂ ਤਾਕਤ ਦਾ ਲੋਹਾ ਕੁੱਲ ਦੁਨੀਆ ਵਿਚ ਮੰਨਵਾਇਆ। 1983 ਵਿਚ ਜ਼ੀਰਾ ਵਿਖੇ ਸੈਪਸੋ ਵੱਲੋਂ ਟੂਰਨਾਮੈਂਟ ਕਰਵਾਇਆ ਗਿਆ ਤਾਂ ਰਾਜੂ ਦੀ ਕਪਤਾਨੀ ਹੇਠ ਖੰਡ ਮਿੱਲ ਜ਼ੀਰਾ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕਰ ਕੇ ਇਲਾਕੇ ਦਾ ਮਾਣ ਵਧਾਇਆ। ਨਵੰਬਰ 1983 ਵਿਚ ਮੰਡੀ ਕਲਾਂ ਵਿਖੇ ਇਸ ਟੀਮ ਨੇ ਸੈਪਸੋ ਵੱਲੋਂ ਖੇਡਦਿਆਂ 30ਵੀਂ ਪੰਜਾਬ ਕਬੱਡੀ ਚੈਂਪੀਅਨਸ਼ਿਪ ਜਿੱਤ ਕੇ ਆਪਣੀ ਧਾਂਕ ਜਮਾਈ ਤਾਂ ਰਾਜੂ ਹੁਰਾਂ ਦੀ ਚਾਰ ਚੁਫੇਰੇ ਬੱਲੇ-ਬੱਲੇ ਹੋ ਗਈ। 1985 ਵਿਚ ਰਾਏਕੋਟ ਦੇ ਖੇਡ ਮੇਲੇ 'ਚ ਖੰਡ ਮਿੱਲ ਜ਼ੀਰਾ ਦੀ ਟੀਮ ਨੇ ਰਾਜੂ ਦੀ ਕਪਤਾਨੀ ਹੇਠ ਪਟਿਆਲੇ ਨੂੰ 30 ਦੇ ਮੁਕਾਬਲੇ 35 ਅੰਕਾਂ ਨਾਲ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਤਾਂ ਮੇਲੇ ਦੇ ਪ੍ਰਬੰਧਕਾਂ ਨੇ ਕੋਈ ਹੋਰ ਤਸਵੀਰ ਅਖ਼ਬਾਰਾਂ ਨੂੰ ਭੇਜਣ ਦੀ ਥਾਂ ਖੰਡ ਮਿੱਲ ਜ਼ੀਰਾ ਦੀ ਪੂਰੀ ਟੀਮ ਦੀ ਫੋਟੋ ਅਖ਼ਬਾਰਾਂ ਨੂੰ ਭੇਜੀ ਜਦ ਕਿਸੇ ਪੁਰਾਣੇ ਖਿਡਾਰੀ ਕੋਲ ਅੱਜ ਵੀ ਉਨ੍ਹਾਂ ਅਖ਼ਬਾਰਾਂ ਦੀਆਂ ਕਟਿੰਗਜ਼ ਵੇਖੀਦੀਆਂ ਹਨ ਤਾਂ ਗੱਭਰੂਆਂ ਦੇ ਗੁੰਦਵੇਂ ਸਰੀਰ ਅਤੇ ਉੱਚੇ ਲੰਮੇ ਕੱਦ ਵੇਖ ਕੇ ਰੂਹ ਖ਼ੁਸ਼ ਹੋ ਜਾਂਦੀ ਹੈ। ਉਸ ਤਰ੍ਹਾਂ ਦੇ ਨਿੱਗਰ ਅਤੇ ਦਰਸ਼ਨੀ ਸਰੀਰਾਂ ਵਾਲੇ ਜਵਾਨ ਹੁਣ ਪੰਜਾਬ ਦੀ ਧਰਤੀ ਤੋਂ ਅਲੋਪ ਹੋ ਰਹੇ ਹਨ।

ਉਸਦੀ ਕਬੱਡੀ ਖੇਡ ਦਾ ਸਿਲਸਿਲਾ ਖੰਡ ਮਿੱਲ ਜ਼ੀਰਾ ਤੱਕ ਹੀ ਸੀਮਤ ਨਹੀਂ ਰਿਹਾ ਸਗੋਂ ਉਸਨੇ ਵਿਦੇਸ਼ਾਂ ਦੀ ਧਰਤੀ 'ਤੇ ਵੀ ਨਿਵੇਕਲੀਆਂ ਪੈੜਾਂ ਪਾਈਆਂ। 1984 ਵਿਚ ਖੇਡ ਪ੍ਰੇਮੀਆਂ ਦੇ ਸੱਦੇ 'ਤੇ ਇੰਗਲੈਂਡ ਗਿਆ ਤਾਂ ਨੀਲਾ ਤਾਰਾ ਅਪਰੇਸ਼ਨ ਹੋਣ ਕਰਕੇ ਮੈਚ ਨਾ ਹੋ ਸਕੇ। 1985 ਵਿਚ ਪਾਕਿਸਤਾਨ ਦੇ ਸ਼ਹਿਰ ਲਾਹੌਰ ਵਿਚ ਭਾਰਤੀ ਟੀਮ ਵੱਲੋਂ ਖੇਡਿਆ ਤਾਂ ਅਬਦੁੱਲਾ ਕੱਪ ਜਿੱਤ ਕੇ ਲਿਆਂਦਾ। ਉਸੇ ਸਾਲ ਹੀ ਬਾਰ ਕਿੰਗ ਲੰਡਨ ਦੀ ਸਿੰਘ ਸਭਾ ਦੇ ਸੱਦੇ 'ਤੇ ਇੰਗਲੈਂਡ ਵਿਚ ਖੇਡਣ ਦਾ ਮੌਕਾ ਮਿਲਿਆ ਤਾਂ ਉਥੇ ਵੀ ਧੰਨ-ਧੰਨ ਕਰਾਈ।

(ਬਾਕੀ ਅਗਲੇ ਸਫੇ 'ਤੇ)




ਅਮਰਜੀਤ ਸਨ੍ਹੇਰਵੀ

# ਭਗਤ ਸੈਣੁ ਜੀ

ਗੁਰੂ ਅਮਰਦਾਸ, ਤੀਸਰੀ ਨਾਨਕ ਜੋਤਿ ਨੇ ਰੱਬ ਦੇ ਭਗਤਾਂ ਅਤੇ ਭਗਤੀ ਬਾਰੇ ਫਰਮਾਇਆ ਹੈ ਕਿ ਪਰਮਾਤਮਾ ਆਪਣੇ ਭਗਤਾਂ ਦੀ ਇੱਜ਼ਤ ਆਪ ਰੱਖਦਾ ਹੈ ਅਤੇ ਹਮੇਸ਼ਾ ਰੱਖਦਾ ਆਇਆ ਹੈ। ਭਗਤ ਕੌਣ ਹੁੰਦਾ ਹੈ? ਇਸ ਬਾਰੇ ਖੁਲਾਸਾ ਕੀਤਾ ਹੈ ਕਿ ਭਗਤ ਉਹ ਹੁੰਦਾ ਹੈ ਜੋ ਗੁਰੂ ਦੇ ਦੱਸੇ ਰਸਤੇ 'ਤੇ ਚੱਲਦਾ ਹੈ ਅਤੇ ਉਸ ਰਸਤੇ 'ਤੇ ਚੱਲਦਿਆ ਭਗਤ ਬਣ ਜਾਂਦਾ ਹੈ, ਅਜਿਹਾ ਮਨੁੱਖ ਗੁਰੂ ਦੇ ਸ਼ਬਦ ਵਿਚ ਜੁੜ ਕੇ ਆਪਣੀ ਹਉਮੈ ਨੂੰ ਦੂਰ ਕਰਦਾ ਹੈ। ਹਉਮੈ ਪਰਮਾਤਮ-ਪ੍ਰੇਮ ਦੇ ਰਸਤੇ ਦਾ ਸਭ ਤੋਂ ਵੱਡਾ ਰੋੜਾ ਹੈ ਅਤੇ ਜਿਹੜਾ ਮਨੁੱਖ ਸ਼ਬਦ ਰਾਹੀਂ ਹਉਮੈ ਨੂੰ ਦੂਰ ਕਰ ਲੈਂਦਾ ਹੈ ਉਹ ਉਸ ਪਰਮਾਤਮਾ ਨੂੰ ਪਿਆਰਾ ਲੱਗ ਜਾਂਦਾ ਹੈ, ਜਿਸ ਦੀ ਸਿਫ਼ਤਿ-ਸਾਲਾਹ ਸਦਾ ਕਾਇਮ



ਡਾ. ਗੁਰਨਾਮ ਕੌਰ, ਕੈਨੇਡਾ

ਰਹਿਣ ਵਾਲੀ ਹੈ। ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਵਾਲੇ ਮਨੁੱਖ ਦਿਨ-ਰਾਤ ਪਰਮਾਤਮਾ ਦੀ ਸੱਚੀ ਭਗਤੀ ਕਰਦੇ ਹਨ, ਉਹ ਆਪ ਪਰਮਾਤਮਾ ਦੀ ਸੱਚੀ ਸਿਫ਼ਤਿ-ਸਾਲਾਹ ਵਾਲੀ ਬਾਣੀ ਉਚਾਰਦੇ ਹਨ ਅਤੇ ਦੂਸਰਿਆਂ ਨੂੰ ਵੀ ਉਸ ਦੀ ਸੋਝੀ ਕਰਾਉਂਦੇ ਹਨ। ਭਗਤਾਂ ਦੀ ਜੀਵਨ-ਜੁਗਤਿ ਵੀ ਸੱਚੀ, ਪਵਿੱਤਰ ਅਤੇ ਸੰਤੁਲਿਤ ਹੁੰਦੀ ਹੈ। ਉਹ ਪਰਮਾਤਮ-ਨਾਮ ਨਾਲ ਜੁੜੇ ਰਹਿੰਦੇ ਹਨ ਅਤੇ ਪਰਮਾਤਮਾ ਦੇ ਦਰ 'ਤੇ ਹਮੇਸ਼ਾ ਸੋਭਦੇ ਹਨ:

ਭਗਤ ਜਨਾ ਕੀ ਹਰਿ ਜੀਉ
ਰਾਖੈ ਜੁਗਿ ਜੁਗਿ ਰਖਦਾ ਆਇਆ ਰਾਮ॥
ਸੋ ਭਗਤੁ ਜੋ ਗੁਰਮੁਖਿ ਹੋਵੈ
ਹਉਮੈ ਸਬਦਿ ਜਲਾਇਆ ਰਾਮੁ॥
ਹਉਮੈ ਸਬਦਿ ਜਲਾਇਆ ਮੇਰੇ ਹਰਿ
ਭਾਇਆ ਜਿਸ ਦੀ ਸਾਚੀ ਬਾਣੀ॥
ਸਚੀ ਭਗਤਿ ਕਰਹਿ ਦਿਨੁ ਰਾਤੀ
ਗੁਰਮੁਖਿ ਆਖਿ ਵਖਾਣੀ॥
ਭਗਤਾ ਕੀ ਚਾਲ ਸਚੀ ਅਤਿ ਨਿਰਮਲ
ਨਾਮੁ ਸਚਾ ਮਨਿ ਭਾਇਆ॥
ਨਾਨਕ ਭਗਤ ਸੋਹਹਿ ਦਰਿ ਸਾਚੈ
ਜਿਨੀ ਸਚੋ ਸਚੁ ਕਮਾਇਆ॥1॥
(ਪੰ.768)

ਇਸ ਤੋਂ ਵੀ ਅੱਗੇ ਰਾਗੁ ਰਾਮਕਲੀ 'ਅਨੰਦੁ' ਬਾਣੀ ਵਿਚ ਦੱਸਦੇ ਹਨ ਕਿ ਭਗਤਾਂ ਦੀ ਚਾਲ ਅਰਥਾਤ ਉਨ੍ਹਾਂ ਦੀ ਸੋਚਣੀ, ਜੀਵਨ-ਚਲਣ ਨਿਰਾਲਾ ਭਾਵ ਵਿਲੱਖਣ ਹੁੰਦਾ ਹੈ, ਉਨ੍ਹਾਂ ਦੀ ਜੀਵਨ-ਜੁਗਤਿ ਆਮ ਲੋਕਾਈ ਨਾਲੋਂ ਵੱਖਰੀ ਕਿਸਮ ਦੀ ਹੁੰਦੀ ਹੈ। ਜਿਹੜੇ ਗੁਰੂ ਦੀ ਕਿਰਪਾ ਦੇ ਪਾਤਰ ਬਣ ਜਾਂਦੇ ਹਨ, ਉਨ੍ਹਾਂ ਦੇ ਜੀਵਨ ਦੀ ਚਾਲ ਆਮ ਸੰਸਾਰੀਆਂ ਨਾਲੋਂ ਅੱਡਰੀ ਹੁੰਦੀ ਹੈ। ਭਗਤੀ ਦਾ ਰਸਤਾ ਕਠਿਨ ਹੈ। ਭਗਤ ਔਖੇ ਰਸਤੇ ਉਤੇ ਤੁਰਦੇ ਹਨ, ਇਸ ਰਸਤੇ 'ਤੇ ਲੋਭ, ਮੋਹ ਅਤੇ ਅਹੰਕਾਰ ਤਿਆਗਣਾ ਪੈਂਦਾ ਹੈ, ਮਾਇਆ ਦੀ ਤ੍ਰਿਸ਼ਨਾ ਛੱਡਣੀ ਪੈਂਦੀ ਹੈ ਅਤੇ ਭਗਤ ਲੋਭ, ਮੋਹ, ਅਹੰਕਾਰ ਅਤੇ ਮਾਇਆਵੀ ਤ੍ਰਿਸ਼ਨਾ ਦਾ ਤਿਆਗ ਕਰਦੇ ਹਨ। ਉਹ ਸੰਜਮ ਨਾਲ ਬੋਲਦੇ ਹਨ ਭਾਵ ਆਪਣੀ ਵਡਿਆਈ ਆਪ ਨਹੀਂ ਕਰਦੇ। ਗੁਰੂ ਅਮਰਦਾਸ ਜੀ ਅਨੁਸਾਰ ਇਸ ਰਸਤੇ 'ਤੇ ਤੁਰਨਾ ਕੋਈ ਆਸਾਨ ਖੇਡ ਨਹੀਂ ਹੈ ਕਿਉਂਕਿ ਇਹ ਰਸਤਾ ਖੰਡੇ ਦੀ ਧਾਰ ਨਾਲੋਂ ਤਿੱਖਾ ਅਤੇ ਵਾਲ ਨਾਲੋਂ ਵੀ ਬਰੀਕ ਹੈ ਜਿਸ 'ਤੇ ਬੜਾ ਸੰਭਲ ਕੇ ਤੁਰਨਾ ਪੈਂਦਾ ਹੈ; ਕਿਉਂਕਿ ਦੁਨਿਆਵੀ ਵਾਸ਼ਨਾਵਾਂ ਦਾ ਖਿੱਚਿਆ ਮਨ ਕਦੇ ਵੀ ਡੋਲ ਸਕਦਾ ਹੈ, ਇਸ ਲਈ ਬੜੀ ਸਾਵਧਾਨੀ ਦੀ ਜ਼ਰੂਰਤ ਹਮੇਸ਼ਾ ਬਣੀ ਰਹਿੰਦੀ ਹੈ। ਪਰ ਇਹ ਉਨ੍ਹਾਂ ਲਈ ਸੰਭਵ ਹੋ ਜਾਂਦਾ ਹੈ ਜਿਨ੍ਹਾਂ 'ਤੇ ਗੁਰੂ ਦੀ ਮਿਹਰ ਬਣੀ ਰਹਿੰਦੀ ਹੈ ਕਿਉਂਕਿ ਉਹ ਮਿਹਰ ਸਦਕਾ ਆਪਣੇ ਮਨ ਵਿਚੋਂ ਹਉਮੈ ਦੀ ਭਾਵਨਾ ਨੂੰ ਮੁਕਾ ਦਿੰਦੇ ਹਨ ਅਤੇ ਉਹ ਪਰਮਾਤਮਾ ਨੂੰ ਯਾਦ ਕਰਦਿਆਂ ਦੁਨਿਆਵੀ ਵਾਸ਼ਨਾਵਾਂ ਤੋਂ ਨਿਜ਼ਾਤ ਪਾ ਲੈਂਦੇ ਹਨ:

ਭਗਤਾ ਕੀ ਚਾਲ ਨਿਰਾਲੀ॥
ਚਾਲਾ ਨਿਰਾਲੀ ਭਗਤਾਹ ਕੇਰੀ
ਬਿਖਮ ਮਾਰਗਿ ਚਲਣਾ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥
ਖੰਨਿਅਹੁ ਤਿਖੀ ਵਾਲਹੁ
ਨਿਕੀ ਏਤੁ ਮਾਰਗਿ ਜਾਣਾ॥
ਗੁਰ ਪਰਸਾਦੀ ਜਿਨ੍ਹੀ ਆਪੁ ਤਜਿਆ
ਹਰਿ ਵਾਸਨਾ ਸਮਾਣੀ॥
ਕਹੈ ਨਾਨਕੁ ਚਾਲ ਭਗਤਾ
ਜੁਗਹੁ ਜੁਗੁ ਨਿਰਾਲੀ॥
(ਪੰ.918)

ਭਗਤ ਸੈਣੁ ਜੀ ਵੀ ਉਨ੍ਹਾਂ ਭਗਤਾਂ ਵਿਚ ਸ਼ਾਮਲ ਹਨ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਭਾਵੇਂ ਉਨ੍ਹਾਂ ਦਾ ਇੱਕ ਸ਼ਬਦ ਹੀ ਰਾਗੁ ਧਨਾਸਰੀ ਵਿਚ ਮਿਲਦਾ ਹੈ। ਗੁਰੂ ਕਾਲ ਤੋਂ ਪਹਿਲਾਂ ਦਾ ਸਮਾਂ ਸਥਾਪਤ ਬ੍ਰਾਹਮਣੀ ਕਰਮ-ਕਾਂਡ, ਜਾਤ-ਪਾਤ ਦੇ ਵਿਰੋਧ ਦਾ ਸਮਾਂ ਸੀ ਜੋ ਸਮਾਜਿਕ ਅਤੇ ਧਾਰਮਿਕ ਤੌਰ 'ਤੇ ਭਾਰੀ ਇਨਕਲਾਬੀ ਤਬਦੀਲੀ ਲਈ ਤਾਂਘ ਰਹੀ ਉਥਲ-ਪੁਥਲ ਦਾ ਸਮਾਂ ਸੀ। ਗੁਰੂ ਸਾਹਿਬ ਨੇ ਉਨ੍ਹਾਂ ਭਗਤਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀ ਹੈ ਜੋ, ਉਪਰ ਦਰਜ ਕੀਤੀ ਗੁਰੂ ਅਮਰਦਾਸ ਜੀ ਦੀ ਬਾਣੀ ਅਨੁਸਾਰ 'ਨਿਰਾਲੀ ਚਾਲ' ਦੇ ਧਾਰਨੀ ਸਨ ਭਾਵ ਜਿਨ੍ਹਾਂ ਦੀ ਵਿਚਾਰਧਾਰਾ ਗੁਰਮਤਿ ਵਿਚਾਰਧਾਰਾ ਨਾਲ ਮੇਲ ਖਾਂਦੀ ਸੀ, ਗੁਰਮਤਿ ਦੇ ਰਸਤੇ ਦੀ ਅਨੁਸਾਰੀ ਸੀ; ਉਹ ਭਗਤ ਚਾਹੇ ਕਿਸੇ ਵੀ ਭਾਈਚਾਰੇ ਜਾਂ ਧਰਮ ਨਾਲ ਸਬੰਧਤ ਸਨ। ਪੰਜਵੀਂ ਨਾਨਕ ਜੋਤਿ, ਗੁਰੂ ਅਰਜਨ ਦੇਵ ਭਗਤ ਸੈਣ ਜੀ ਦੇ ਬਾਰੇ ਫਰਮਾਉਂਦੇ ਹਨ:

ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥
ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥3॥
(ਪੰ.487-88)

ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ "ਸੈਨ ਨਾਈ ਲੋਕਾਂ ਦੀਆਂ ਬੁਤੀਆਂ (ਛੋਟੇ-ਛੋਟੇ ਕੰਮ ਦੂਰ ਨੇੜੇ ਦੇ) ਕਰਨ ਵਾਲਾ ਸੀ, ਓਹ ਘਰ-ਘਰ ਵਿਚ ਮਸ਼ਹੂਰ ਹੋ ਗਿਆ। (ਸੈਨ ਨਾਈ ਰਾਮਾਨੰਦ ਦੇ ਚੇਲਿਆਂ ਵਿਚੋਂ ਇਕ ਭਗਤ ਹੋਇਆ ਹੈ। ਉਹ ਰੇਵਾ ਦੇ ਰਾਜੇ ਰਾਜਾਰਾਮ ਦੇ ਦਰਬਾਰ ਦਾ ਨਾਈ ਸੀ)। " ਭਗਤ ਸੈਣ ਜੀ ਦੇ ਜੀਵਨ ਬਾਰੇ ਬਹੁਤੇ ਵੇਰਵੇ ਪ੍ਰਾਪਤ ਨਹੀਂ ਹਨ। ਇਨ੍ਹਾਂ ਦੀ ਗਿਣਤੀ ਵੀ ਭਗਤ ਰਾਮਾਨੰਦ (1300-1411) ਦੇ ਚੇਲਿਆਂ ਵਿਚ ਕੀਤੀ ਜਾਂਦੀ ਹੈ। ਭਗਤ ਰਵਿਦਾਸ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਆਪਣੇ ਇਕ ਸ਼ਬਦ ਵਿਚ ਪਰਮਾਤਮਾ ਦੀ ਵਡਿਆਈ ਦੱਸਦਿਆਂ ਉਸ ਨੂੰ ਨਿਮਾਣਿਆਂ ਨੂੰ ਮਾਣ ਬਖਸ਼ਣ ਵਾਲਾ, ਨੀਵਿਆਂ ਨੂੰ ਉੱਚਾ ਕਰਨ ਵਾਲਾ ਕਹਿੰਦੇ ਹਨ ਜਿਸ ਦੇ ਨਾਮ ਦਾ ਸਿਮਰਨ ਕਰ ਕੇ ਨਾਮਦੇਵ, ਕਬੀਰ, ਤ੍ਰਿਲੋਚਨ, ਸਧਨਾ, ਸੈਨ ਵਰਗੇ ਇਸ ਸੰਸਾਰ ਸਾਗਰ ਤੋਂ ਤਰ ਗਏ ਹਨ। ਉਹ ਵਾਹਿਗੁਰੂ ਸਭ ਕੁਝ ਕਰ ਸਕਣ ਦੇ ਸਮਰੱਥ ਹੈ:

ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥
(ਪੰ.1106)

ਭਾਈ ਗੁਰਦਾਸ ਅਨੁਸਾਰ ਭਗਤ ਸੈਣ, ਭਗਤ ਰਾਮਾਨੰਦ ਦਾ ਚੇਲਾ ਸੀ ਜਿਸ ਨੇ ਭਗਤ ਕਬੀਰ ਜੀ ਦੀ ਮਹਿਮਾ ਸੁਣ ਕੇ ਭਗਤ ਰਾਮਾਨੰਦ



ਨੂੰ ਆਪਣਾ ਗੁਰੂ ਧਾਰ ਲਿਆ। ਭਾਈ ਗੁਰਦਾਸ ਅੱਗੇ ਦੱਸਦੇ ਹਨ ਕਿ ਭਗਤ ਸੈਣ ਜੀ ਰਾਤ ਸਮੇਂ ਵਾਹਿਗੁਰੂ ਦੀ ਪ੍ਰੇਮ-ਭਗਤੀ ਕਰਦੇ ਅਤੇ ਸਵੇਰੇ ਉੱਠ ਕੇ ਰਾਜੇ ਦੇ ਦਰਬਾਰ ਵਿਚ ਉਸ ਦੀ ਸੇਵਾ ਕਰਨ ਜਾਂਦੇ। ਇੱਕ ਦਿਨ ਸੰਤ ਲੋਕ ਪ੍ਰਾਹੁਣੇ ਆ ਗਏ ਤਾਂ ਸਾਰੀ ਰਾਤ ਪਰਮਾਤਮਾ ਦੀ ਭਗਤੀ ਦਾ ਕੀਰਤਨ ਹੁੰਦਾ ਰਿਹਾ। ਇਸ ਹਾਲਤ ਵਿਚ ਭਗਤ ਸੈਣ ਸੰਤਾਂ ਦੀ ਸੰਗਤਿ ਨਹੀਂ ਛੱਡ ਸਕੇ ਅਤੇ ਰਾਜ-ਦੁਆਰੇ ਜਾ ਕੇ ਰਾਜੇ ਦੀ ਸੇਵਾ ਵਿਚ ਹਾਜ਼ਰ ਨਹੀਂ ਹੋ ਸਕੇ। ਹਰਿ ਆਪ ਸੈਣ ਦਾ ਰੂਪ ਧਾਰ ਕੇ ਰਾਜੇ ਦੀ ਸੇਵਾ ਕਰਨ ਲਈ ਹਾਜ਼ਰ ਹੋ ਗਿਆ। ਉਧਰ ਸੈਣ ਜੀ ਸੰਤਾਂ ਨੂੰ ਵਿਦਾ ਕਰ ਕੇ ਝਿਜਕਦੇ ਹੋਏ ਰਾਜ ਦਰਬਾਰ ਵਿਚ ਗਏ। ਰਾਜੇ ਨੇ ਦੂਰੋਂ ਆਪਣੇ ਕੋਲ ਬੁਲਾਇਆ ਅਤੇ ਆਪਣੇ ਗਲ ਵਿਚੋਂ ਆਪਣਾ ਪਹਿਨਾਵਾ ਖੋਲ੍ਹ ਕੇ ਭਗਤ ਸੈਣ ਜੀ ਨੂੰ ਪਹਿਨਾ ਦਿੱਤਾ। ਰਾਜੇ ਨੂੰ ਭਗਤ ਸੈਣ ਜੀ ਨੂੰ ਇਹ ਕਹਿੰਦਿਆਂ ਸਾਰੀ ਲੋਕਾਈ ਨੇ ਸੁਣਿਆ ਕਿ ਅੱਜ ਤੂੰ ਮੈਨੂੰ ਆਪਣੇ ਵੱਸ ਵਿਚ ਕਰ ਲਿਆ ਹੈ। ਭਾਈ ਗੁਰਦਾਸ ਜੀ ਨਤੀਜਾ ਇਹ ਕੱਢਦੇ ਹਨ ਕਿ ਪਰਮਾਤਮਾ ਆਪ ਆਪਣੇ ਭਗਤਾਂ ਦੀ ਵਡਿਆਈ ਉਜਾਗਰ ਕਰਦਾ ਹੈ:

ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖੁ ਹੋਆ ਸੈਣੁ ਨਾਈ।
ਪ੍ਰੇਮ ਭਗਤਿ ਰਾਤੀ ਕਰੈ ਭਲਕੈ ਰਾਜ ਦੁਆਰੈ ਜਾਈ।
ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ।
ਛਡਿ ਨ ਸਕੈ ਸੰਤ ਜਨ ਰਾਜ ਦੁਆਰਿ ਨ ਸੇਵ ਕਮਾਈ।
ਸੈਣ ਰੂਪਿ ਹਰਿ ਜਾਇ ਕੈ ਆਇਆ ਰਾਣੈ ਨੋ ਰੀਝਾਈ।
ਸਾਧ ਜਨਾਂ ਨੋ ਵਿਦਾ ਕਰਿ ਰਾਜ ਦੁਆਰਿ ਗਇਆ ਸਰਮਾਈ।
ਰਾਣੈ ਦੂਰਹੁੰ ਸਦਿ ਕੈ ਗਲਹੁੰ ਕਵਾਇ ਖੋਲਿ ਪੈਨ੍ਹਾਈ।
ਵਸਿ ਕੀਤਾ ਹਉਂ ਤੁਧੁ ਅਜੁ ਬੋਲੈ ਰਾਜਾ ਸੁਣੈ ਲੁਕਾਈ।
ਪਰਗਟੁ ਕਰੈ ਭਗਤਿ ਵਡਿਆਈ॥16॥

ਇਥੇ ਭਗਤ ਜੀ ਦੀ ਜਾਤ ਬਾਰੇ ਗੱਲ ਕਰਨ ਦਾ ਮਕਸਦ ਕੋਈ ਹੋਰ ਨਾ ਹੋ ਕੇ ਇਹ ਦੱਸਣਾ ਹੈ ਕਿ ਪਰਮਾਤਮਾ ਅੱਗੇ ਜਾਤ-ਪਾਤ ਦਾ ਕੋਈ ਅਰਥ ਨਹੀਂ ਹੈ। ਪਰਮਾਤਮਾ ਦੀ ਭਗਤੀ ਨਾਲ ਮਨੁੱਖ ਵਡਿਆਈ ਪ੍ਰਾਪਤ ਕਰ ਲੈਂਦਾ ਹੈ ਅਤੇ ਊਚ-ਨੀਚ ਦੀਆਂ ਭਾਵਨਾਵਾਂ ਤੋਂ ਉੱਤੇ ਉਠ ਜਾਂਦਾ ਹੈ। ਭਗਤ ਸੈਣ ਭਾਵੇਂ ਨਾਈ ਜਾਤ ਵਿਚ ਪੈਦਾ ਹੋਏ ਸਨ ਜਿਸ ਨੂੰ ਹਿੰਦੂ ਧਰਮ ਦੀ ਵਰਣ-ਵੰਡ ਅਨੁਸਾਰ ਨੀਵਾਂ ਗਿਣਿਆ ਜਾਂਦਾ ਸੀ ਪ੍ਰੰਤੂ ਪਰਮਾਤਮਾ ਦੀ ਭਗਤੀ ਕਰ ਕੇ ਉਸ ਦੀ ਮਿਹਰ ਸਦਕਾ ਆਪਣਾ ਨਾਮ ਉਚਾ ਕੀਤਾ ਅਤੇ ਵਡਿਆਈ ਪਾਈ। (ਜਾਤ-ਪਾਤ ਮਨੁੱਖ ਦੀ ਬਣਾਈ ਹੋਈ ਹੈ, ਪਰਮਾਤਮਾ ਦੀ ਨਹੀਂ। ਪਰਮਾਤਮਾ ਲਈ ਸਾਰੇ ਮਨੁੱਖ ਬਰਾਬਰ ਹਨ ਕਿਉਂਕਿ ਸਭ ਉਸ ਇੱਕ ਦੀ ਜੋਤਿ ਤੋਂ ਹੀ ਪ੍ਰਕਾਸ਼ਮਾਨ ਹਨ)। ਆਮ ਪ੍ਰਾਪਤ ਵੇਰਵੇ ਭਗਤ ਜੀ ਦੀ ਜਾਤਿ ਅਤੇ ਰੇਵਾ ਦੇ ਰਾਜੇ ਦੇ ਦਰਬਾਰ ਵਿਚ ਸੇਵਾ ਕਰਨ ਬਾਰੇ ਸਹਿਮਤ ਹਨ ਜਿਸ ਨੂੰ ਉਦੋਂ ਬਾਂਧਵਗੜ੍ਹ ਕਹਿੰਦੇ ਸੀ ਜੋ ਕੇਂਦਰੀ ਭਾਰਤ ਵਿਚ ਹੈ ਪ੍ਰੰਤੂ ਕਈ ਹੋਰਨਾਂ ਦਾ ਖਿਆਲ ਹੈ ਕਿ ਭਗਤ ਸੈਣ ਜੀ ਦੱਖਣੀ ਭਾਰਤ ਦੇ ਬਿਦਰ ਦੇ ਰਾਜੇ ਦੇ ਦਰਬਾਰ ਵਿਚ ਕੰਮ ਕਰਦੇ ਸੀ। ਜਿਹੜੇ ਦੱਖਣੀ ਭਾਰਤ ਦੀ ਪ੍ਰੰਪਰਾ ਨੂੰ ਮੰਨਦੇ ਹਨ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਭਗਤ ਸੈਣ ਜੀ ਜਨਾਨਦੇਵ (ਗਿਆਨਦੇਵ) ਦੇ ਚੇਲੇ ਸੀ। ਪ੍ਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਰਵਿਦਾਸ ਦੀ ਬਾਣੀ ਜਿਸ ਵਿਚ ਉਹ ਭਗਤ ਸੈਣ ਜੀ ਦਾ ਜ਼ਿਕਰ ਭਗਤ ਨਾਮਦੇਵ, ਭਗਤ ਕਬੀਰ, ਭਗਤ ਸਦਨਾ ਜੀ ਨਾਲ ਕਰਦੇ ਹਨ ਅਤੇ ਭਾਈ ਗੁਰਦਾਸ ਜੀ ਜਦੋਂ ਇਹ ਕਹਿੰਦੇ ਹਨ ਕਿ ਕਬੀਰ ਦੀ ਸੋਭਾ ਸੁਣ ਕੇ ਦੂਜਾ ਸਿੱਖ ਸੈਣ ਹੋਇਆ ਤਾਂ ਇਸ ਕਥਨ ਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਭਗਤ ਸੈਣ ਜੀ ਨੇ ਭਗਤ ਰਾਮਾਨੰਦ ਜੀ ਨੂੰ ਆਪਣਾ ਗੁਰੂ ਧਾਰਿਆ।

ਭਗਤ ਸੈਣ ਜੀ ਦਾ ਇੱਕੋ ਇੱਕ ਸ਼ਬਦ ਰਾਗੁ ਧਨਾਸਰੀ ਵਿਚ ਅੰਕਤ ਹੈ। ਇਸ ਸ਼ਬਦ ਰਾਹੀਂ ਭਗਤ ਜੀ ਦੱਸਦੇ ਹਨ ਕਿ ਪਰਮਾਤਮਾ ਦੀ ਅਸਲੀ ਆਰਤੀ ਕਿਹੋ ਜਿਹੀ ਹੁੰਦੀ ਹੈ:

ਧੂਪ ਦੀਪ ਘ੍ਰਿਤ ਸਾਜਿ ਆਰਤੀ॥
ਵਾਰਨੇ ਜਾਉ ਕਮਲਾਪਤੀ॥1॥
ਮੰਗਲਾ ਹਰਿ ਮੰਗਲਾ॥
ਨਿਤ ਮੰਗਲੁ ਰਾਜਾ ਰਾਮ ਰਾਇ ਕੋ॥1॥ ਰਹਾਉ॥
ਊਤਮੁ ਦੀਅਰਾ ਨਿਰਮਲ ਬਾਤੀ॥
ਤੁਹੀਂ ਨਿਰੰਜਨ ਕਮਲਾਪਾਤੀ॥2॥
ਰਾਮਾ ਭਗਤਿ ਰਾਮਾਨੰਦੁ ਜਾਨੈ॥
ਪੂਰਨ ਪਰਮਾਨੰਦੁ ਬਖਾਨੈ॥3॥
ਮਦਨ ਮੂਰਤਿ ਭੈ ਤਾਰਿ ਗੋਬਿੰਦੇ॥
ਸੈਨੁ ਭਣੈ ਭਜੁ ਪਰਮਾਨੰਦੇ॥4॥1॥
(ਪੰ.695)

ਭਗਤ ਸੈਣ ਇਸ ਸ਼ਬਦ ਵਿਚ ਜਿਸ ਆਰਤੀ ਦੀ ਗੱਲ ਕਰ ਰਹੇ ਹਨ ਉਹ ਕੋਈ ਧੂਫ ਜਲਾ ਕੇ ਜਾਂ ਘਿਉ ਦੇ ਦੀਵੇ ਜਗਾ ਕੇ ਕਰਨ ਵਾਲੀ ਆਰਤੀ ਨਹੀਂ ਹੈ। ਭਗਤ ਜੀ ਅਨੁਸਾਰ ਅਸਲ ਭਗਤੀ ਧੂਫ ਦੀਪ ਜਲਾ ਕੇ ਨਹੀਂ ਹੁੰਦੀ, ਦਿਲ ਦੇ ਪਿਆਰ ਨਾਲ ਹੁੰਦੀ ਹੈ। ਭਗਤ ਜੀ ਅਨੁਸਾਰ ਉਸ ਵਾਹਿਗੁਰੂ ਪਰਵਦਗਾਰ, ਜੋ ਸਾਰੀ ਸ੍ਰਿਸ਼ਟੀ ਦੀ ਸਾਰ ਲੈਣ ਵਾਲਾ ਹੈ, ਦੀ ਅਸਲੀ ਆਰਤੀ ਉਸ ਤੋਂ ਸਦਕੇ ਜਾਣਾ ਹੈ, ਉਸ ਦਾ ਜਸ ਗਾਉਣਾ ਹੈ। ਭਗਤ ਜੀ ਪਰਮਾਤਮਾ ਅੱਗੇ ਗੁਜ਼ਾਰਿਸ਼ ਕਰਦੇ ਹਨ ਕਿ ਉਹ ਮਾਇਆ ਦੇ ਮਾਲਕ! ਪਰਮਾਤਮਾ ਤੋਂ ਸਦਕੇ ਜਾਂਦੇ ਹਨ ਅਤੇ ਉਸ ਤੋਂ ਸਦਕੇ ਜਾਣਾ ਹੀ ਧੂਪ, ਦੀਪ ਅਤੇ ਘਿਉ ਆਦਿ ਸਮੱਗਰੀ ਇਕੱਠੀ ਕਰ ਕੇ ਉਸ ਦੀ ਆਰਤੀ ਕਰਨਾ ਹੈ। ਪਰਮਤਾਮਾ ਅੱਗੇ ਬੇਨਤੀ ਕੀਤੀ ਹੈ ਕਿ ਉਸ ਪਰਵਦਗਾਰ ਦੀ ਮਿਹਰ ਸਦਕਾ ਹੀ ਉਨ੍ਹਾਂ ਦੇ ਅੰਦਰ ਪਰਮਾਤਮਾ ਦੇ ਨਾਮ ਸਿਮਰਨ ਦਾ ਅਨੰਦ-ਮੰਗਲ ਹੋ ਰਿਹਾ ਹੈ। ਉਹ ਅੱਗੇ ਕਹਿੰਦੇ ਹਨ ਕਿ ਉਨ੍ਹਾਂ ਲਈ ਨਿਰੰਜਨ (ਮਾਇਆ ਤੋਂ ਨਿਰਲੇਪ ਵਾਹਿਗੁਰੂ) ਆਪ ਹੀ ਦੀਵਾ ਅਤੇ ਸਾਫ਼-ਸੁਥਰੀ ਬੱਤੀ ਹੈ। ਕਹਿਣ ਤੋਂ ਭਾਵ ਹੈ ਕਿ ਪਰਮਾਤਮਾ ਸਭ ਕੁੱਝ ਆਪ ਹੀ ਹੈ ਅਤੇ ਉਸ ਨੂੰ ਯਾਦ ਕਰਨਾ ਹੈ, ਉਸ ਦਾ ਸਿਮਰਨ ਕਰਨਾ ਹੀ ਉਸ ਦੀ ਆਰਤੀ ਹੈ। ਉਸ ਪਰਮਾਤਮਾ ਨੂੰ ਕਿਸੇ ਬਾਹਰੀ ਸਮੱਗਰੀ ਜਾਂ ਆਰਤੀ ਦੀ ਜ਼ਰੂਰਤ ਨਹੀਂ ਹੈ। ਜੋ ਮਨੁੱਖ ਉਸ ਅਕਾਲ ਪੁਰਖ ਦੇ ਗੁਣਾਂ ਦਾ ਗਾਇਨ ਹਰ ਸਮੇਂ ਕਰਦਾ ਹੈ ਉਹ ਆਪਣੀ ਭਗਤੀ ਦੀ ਬਰਕਤਿ ਸਦਕਾ ਉਸ ਦੇ ਮਿਲਾਪ ਦਾ ਅਨੰਦ ਮਾਣਦਾ ਹੈ। ਭਗਤ ਸੈਣ ਜੀ ਆਪਣੇ ਮਨ ਨੂੰ ਉਸ ਪਰਮਆਨੰਦ, ਸੋਹਣੇ ਸਰੂਪ ਵਾਲੇ ਪਰਮਾਤਮਾ ਦਾ ਸਿਮਰਨ ਕਰਨ ਲਈ ਸਮਝਾਉਂਦੇ ਹਨ ਜੋ ਮਨੁੱਖ ਦੇ ਮਨ ਨੂੰ ਸਾਰੇ ਸੰਸਾਰਕ ਡਰਾਂ ਤੋਂ ਪਾਰ ਕਰਨ ਵਾਲਾ ਅਤੇ ਸਾਰੀ ਸ੍ਰਿਸ਼ਟੀ ਦੀ ਸਾਰ ਲੈਣ ਵਾਲਾ ਹੈ। ਭਗਤ ਸੈਣ ਜੀ ਦੇ ਉਪਰ ਦਿੱਤੇ ਸ਼ਬਦ ਤੋਂ ਇਹ ਅੰਦਾਜ਼ਾ ਲਾ ਸਕਣਾ ਮੁਸ਼ਕਿਲ ਨਹੀਂ ਹੈ ਕਿ ਇਹ ਭਗਤ, ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਇੱਕ ਨਿਰੰਕਾਰ, ਨਿਰਗੁਣ ਬ੍ਰਹਮ ਨੂੰ ਧਿਆਉਣ ਦੀ ਗੱਲ ਕਰਦੇ ਹਨ, ਉਸ ਦੇ ਨਾਮ ਸਿਮਰਨ ਰਾਹੀਂ ਭਗਤੀ ਕਰਨ ਦੀ ਪ੍ਰੇਰਨਾ ਕਰਦੇ ਹਨ; ਕਿਸੇ ਦੇਵੀ-ਦੇਵਤੇ, ਅਵਤਾਰ ਆਦਿ ਦੀ ਮੂਰਤੀ ਦੀ ਪੂਜਾ ਕਰਨ ਵਿਚ ਵਿਸ਼ਵਾਸ ਨਹੀਂ ਕਰਦੇ। ਉਹ ਕਿਸੇ ਵੀ ਕਿਸਮ ਦੇ ਕਰਮ-ਕਾਂਡ ਦੇ ਮੁੱਦਈ ਨਹੀਂ ਸੀ। ਪਰਮਾਤਮਾ ਨੂੰ ਪਾਉਣ ਦਾ ਰਸਤਾ ਉਸ ਦੀ ਪ੍ਰੇਮ-ਭਗਤੀ ਹੈ, ਉਸ ਦੇ ਗੁਣਾਂ ਨੂੰ ਯਾਦ ਕਰਨਾ ਅਤੇ ਉਸ ਦੀ ਮਿਹਰ ਪ੍ਰਾਪਤ ਕਰਨਾ ਹੈ ਅਤੇ ਇਸ ਰਸਤੇ ਦੀ ਸੋਝੀ ਗੁਰੂ ਦੇ ਸ਼ਬਦ ਰਾਹੀਂ ਹੁੰਦੀ ਹੈ।

---

## ਚੋਣਵੇਂ ਕਬੱਡੀ ਖਿਡਾਰੀ: ਅਮਰਜੀਤ ਸਨ੍ਹੇਰਵੀ

*(ਪਿਛਲੇ ਸਫੇ ਦਾ ਬਾਕੀ)*

1986 ਵਿਚ ਫੇਰ ਇੰਗਲੈਂਡ ਤੇ ਅਮਰੀਕਾ ਵਿਚ ਪੂਰੀਆਂ ਧੁੰਮਾਂ ਪਾ ਕੇ ਆਇਆ। ਬਹੁਤ ਘੱਟ ਵਿਅਕਤੀ ਇਸ ਧਰਤੀ 'ਤੇ ਜਨਮ ਲੈਂਦੇ ਹਨ ਜਿਨ੍ਹਾਂ ਨੂੰ ਪਰਮਾਤਮਾ ਨੇ ਸਾਨ੍ਹ ਜਿੰਨੀ ਤਾਕਤ ਬਖਸ਼ੀ ਹੋਵੇ। ਲੱਤ ਮਾਰ ਕੇ ਧਰਤੀ ਵਿਚੋਂ ਪਾਣੀ ਕੱਢਣ ਦੀ ਸਮਰੱਥਾ ਰੱਖਣ ਵਾਲਾ ਰਾਜੂ ਜਦ 1986 ਵਿਚ ਕੁਰਾਲੀ ਵਿਖੇ ਸੁਪਰਵੇਅਰ ਕਬੱਡੀ ਕਲੱਬ ਇੰਗਲੈਂਡ ਦੀ ਟੀਮ ਵਿਰੁੱਧ ਆਪਣੇ ਸਾਥੀ ਕੁਲਵੰਤ ਨਾਲ ਮਿਲ ਕੇ ਮੰਡੀਕਰਨ ਬੋਰਡ ਵੱਲੋਂ ਖੇਡਿਆ ਤਾਂ ਉਹਦੇ ਸਰੀਰ ਅਤੇ ਖੇਡ ਤੋਂ ਪ੍ਰਭਾਵਿਤ ਹੋ ਕੇ ਸ਼ਮਸ਼ੇਰ ਸਿੰਘ ਸੰਧੂ ਨੇ ਪੰਜਾਬੀ ਟ੍ਰਿਬਿਊਨ ਵਿਚ ਲਿਖਿਆ, "ਖੰਡ ਮਿੱਲ ਜ਼ੀਰਾ ਦੇ ਦੋ ਖਿਡਾਰੀ ਰਾਜੂ ਅਤੇ ਕੁਲਵੰਤ ਵੀ ਸੋਹਣੀ ਖੇਡ ਖੇਡੇ ਤੇ ਉਨ੍ਹਾਂ ਨੇ ਲੰਮੀਆਂ ਬਾਹਾਂ ਅਤੇ ਆਪਣੀ ਤਾਕਤ ਦਾ ਖੂਬ ਫਾਇਦਾ ਉਠਾਇਆ ਜਿਸ ਨਾਲ ਇੰਗਲੈਂਡੀਆਂ ਨੂੰ 42ਦੇ ਮੁਕਾਬਲੇ 46 ਅੰਕਾਂ ਨਾਲ ਹਾਰ ਦਾ ਸਾਹਮਣਾ ਕਰਨਾ ਪਿਆ।" ਉਹਦੇ ਘਰ ਵਿਚ ਪਏ ਅਨੇਕਾਂ ਹੀ ਸਰਟੀਫਿਕੇਟ ਦੱਸਦੇ ਹਨ ਕਿ ਰਾਜੂ ਕਬੱਡੀ ਦੇ ਨਾਲ-ਨਾਲ ਜ਼ਿਲ੍ਹਾ ਪੰਚਾਇਤ ਟੂਰਨਾਮੈਂਟਾਂ ਵਿਚ ਅਨੇਕ ਵਾਰ ਭਾਰ ਤੋਲਣ ਮੁਕਾਬਲਿਆਂ ਵਿਚ ਪਹਿਲੇ ਸਥਾਨ 'ਤੇ ਆਉਂਦਾ ਰਿਹਾ ਅਤੇ ਬਹੁਤ ਸਾਰੀਆਂ ਪੰਜਾਬ ਕਬੱਡੀ ਚੈਂਪੀਅਨਸ਼ਿਪਾਂ ਵਿਚ ਜ਼ਿਲ੍ਹਾ ਫਿਰੋਜ਼ਪੁਰ ਵੱਲੋਂ ਭਾਗ ਲੈਂਦਾ ਰਿਹਾ। ਇਸਦੇ ਨਾਲ-ਨਾਲ ਉਹ ਆਪਣੇ ਪਿੰਡ ਵੱਲੋਂ ਕੁੱਕੂ ਤੇ ਗੁਰਮੇਲ ਹੁਰਾਂ ਨਾਲ ਮਿਲ ਕੇ ਪੇਂਡੂ ਖੇਡ ਮੇਲਿਆਂ ਵਿਚ ਆਪਣੀ ਤਾਕਤ ਦਾ ਲੋਹਾ ਮਨਵਾਉਂਦਾ ਰਿਹਾ। ਸੁਭਾਅ ਪੱਖੋਂ ਸਿਰੇ ਦਾ ਮਖੌਲੀਆ ਰਾਜੂ ਯਾਰਾਂ ਦਾ ਯਾਰ ਸੀ। ਜਿੰਨੇ ਚੁਟਕਲੇ ਅਤੇ ਹੋਰ ਹਾਸੇ ਭਰਪੂਰ ਗੱਲਾਂ ਦਾ ਭੰਡਾਰ ਉਹਦੇ ਕੋਲ ਸੀ, ਸ਼ਾਇਦ ਹੀ ਕਿਸੇ ਹੋਰ ਕੋਲ ਹੋਵੇ। ਵੰਨ-ਸਵੰਨੀਆਂ ਮਸਾਲੇਦਾਰ ਗੱਲਾਂ ਸੁਣਾ ਕੇ ਭਰੀ ਮਹਿਫਲ ਦੇ ਢਿੱਡੀਂ ਪੀੜਾਂ ਪਾਉਣ ਦੀ ਕਲਾ ਦਾ ਮਾਹਿਰ ਰਾਜੂ ਹਰ ਕਿਸੇ ਨੂੰ ਹੱਸ ਕੇ ਮਿਲਦਾ ਸੀ। ਘਰ ਵਿਚ ਉਸਨੂੰ ਮਿਲਣ ਆਏ ਯਾਰਾਂ ਦੋਸਤਾਂ ਦਾ ਮੇਲਾ ਲੱਗਿਆ ਰਹਿੰਦਾ ਸੀ ਪਰ ਘਰ ਦਿਆਂ ਨੇ ਕਦੇ ਵੀ ਮੱਥੇ ਵੱਟ ਨਹੀਂ ਸੀ ਪਾਇਆ। ਆਏ ਗਏ ਦੀ ਸੇਵਾ ਕਰਨ ਵਿਚ ਉਸਦੇ ਭਰਾ ਤੇ ਸਮੁੱਚਾ ਪਰਿਵਾਰ ਉਹਦੇ ਨਾਲ ਖੜ੍ਹਾ ਸੀ।

ਅਫਸੋਸ ਹੈ ਕਿ ਆਪਣੇ ਛੋਟੇ ਜਿਹੇ ਪਿੰਡ ਸੰਤੂਵਾਲੇ ਤੋਂ ਲੈ ਕੇ ਇੰਗਲੈਂਡ ਅਮਰੀਕਾ ਤੱਕ ਆਪਣੀ ਸ਼ਾਨਦਾਰ ਤੇ ਜਾਨਦਾਰ ਕਬੱਡੀ ਦੇ ਜੌਹਰ ਵਿਖਾਉਣ ਵਾਲੇ ਰਾਜੂ ਨੂੰ ਪਰਮਾਤਮਾ ਨੇ ਜ਼ਿਆਦਾ ਸਮਾਂ ਇਸ ਧਰਤੀ 'ਤੇ ਵਿਚਰਨ ਦਾ ਮੌਕਾ ਨਾ ਦਿੱਤਾ। 19 ਮਈ 1998 ਨੂੰ ਅਚਨਚੇਤ ਹੀ ਇੱਕ ਸੜਕ ਹਾਦਸੇ ਦਾ ਸ਼ਿਕਾਰ ਹੋ ਕੇ ਕਬੱਡੀ ਦਾ ਉਹ ਮਘਦਾ ਸੂਰਜ ਸਦਾ ਲਈ ਅਲੋਪ ਹੋ ਗਿਆ ਜਿਸ ਨਾਲ ਕਬੱਡੀ ਦੇ ਵਿਸ਼ਾਲ ਧਰਾਤਲ 'ਤੇ ਗ਼ਮਗ਼ੀਨੀ ਦਾ ਹਨ੍ਹੇਰਾ ਫੈਲ ਗਿਆ। ਇਸ ਖੌਫ਼ਨਾਕ ਘਟਨਾ ਨੇ ਜਿੱਥੇ ਪੂਰੇ ਪਰਿਵਾਰ ਨੂੰ ਝੰਜੋੜ ਕੇ ਰੱਖ ਦਿੱਤਾ ਉਥੇ ਉਸਦੇ ਸਨੇਹੀਆਂ, ਯਾਰਾਂ-ਦੋਸਤਾਂ, ਸਮੁੱਚੇ ਇਲਾਕੇ ਅਤੇ ਮਿੱਤਰਾਂ ਦੇ ਦਿਲ ਵਿਚੋਂ ਨਿਕਲੀ ਹੂਕ 'ਨਹੀਂ ਭੁੱਲਣਾ ਵਿਛੋੜਾ ਤੇਰਾ ਸਾਰੇ ਦੁੱਖ ਭੁੱਲ ਜਾਣਗੇ' ਨੇ ਸਾਰੀ ਫਿਜ਼ਾ ਨੂੰ ਉਦਾਸੀ ਦੇ ਆਲਮ ਵਿਚ ਡੋਬ ਕੇ ਰੱਖ ਦਿੱਤਾ। ਜੇ ਉਸ ਵੇਲੇ ਦੇ ਮੀਡੀਆਕਾਰ ਉਸਦੇ ਇਸ ਤਰ੍ਹਾਂ ਚਲੇ ਜਾਣ ਨੂੰ ਮੀਡੀਆ ਦੀਆਂ ਸੁਰਖੀਆਂ ਵਿਚ ਲਿਆਉਂਦੇ ਤਾਂ ਹੋ ਸਕਦਾ ਸੀ ਕਿ ਸਰਕਾਰ ਉਹਦੇ ਅਣਗੌਲੇ ਪਰਿਵਾਰ ਦੀ ਆਰਥਿਕ ਮੱਦਦ ਕਰਦੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਸਿਰਮੌਰ ਧਾਵੀ ਦੀ ਢੁਕਵੀਂ ਯਾਦਗਾਰ ਬਣਾਉਣ ਲਈ ਠੋਸ ਉਪਰਾਲੇ ਵੀ ਕਰਦੀ ਪਰ ਇਸ ਤਰ੍ਹਾਂ ਹੋਇਆ ਨਹੀਂ। ਸਰਕਾਰ ਤੇ ਲੋਕਾਂ ਵੱਲੋਂ ਢੁਕਵੀਂ ਯਾਦਗਾਰ ਬਣਾਉਣੀ ਚਾਹੀਦੀ ਸੀ ਜਿਸ ਨਾਲ 'ਰਾਜੂ ਭਲਵਾਨ' ਵਜੋਂ ਜਾਣੇ ਜਾਂਦੇ ਉਸ ਮਹਾਨ ਖਿਡਾਰੀ ਦੀ ਚਿਰ ਸਥਾਈ ਯਾਦ ਕਾਇਮ ਰਹਿੰਦੀ, ਜਿਹੜੀ ਨਵੀਂ ਪੀੜ੍ਹੀ ਦੇ ਖਿਡਾਰੀਆਂ ਲਈ ਪ੍ਰੇਰਨਾ ਸਰੋਤ ਬਣਦੀ।

ਅਮਰਜੀਤ ਕਹਿੰਦਾ ਹੈ ਕਿ ਲਿਖਣ ਦੀ ਚੇਟਕ ਉਸ ਨੂੰ ਇਨਕਲਾਬੀ ਸ਼ਾਇਰ ਮਹਿੰਦਰ ਸਾਥੀ ਦੀਆਂ ਗ਼ਜ਼ਲਾਂ ਨੇ ਲਾਈ ਸੀ। ਉਸ ਦੀਆਂ ਗ਼ਜ਼ਲਾਂ ਪੜ੍ਹ-ਸੁਣ ਕੇ ਹੀ ਉਸ ਨੇ ਪਹਿਲੀ ਗ਼ਜ਼ਲ ਲਿਖੀ ਸੀ ਜਿਸ ਦਾ ਮਤਲਾ ਸੀ:

ਪੂਰਬ ਵਿਚੋਂ ਕਿਰਨਾਂ ਉੱਠੀਆਂ,
ਸੁਰਖ ਸਵੇਰਾ ਹੋਇਆ ਹੈ
ਰਾਤ ਹਨੇਰੀ ਬੀਤਣ ਲੱਗੀ,
ਕਾਲਖ ਮੂੰਹ ਲਕੋਇਆ ਹੈ।

# ਸਾਖੀਕਾਰੀ ਤੋਂ ਮੁਕਤ ਕਿਤਾਬ

ਕਲਾ ਪਰਿਕਰਮਾ

ਜੱਜ, ਵਿਦਿਆਦਾਨੀ, ਅਧਿਆਪਕ, ਪਰਉਪਕਾਰੀ, ਭਾਸ਼ਾਈ ਮਾਹਿਰ, ਕਵੀ ਤੇ ਇਤਿਹਾਸਕਾਰ। 19ਵੀਂ ਸਦੀ ਨੇ ਅਜਿਹੀਆਂ ਬਹੁਪੱਖੀ ਤੇ ਬਹੁਆਯਾਮੀ ਪ੍ਰਤਿਭਾਵਾਂ ਦੁਨੀਆਂ ਦੇ ਕਈ ਮੁਲਕਾਂ ਵਿਚ ਪੈਦਾ ਕੀਤੀਆਂ। ਅੰਗਰੇਜ਼ੀ ਵਿਚ ਅਜਿਹੀਆਂ ਪ੍ਰਤਿਭਾਵਾਂ ਵਾਸਤੇ 'ਪੌਲੀਮੈਥ' ਸ਼ਬਦ ਵਰਤਿਆ ਜਾਂਦਾ ਹੈ। ਅਜਿਹੀ ਹੀ ਇਕ ਹਸਤੀ ਸੀ ਜਸਿਟਸ ਸੱਯਦ ਮਹਿਮੂਦ। ਸੱਚਾ-ਸੁੱਚਾ ਪੌਲੀਮੈਥ। ਅਲਾਹਾਬਾਦ ਹਾਈ ਕੋਰਟ ਵਿਚ ਵਕੀਲ ਵਜੋਂ ਦਾਖਲ ਹੋਣ ਵਾਲਾ ਪਹਿਲਾ ਭਾਰਤੀ ਜੋ ਉਸੇ ਹਾਈ ਕੋਰਟ ਦਾ ਪਹਿਲਾ ਭਾਰਤੀ ਜੱਜ ਵੀ ਬਣਿਆ। ਅਸਹਿਮਤੀ ਦੇ ਹੱਕ ਦੀ ਖੁੱਲ੍ਹ ਕੇ ਪੈਰਵੀ ਕਰਨ ਦਾ ਮੁਦੱਈ ਸੀ ਉਹ ਅਤੇ ਇਸੇ ਹੱਕ ਦੀ ਹਿਫਾਜ਼ਤ ਦੀ ਖਾਤਿਰ ਉਸ ਨੇ 1887 ਵਿਚ ਜੱਜਸ਼ਿਪ ਤੋਂ ਅਸਤੀਫਾ ਵੀ ਦਿੱਤਾ। ਉਸ ਦਾ ਇਹ ਪੱਕਾ ਯਕੀਨ ਸੀ ਕਿ ਅਦਾਲਤੀ ਫੈਸਲਿਆਂ ਵਿਚੋਂ ਇਨਸਾਫਪ੍ਰਸਤੀ ਝਲਕਣੀ ਚਾਹੀਦੀ ਹੈ, ਕਾਨੂੰਨੀ ਕਠੋਰਤਾ ਨਹੀਂ। ਨਿਆਂ ਕਰੂਰ ਤੇ ਕੁਢੱਬਾ ਨਹੀਂ, ਸਮਤਾਵਾਦੀ ਹੋਣਾ ਚਾਹੀਦਾ ਹੈ।




ਸਰ ਸੱਯਦ ਅਹਿਮਦ ਖਾਨ ਮੁਸਲਿਮ ਸਮਾਜ ਨੂੰ ਅਤਿਆਧੁਨਿਕ ਸਿੱਖਿਆ ਨਾਲ ਲੈਸ ਕਰਨ ਦੇ ਮੁਦੱਈ ਸਨ। ਇਸੇ ਆਸ਼ੇ ਦੀ ਪੂਰਤੀ

**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਲਈ ਉਨ੍ਹਾਂ ਨੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੀ ਸਥਾਪਨਾ ਕੀਤੀ। ਸੱਯਦ ਮਹਿਮੂਦ ਉਨ੍ਹਾਂ ਦਾ ਬੇਟਾ ਸੀ; ਪਿਤਾ ਨਾਲੋਂ ਵੱਧ ਰੌਸ਼ਨਦਿਮਾਗ਼, ਵੱਧ ਪ੍ਰਤਿਭਾਵਾਨ, ਪਰ ਪ੍ਰਚਾਰ-ਪ੍ਰਸਾਰ ਤੋਂ ਸਖਤ ਪਰਹੇਜ਼ ਕਰਨ ਵਾਲਾ। 1882 ਵਿਚ ਮਹਿਜ਼ 32 ਵਰ੍ਹਿਆਂ ਦੀ ਉਮਰ 'ਚ ਉਹ ਹਾਈ ਕੋਰਟ ਦਾ ਜੱਜ ਬਣ ਗਿਆ। 1893 ਤਕ ਜੱਜ ਰਿਹਾ। ਉਸ ਵਰ੍ਹੇ ਚੀਫ ਜਸਟਿਸ ਸਰ ਜੌਹਨ ਐੱਜ ਨਾਲ ਮੱਤਭੇਦਾਂ ਕਾਰਨ ਜੱਜਸ਼ਿਪ ਤੋਂ ਅਸਤੀਫਾ ਦੇ ਦਿੱਤਾ। ਉਦੋਂ ਉਸ ਦੀ ਉਮਰ ਮਹਿਜ਼ 43 ਵਰ੍ਹੇ ਸੀ। ਅਗਲੇ 10 ਵਰ੍ਹੇ ਅਲੀਗੜ੍ਹ ਯੂਨੀਵਰਸਿਟੀ ਵਿਚ ਕਾਨੂੰਨ ਦੇ ਐਮ.ਏ.ਓ. ਕਾਲਜ ਦੀ ਸਥਾਪਨਾ ਅਤੇ ਇਸ ਨੂੰ ਪੱਕੇ ਪੈਰੀਂ ਖੜ੍ਹਾ ਕਰਨ ਉੱਤੇ ਲਾਏ। ਇਸ ਦੌਰਾਨ ਪ੍ਰਾਧਿਆਪਕੀ ਵੀ ਕੀਤੀ ਅਤੇ ਡੀਨਸ਼ਿਪ ਵੀ। ਨਾਲ ਹੀ ਪ੍ਰਬੰਧਕ ਦਾ ਰੋਲ ਵੀ ਬਾਖ਼ੂਬੀ ਨਿਭਾਇਆ। ਕਾਨੂੰਨ ਦੀਆਂ ਪੁਸਤਕਾਂ ਦੀ ਆਪਣੀ ਸਾਰੀ ਲਾਇਬਰੇਰੀ ਇਸ ਕਾਲਜ ਨੂੰ ਦਾਨ ਦੇ ਦਿੱਤੀ ਪਰ ਲਾਇਬਰੇਰੀ ਦਾ ਨਾਂ ਆਪਣੇ ਨਾਂ 'ਤੇ ਰੱਖੇ ਜਾਣ ਦੀ ਤਜਵੀਜ਼ ਸਖਤੀ ਨਾਲ ਰੱਦ ਕਰ ਦਿੱਤੀ।

ਸੱਯਦ ਮਹਿਮੂਦ 15 ਵਰ੍ਹਿਆਂ ਦਾ ਸੀ ਜਦੋਂ ਉਸ ਵੱਲੋਂ ਪੇਸ਼ ਕੀਤੀ ਗਈ ਮੌਲਿਕ ਫਾਰਸੀ ਗ਼ਜ਼ਲ ਨੇ ਮਿਰਜ਼ਾ ਗ਼ਾਲਿਬ ਤੋਂ ਖ਼ੂਬ





*ਮੁਹੰਮਦ ਨਾਸਿਰ ਤੇ ਸਮਰੀਨ ਅਹਿਮਦ ਦੀ ਕਿਤਾਬ 'ਸੱਯਦ ਮਹਿਮੂਦ: ਕਾਲੋਨੀਅਲ ਇੰਡੀਆ'ਜ਼ ਡਿਸਸੈਂਟਿੰਗ ਜੱਜ' ਦਾ ਮੁਖੜਾ।*

ਵਾਹਵਾਹੀ ਖੱਟੀ। ਵੀਹ ਵਰ੍ਹਿਆਂ ਦੀ ਉਮਰ ਵਿਚ ਉਸ ਨੇ ਕ੍ਰਾਈਸਟ ਕਾਲਜ, ਕੈਂਬਰਿਜ ਵਿਚ ਅੰਗਰੇਜ਼ੀ ਦੇ ਪਰਚੇ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ। ਚਾਰਲਸ ਡਿਕਨਜ਼ ਉਸ ਨੂੰ ਆਪਣੀਆਂ ਅਦਬੀ ਮਹਿਫ਼ਿਲਾਂ ਵਿਚ ਆਪਣੇ ਨਾਲ ਲਿਜਾਇਆ ਕਰਦਾ ਸੀ। ਤੁਲਸੀ ਰਾਮਾਇਣ ਦੇ ਦੋਹੇ ਉਹ ਓਨੀ ਹੀ ਸ਼ਿੱਦਤ ਨਾਲ ਪੇਸ਼ ਕੀਤਾ ਕਰਦਾ ਸੀ ਜਿੰਨੀ ਆਸਾਨੀ ਨਾਲ ਫਿਰਦੌਸੀ ਦੇ ਕਥਨਾਂ ਦੇ ਹਵਾਲੇ। ਉਹ ਸੰਸਕ੍ਰਿਤ, ਫਾਰਸੀ ਤੇ ਉਰਦੂ ਦਾ ਗਿਆਨੀ ਵੀ ਸੀ ਅਤੇ ਅੰਗਰੇਜ਼ੀ, ਯੂਨਾਨੀ ਤੇ ਫਰਾਂਸੀਸੀ ਦਾ ਵੀ। ਇਨ੍ਹਾਂ ਭਾਸ਼ਾਵਾਂ ਦੇ ਅਦਬ ਨਾਲ ਉਸ ਦੇ ਮੋਹ ਦੀਆਂ ਦਰਜਨਾਂ ਮਿਸਾਲਾਂ ਉਸ ਦੇ ਫੈਸਲਿਆਂ ਦੀ ਤਹਿਰੀਰ ਵਿਚੋਂ ਮਿਲਦੀਆਂ ਹਨ।

ਇਸ ਲਾਮਿਸਾਲ ਹਸਤੀ ਦੀ ਜੀਵਨੀ 'ਸੱਯਦ ਮਹਿਮੂਦ: ਕਾਲੋਨੀਅਲ ਇੰਡੀਆ'ਜ਼ ਡਿਸਸੈਂਟਿੰਗ ਜੱਜ' ਹਾਲ ਹੀ ਵਿਚ ਪ੍ਰਕਾਸ਼ਿਤ ਹੋਈ ਹੈ। ਮੁਹੰਮਦ ਨਾਸਿਰ ਤੇ ਸਮਰੀਨ ਅਹਿਮਦ ਵੱਲੋਂ ਲਿਖਿਤ ਇਸ ਕਿਤਾਬ ਦੀ ਭੂਮਿਕਾ ਜਸਟਿਸ ਡੀ.ਵਾਈ. ਚੰਦਰਚੂੜ ਨੇ ਲਿਖੀ ਹੈ ਜੋ ਸੁਪਰੀਮ ਕੋਰਟ ਦੇ ਸਭ ਤੋਂ ਵੱਧ ਧੜੱਲੇਦਾਰ ਜੱਜ ਵਜੋਂ ਜਾਣੇ ਜਾਂਦੇ ਹਨ। ਇਸੇ ਕਿਤਾਬ ਵਿਚ (ਮਰਹੂਮ) ਜਸਟਿਸ ਜੇ.ਐੱਸ. ਵਰਮਾ ਦੇ ਹਵਾਲਿਆਂ ਰਾਹੀਂ ਇਹ ਦੱਸਿਆ ਗਿਆ ਹੈ ਕਿ ਭਾਰਤ ਵਿਚ ਅਦਾਲਤੀ ਕਾਰਕੁਨਵਾਦ (ਜਨਤਕ ਹਿੱਤਾਂ ਦੇ ਮਾਮਲਿਆਂ ਨੂੰ ਅਦਾਲਤਾਂ ਵੱਲੋਂ ਖੁਦ ਹੀ ਹੱਥਾਂ ਵਿਚ ਲਏ ਜਾਣਾ) ਦੀ ਪ੍ਰਥਾ ਜਸਟਿਸ ਸੱਯਦ ਮਹਿਮੂਦ ਨੇ ਤੋਰੀ ਅਤੇ ਉਨ੍ਹਾਂ ਦੇ ਫੈਸਲਿਆਂ ਨੇ ਜਸਟਿਸ ਵਰਮਾ ਦੀ ਸੋਚ-ਸੂਝ ਨੂੰ ਕਿਵੇਂ ਮੁਤਾਸਿਰ ਕੀਤਾ। ਸਾਖੀਕਾਰੀ ਤੋਂ ਮੁਕਤ ਹੈ ਇਹ ਕਿਤਾਬ। ਇਹ ਤੱਤ ਵੀ ਇਸ ਨੂੰ ਪੜ੍ਹਨਯੋਗ ਬਣਾਉਂਦਾ ਹੈ।

**ਸਿਰਜਣਾ ਦੀ ਜੂਹ:** ਸ਼ਬਦਾਂ ਨੂੰ ਖ਼ੂਬਸੂਰਤੀ ਨਾਲ ਫਿਕਰਿਆਂ ਵਿਚ ਜੜਨ ਦਾ ਜੋ ਸਲੀਕਾ ਜਸਬੀਰ ਭੁੱਲਰ ਹੁਰਾਂ ਕੋਲ ਹੈ, ਉਹ ਬਹੁਤ ਘੱਟ ਪੰਜਾਬੀ ਲੇਖਕਾਂ ਦੇ ਹਿੱਸੇ ਆਇਆ ਹੈ। ਮਿਠਾਸ ਉਨ੍ਹਾਂ ਦੇ ਲੇਖਣ ਦੀ ਖ਼ੂਬੀ ਵੀ ਰਹੀ ਹੈ ਅਤੇ ਤਾਸੀਰ ਵੀ। ਤਿੰਨ ਦਰਜਨ ਦੇ ਕਰੀਬ ਪੁਸਤਕਾਂ ਉਨ੍ਹਾਂ ਦੇ ਇਸ ਹੁਨਰ ਦਾ ਪ੍ਰਮਾਣ ਹਨ। ਹੁਣ ਨਵੀਂ ਪੁਸਤਕ 'ਸਿਰਜਣਾ ਦੀ ਜੂਹ' ਇਸੇ ਸਿਲਸਿਲੇ ਦੀ ਅਗਲੀ ਕੜੀ ਹੈ। ਚਾਰ ਸਾਹਿਤਕਾਰਾਂ ਅਤੇ ਚਾਰ ਚਿੱਤਰਕਾਰਾਂ ਨਾਲ ਲੰਮੀਆਂ ਮੁਲਾਕਾਤਾਂ ਦਾ ਸੰਗ੍ਰਹਿ ਹੈ ਇਹ ਪੁਸਤਕ। ਇਨ੍ਹਾਂ ਮੁਲਾਕਾਤਾਂ ਦਾ ਪ੍ਰੇਰਨਾ-ਸਰੋਤ 'ਰਾਈਟਰਜ਼ ਐਟ ਵਰਕ' ਨਾਮੀ ਪੁਸਤਕਮਾਲਾ ਸੀ ਜੋ 'ਪੈਰਿਸ ਰੀਵਿਊ' ਰਸਾਲੇ ਵੱਲੋਂ ਪ੍ਰਕਾਸ਼ਿਤ ਕੀਤੀ ਗਈ। ਇਸ ਪ੍ਰਸੰਗ ਨੂੰ ਵੱਧ ਸਪੱਸ਼ਟ ਕਰਨ ਲਈ ਭੁੱਲਰ ਲਿਖਦੇ ਹਨ: "ਲੇਖਕਾਂ ਤੇ ਚਿੱਤਰਕਾਰਾਂ ਨਾਲ ਸਹਿਜ ਗੱਲਬਾਤ ਇਕ ਮੁਨਾਸਿਬ ਤਰੀਕਾ ਹੈ ਉਨ੍ਹਾਂ ਦੀ ਸਿਰਜਣਾ ਦੀ ਜੂਹ ਵੱਲ ਝਾਤੀ ਮਾਰਨ ਦਾ। ... ਜਿੱਥੇ ਸਿਰਜਣਾ ਦੇ ਅਮਲ ਦਾ ਇਕ ਅਨੂਠਾ ਸੰਸਾਰ ਹੈ, ਆਪਣਾ ਅਨੁਭਵ ਹੈ ਤੇ ਆਪਣਾ ਤਰੀਕਾ।"

ਇਹ ਮੁਲਾਕਾਤਾਂ ਕਿਸੇ ਮਿੱਥੇ ਹੋਏ ਸਾਂਚੇ ਵਿਚ ਨਹੀਂ ਢਲੀਆਂ ਹੋਈਆਂ, ਮੁਕਤ ਵਹਿਣ ਵਰਗੀਆਂ ਹਨ; ਅਜਿਹਾ ਵਹਾਅ ਜੋ ਸਬੰਧਤ ਹਸਤੀਆਂ ਦੇ ਸਿਰਜਣ ਕਲਾ ਤੇ ਰਚਨਾਤਮਿਕ ਸੂਹਜ ਦੇ ਦੀਦਾਰ ਖੁੱਲ੍ਹ ਕੇ ਕਰਵਾਉਂਦਾ ਹੈ। ਲੇਖਕਾਂ ਵਿਚ ਅੰਮ੍ਰਿਤਾ ਪ੍ਰੀਤਮ, ਗੁਰਬਚਨ ਭੁੱਲਰ, ਸੁਖਵੰਤ ਕੌਰ ਮਾਨ ਅਤੇ ਖੁਦ ਜਸਬੀਰ ਭੁੱਲਰ (ਮੁੱਖ ਤੌਰ 'ਤੇ ਗੁਰਬਚਨ ਸਿੰਘ ਭੁੱਲਰ ਹੋਰਾਂ ਵੱਲੋਂ ਸੇਧਿਤ ਸਵਾਲਾਂ ਦੇ ਜਵਾਬਾਂ ਰਾਹੀਂ) ਸ਼ਾਮਲ ਹਨ। ਚਿੱਤਰਕਾਰ ਹਨ: ਪ੍ਰੇਮ ਸਿੰਘ, ਜਗਦੀਪ ਗਰਚਾ, ਸਤਵੰਤ ਸੁਮੇਲ ਤੇ ਮਦਨ ਲਾਲ। ਵਿਚਾਰ-ਚਰਚਾ ਦੇ ਮਿਆਰ ਪੱਖੋਂ ਰੂਹ ਨੂੰ ਤ੍ਰਿਪਤ ਕਰਨ ਵਾਲੀਆਂ ਹਨ ਇਹ ਮੁਲਾਕਾਤਾਂ। ਇਨ੍ਹਾਂ ਅੰਦਰਲੇ ਤਰਜ਼-ਇ-ਇਜ਼ਹਾਰ ਵਿਚ ਬੇਬਾਕੀ ਵੀ ਹੈ ਅਤੇ ਸੂਹਜ ਵੀ। ਜਿਵੇਂ ਅੰਮ੍ਰਿਤਾ ਪ੍ਰੀਤਮ ਕਹਿੰਦੀ ਹੈ: "ਕੰਬਖਤ ਲੇਖਕ, ਜਦੋਂ ਪਾਤਰਾਂ ਨੂੰ ਵੇਖਦਾ ਹੈ ਤਾਂ ਇਕ ਵਿੱਥ 'ਤੇ ਖਲੋ ਕੇ ਵੇਖਦਾ ਹੈ, ਪਰ ਜਦੋਂ ਲਿਖਦਾ ਹੈ ਤਾਂ ਉਨ੍ਹਾਂ ਦੀਆਂ ਹੋਣੀਆਂ ਮੱਥੇ ਧਰ ਲੈਂਦਾ ਹੈ।" (ਪੰਨਾ 17)। ਗੁਰਬਚਨ ਸਿੰਘ ਭੁੱਲਰ ਦਾ ਕਥਨ ਹੈ: "ਲੇਖਕ ਦੀ ਮਿਹਨਤ ਬਹੁਤ ਲੰਮੀ, ਸਖਤ ਅਤੇ ਠਰ੍ਹੰਮੇ ਭਰੀ ਹੁੰਦੀ ਹੈ। ਇਹ ਮਿਹਨਤ ਉਹਨੂੰ ਆਪਣੇ ਸਾਧਾਰਨ ਸੰਸਾਰ ਵਿਚ ਵੀ ਨਿਰੰਤਰ ਕਰਨੀ ਪੈਂਦੀ ਹੈ ਅਤੇ ਕਰਤਾਰੀ ਸੰਸਾਰ ਵਿਚ ਵੀ।" (ਪੰਨਾ 36)। ਪੜ੍ਹਨ-ਜਾਣਨ ਨੂੰ ਬੜਾ ਕੁਝ ਹੈ ਇਸ ਪੁਸਤਕ ਵਿਚ।







*ਸਰ ਸੱਯਦ ਅਹਿਮਦ ਖਾਨ (ਵਿਚਕਾਰ) ਆਪਣੇ ਪੁੱਤਰ ਸੱਯਦ ਮਹਿਮੂਦ (ਸੱਜੇ) ਅਤੇ ਨਵਾਬ ਮੋਹਸਿਨ ਉਲ-ਮਲਕ ਨਾਲ; ਐਨ ਸੱਜੇ: ਜਸਬੀਰ ਭੁੱਲਰ ਦੀ ਕਿਤਾਬ 'ਸਿਰਜਣਾ ਦੀ ਜੂਹ'।*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਜੂਨ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-539



**ਪਿੰਡੋਂ ਪਿੰਡ ਸ਼ਹਿਰੋਂ ਸ਼ਹਿਰ, ਚੱਲਦੇ ਜਾਂਦੇ ਨੇ ਵਣਜਾਰੇ,**
**ਦੌਲਤਖਾਨਾ ਬੱਸ ਗੱਡੀ ਹੈ, ਰੜ੍ਹੇ ਬੈਠ ਕੇ ਕਰਨ ਗੁਜ਼ਾਰੇ।**
**ਰੁੱਖੀ ਮਿੱਸੀ ਲਿਖੀ ਜੋ ਦਾਤੇ, ਖਾ ਕੇ ਸ਼ੁਕਰ ਮਨਾਉਂਦੇ ਨੇ,**
**ਜ਼ਿੰਦਗੀ 'ਤੇ ਨਾ ਹੈ ਸ਼ਿਕਵਾ, ਹੱਸ ਕੇ ਵਕਤ ਲੰਘਾਉਂਦੇ ਨੇ।**

### ਕੈਪਸ਼ਨ ਮੁਕਾਬਲਾ-537



ਰਾਖ ਦਾ ਪਾਉਡਰ ਜਿਸਮ 'ਤੇ ਲਾ ਕੇ,
ਚੁੱਲ੍ਹੇ ਨੂੰ ਆਪਣਾ ਤਖਤ ਬਣਾ ਕੇ।
ਬਚਪਨ ਬਾਦਸ਼ਾਹ ਬਣ ਕੇ ਬਹਿੰਦਾ,
ਸਭ ਨੂੰ ਆਪਣਾ ਆਪਣਾ ਕਹਿੰਦਾ।
ਅੱਜ ਰਾਜੇ ਦਾ ਰੂਪ ਬਦਲ ਗਿਆ,
ਜਾਤਾਂ-ਧਰਮਾ ਦੇ ਲਾਉਂਦਾ ਨਾਹਰੇ।
ਖਲਕਤ ਪਾਟੋ-ਧਾੜ ਹੋ ਗਈ,
ਬੰਦਾ ਹੀ ਬੰਦੇ ਨੂੰ ਮਾਰੇ।
***-ਗੁਰਦੇਵ ਸਿੰਘ ਢਪਾਲੀ***
***ਫੋਨ: 94176-49275***

---

ਮਾਲਕ ਅਸੀਂ ਹਾਂ ਮਰਜ਼ੀ ਦੇ
ਸ਼ਾਹੀ ਉਮਰ ਹੰਢਾਉਂਦੇ ਹਾਂ।
ਨਹੀਂ ਕਿਸੇ ਦੀ ਪ੍ਰਵਾਹ ਅਸਾਨੂੰ
ਮਰਜ਼ੀ ਅਸੀਂ ਪੁਗਾਉਂਦੇ ਹਾਂ।
ਕੀ ਆਖੂ ਕੋਈ ਦੇਖਣ ਵਾਲਾ?
ਮਨ 'ਤੇ ਕਦੇ ਨਾ ਲਾਉਂਦੇ ਹਾਂ।
***-ਜਗਮੀਤ ਸਿੰਘ ਪੰਧੇਰ***
***ਫੋਨ:+1 2042963177***

---

ਦੁਪਹਿਰੇ ਮਾਂ ਅਵੇਸਲੀ ਹੋਈ,
ਬੱਚਾ ਬੈਠਾ ਚੁਲ੍ਹੇ ਨੂੰ ਸੀਟ ਬਣਾ ਕੇ।
ਸ਼ੁਕਰ ਹੈ ਗਵਾਹ ਠੰਢੀ ਸੀ ਹੋਗੀ,
ਬੈਠਾ ਮਜ਼ੇ ਨਾਲ
ਸੁਆਹ ਦਾ ਟਿੱਕਾ ਲਾ ਕੇ।
ਕਹਿੰਦੇ ਕੋਲਿਆਂ ਦੀ ਦਲਾਲੀ 'ਚ
ਮੂੰਹ ਕਾਲਾ,
ਡਰ ਨਾਲ ਸਹਿਮਿਆ ਸੁਆਹ ਲਾਹਵੇ।
ਝਾੜਨ ਨਾਲ ਖੇਹ ਸਾਰੇ ਫੈਲੀ,
ਸੋਚੇ ਹੁਣ ਕਿੱਧਰ ਨੂੰ ਜਾਵੇ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਬੱਚਾ ਕੀ ਜਾਣੇ ਚੁੱਲ੍ਹਾ ਜਾਂ ਕੁਰਸੀ
ਪੂਰਾ ਫਿੱਟ ਬੈਠ,
ਪੈਰ ਵੀ ਥੱਲੇ ਲੱਗ ਜਾਂਦੇ
ਅੱਲ੍ਹੜ ਉਮਰ ਬਚਪਨਾ
ਸ਼ਰਾਰਤੀ ਹੁੰਦਾ
ਦੇਖਿਆ ਜਿਵੇਂ ਗਜਾ ਮੰਗਦੇ ਸਾਧਾਂ ਨੂੰ
ਉਂਜ ਹੀ ਭਬੂਤੀ ਸੁਆਹ ਬਦਨ 'ਤੇ ਮਲ
ਨਰਮ ਨਰਮ ਸੁਆਹ ਉਤੇ ਬੈਠਿਆਂ
ਮਜ਼ਾ ਵੀ ਆਉਂਦਾ
ਨਾਲੇ ਸਸਤਾ ਸੌਦਾ ਖੇਡਣ ਮੱਲਣ ਦਾ
ਫਰਕ ਸਾਬਤ ਕਰਦਾ
ਅਮੀਰੀ ਗਰੀਬੀ ਦਾ
ਅਮੀਰਾਂ ਦੇ ਬੱਚੇ ਕਦੇ
ਚੁਲ੍ਹਿਆਂ 'ਚ ਨਹੀਂ ਬੈਠਦੇ
ਪਲੈਟੋ ਨੇ ਠੀਕ ਕਿਹਾ,
ਬੱਚਾ ਜੰਮਿਆ ਆਜ਼ਾਦ
ਪਰ ਅੱਜ ਹੈ ਜਕੜਿਆ ਹੋਇਆ।
***-ਦਰਸ਼ਨ ਪਾਲ ਦੋਸਾਂਝ***

# ਪਾਕੀਜ਼ਾ: ਮੀਨਾ ਕੁਮਾਰੀ ਦਾ ਆਖਰੀ ਤੋਹਫਾ

ਗੱਲ ਜੁਲਾਈ 1972 ਦੀ ਹੈ ਜਦੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜ਼ੁਲਫਿਕਾਰ ਅਲੀ ਭੁੱਟੋ ਭਾਰਤ ਆਏ ਸਨ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਨਾਲ ਸ਼ਿਮਲਾ ਵਿਚ ਉਨ੍ਹਾਂ ਦੀ ਅਹਿਮ ਗੱਲਬਾਤ ਚੱਲ ਰਹੀ ਸੀ। ਬੇਨਜ਼ੀਰ ਭੁੱਟੋ ਜੋ ਉਸ ਵੇਲੇ ਲਗਭਗ 19 ਸਾਲਾਂ ਦੇ ਸਨ ਤੇ ਉਹ ਵੀ ਆਪਣੇ ਪਿਤਾ ਨਾਲ ਭਾਰਤ ਆਏ ਸਨ। ਅਚਾਨਕ ਉਨ੍ਹਾਂ ਨੇ ਫਿਲਮ ਪਾਕੀਜ਼ਾ ਦੇਖਣ ਦੀ ਇੱਛਾ ਜ਼ਾਹਰ ਕਰ ਦਿੱਤੀ। ਇਸ ਬੈਠਕ ਤੋਂ ਕੁਝ ਮਹੀਨੇ ਪਹਿਲਾਂ ਹੀ, 4 ਫਰਵਰੀ 1972 ਨੂੰ ਪਾਕੀਜ਼ਾ ਫਿਲਮ ਪਰਦੇ 'ਤੇ ਆਈ ਸੀ। ਸਾਬਕਾ ਆਈ.ਏ.ਐਸ. ਅਫਸਰ ਐਮ.ਕੇ. ਕੌ ਨੇ ਆਪਣੀ ਕਿਤਾਬ 'ਐਨ ਆਊਟਸਾਈਡਰ ਐਵਰੀਵੇਅਰ' ਵਿਚ ਲਿਖਿਆ ਹੈ, "ਮੈਂ ਤੁਰੰਤ ਸ਼ਿਮਲਾ ਦੇ ਡਿਪਟੀ ਕਮਿਸ਼ਨਰ ਨਾਲ ਗੱਲ ਕੀਤੀ। ਬੇਨਜ਼ੀਰ ਲਈ ਰਿਟਜ਼ ਸਿਨੇਮਾ

ਵੰਦਨਾ

ਵਿਚ ਵਿਸ਼ੇਸ਼ ਸ਼ੋਅ ਦਾ ਪ੍ਰਬੰਧ ਕੀਤਾ ਗਿਆ। ਹਾਲ ਵਿਚ ਸਿਰਫ ਤਿੰਨ ਲੋਕ ਸਨ।"

ਇਹ ਛੋਟਾ ਜਿਹਾ ਕਿੱਸਾ ਦੱਸਦਾ ਹੈ ਕਿ 50 ਸਾਲ ਪਹਿਲਾਂ 4 ਫਰਵਰੀ 1972 ਨੂੰ ਰਿਲੀਜ਼ ਹੋਈ ਕਮਾਲ ਅਮਰੋਹੀ ਅਤੇ ਮੀਨਾ ਕੁਮਾਰੀ ਦੀ ਫਿਲਮ 'ਪਾਕੀਜ਼ਾ' ਦਾ ਜਾਦੂ ਕਿਹੋ ਜਿਹਾ ਸੀ। ਫਿਲਮ ਦੇ ਇੱਕ ਦ੍ਰਿਸ਼ ਤੋਂ ਇਸ ਜਾਦੂਈ ਫਿਲਮ ਦੀ ਰੂਹ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ।

"ਕਲ ਹਮ ਏਕ ਮੁਜਰੇ ਮੇਂ ਜਾ ਰਹੇ ਹੈਂ... ਏਕ ਦਿਨ ਕੇ ਲਿਏ ਤੁਮਹਾਰੀ ਤਕਦੀਰ ਹਮੇਂ ਚਾਹੀਏ, ਪਰਸੋਂ ਲੌਟਾ ਦੇਂਗੇ।" ਫਿਲਮ ਵਿਚ, ਸਾਹਮਣੇ ਵਾਲੇ ਕੋਠੇ ਦੇ ਛੱਜੇ ਤੋਂ ਜਦੋਂ ਉਹ ਤਵਾਇਫ ਮੀਨਾ ਕੁਮਾਰੀ, ਭਾਵ ਸਾਹਿਬਜਾਨ ਨੂੰ ਇਹ ਅਲਫਾਜ਼ ਕਹਿੰਦੀ ਹੈ ਤਾਂ ਤੁਸੀਂ ਸਮਝ ਜਾਂਦੇ ਹੋ ਕਿ ਦੁਨੀਆ ਦੀਆਂ ਨਜ਼ਰਾਂ 'ਚ ਸਾਹਿਬਜਾਨ ਦੀ ਕਿਸਮਤ ਬੁਲੰਦੀਆਂ 'ਤੇ ਹੈ ਪਰ ਕੋਠੇ 'ਤੇ ਬੈਠੀ ਸਾਹਿਬਜਾਨ (ਮੀਨਾ ਕੁਮਾਰੀ) ਅਜੀਬ ਜਿਹੀ ਉਦਾਸੀਨਤਾ ਨਾਲ ਜਵਾਬ ਦਿੰਦੀ ਹੈ, "ਹਾਂ ਹਾਂ ਜ਼ਰੂਰ ਲੇ ਜਾਨਾ (ਤਕਦੀਰ), ਫਿਰ ਚਾਹੇ ਵਾਪਿਸ ਭੀ ਮਤ ਕਰਨਾ।"

ਫਿਲਮ ਪਾਕੀਜ਼ਾ 'ਚ ਸਾਹਿਬਜਾਨ ਬਣੀ ਮੀਨਾ ਕੁਮਾਰੀ ਦੇ ਇਹ ਅਲਫਾਜ਼ ਸਾਹਿਬਜਾਨ ਦੀ ਜ਼ਿੰਦਗੀ, ਭਾਵਨਾਵਾਂ, ਕਸ਼ਮਕਸ਼ ਤੇ ਬੇਵਸੀ ਬਾਰੇ ਸਭ ਕੁਝ ਦੱਸ ਦਿੰਦੇ ਹਨ। ਗਹੁ ਨਾਲ ਦੇਖੀਏ ਤਾਂ ਪਾਕੀਜ਼ਾ ਦੀ ਕਹਾਣੀ ਕਈ ਵਾਰ ਕਹੀ ਜਾ ਚੁੱਕੀ ਹੈ। ਤਵਾਇਫ ਹੈ, 'ਸਤਿਕਾਰਯੋਗ' ਪਰਿਵਾਰ ਦਾ ਮੁੰਡਾ ਹੈ ਅਤੇ ਉਨ੍ਹਾਂ ਦੀ ਪ੍ਰੇਮ ਕਹਾਣੀ ਹੈ। ਕਹਾਣੀ ਸ਼ਾਇਦ ਬਹੁਤ ਵੱਖਰੀ ਨਹੀਂ ਪਰ ਜਿਸ ਤਰੀਕੇ ਨਾਲ ਇਹ ਕਹਾਣੀ ਕਹੀ ਗਈ ਹੈ, ਉਹੀ ਪਾਕੀਜ਼ਾ ਨੂੰ ਖਾਸ ਬਣਾਉਂਦਾ ਹੈ।

ਇਹ ਸਾਹਿਬਜਾਨ (ਮੀਨਾ ਕੁਮਾਰੀ) ਅਤੇ ਸਲੀਮ (ਰਾਜ ਕੁਮਾਰ) ਦੀ ਦਾਸਤਾਨ ਹੈ - ਰਾਤ ਨੂੰ ਰੇਲ ਦੇ ਇੱਕ ਡੱਬੇ ਵਿਚ ਇਸ਼ਕ ਦੀ ਅਜਿਹੀ ਕਹਾਣੀ ਜਿੱਥੇ ਸਲੀਮ ਨੇ ਸਿਰਫ ਸਾਹਿਬਜਾਨ ਦੇ ਸੁੰਦਰ ਪੈਰ ਦੇਖੇ ਹਨ; ਤੇ ਸਾਹਿਬਜਾਨ ਨੇ ਸਿਰਫ ਕੁਝ ਅਲਫਾਜ਼ ਵਾਲੀ ਉਹ ਚਿੱਠੀ ਪੜ੍ਹੀ ਹੈ ਜਿਸ ਨੂੰ ਸਲੀਮ ਚੁੱਪ-ਚਾਪ ਉਹਦੇ ਲਈ ਛੱਡ ਗਿਆ ਹੈ- "ਆਪਕੇ ਪਾਂਵ ਦੇਖੇ, ਬਹੁਤ ਹਸੀਨ ਹੈਂ। ਇਨ੍ਹੇਂ ਜ਼ਮੀਨ ਪਰ ਮਤ ਉਤਾਰੀਏਗਾ, ਮੈਲੇ ਹੋ ਜਾਏਂਗੇ।" ਪਰ ਦੋ ਜੀਆਂ ਦੀ ਪ੍ਰੇਮ ਕਹਾਣੀ ਤੋਂ ਪਰੇ, ਅਸਲ ਵਿਚ ਇਹ ਸਾਹਿਬਜਾਨ ਦੇ ਸੰਘਰਸ਼, ਹਸਰਤ ਅਤੇ ਤੜਫ ਦੀ ਕਹਾਣੀ ਹੈ - ਤੜਫ ਕਿ ਉਹ ਜਿਹੋ ਜਿਹੀ ਵੀ ਹੈ, ਉਸ ਦਾ ਜੋ ਵੀ ਅਤੀਤ ਹੈ, ਕੀ ਸਮਾਜ ਉਸ ਨੂੰ ਉਸੇ ਹਾਲ 'ਚ ਸਵੀਕਾਰ ਕਰੇਗਾ ਜਾਂ ਠੁਕਰਾ ਦੇਵੇਗਾ? ਇਹੀ ਸਵਾਲ ਨਿਰਦੇਸ਼ਕ ਕਮਾਲ ਅਮਰੋਹੀ ਦੀ ਫਿਲਮ ਪਾਕੀਜ਼ਾ ਨੂੰ ਵੀ ਅਮਰ ਬਣਾ ਦਿੰਦਾ ਹੈ। ਪਾਕੀਜ਼ਾ ਅਜਿਹੀ ਮਨੁੱਖੀ ਭਾਵਨਾ ਨੂੰ ਛੂਹ ਜਾਂਦੀ ਹੈ ਜਿਸ ਨਾਲ ਇਨਸਾਨ ਕਦੇ ਨਾ ਕਦੇ ਜੁੜਦਾ ਹੀ ਹੈ - ਸਵੀਕਾਰੇ ਜਾਣ ਦਾ ਸਵਾਲ।

ਫਿਲਮ 'ਚ ਹਰ ਰਾਤ ਮੀਨਾ ਕੁਮਾਰੀ ਰੇਲਗੱਡੀ ਦੀ ਆਵਾਜ਼ ਸੁਣਦੀ ਹੈ ਅਤੇ ਉਸ ਅਣਜਾਣ ਸ਼ਖਸ ਨੂੰ ਯਾਦ ਕਰਦੀ ਕਹਿੰਦੀ ਹੈ- "ਹਰ ਰਾਤ ਤੀਨ ਬਜੇ ਏਕ ਰੇਲਗਾੜੀ ਅਪਨੀ ਪਟਰੀਯੋਂ ਸੇ ਉਤਰ ਕਰ ਮੇਰੇ ਦਿਲ ਸੇ ਗੁਜ਼ਰਤੀ ਹੈ... ਔਰ ਮੁਝੇ ਏਕ ਪੈਗਾਮ ਦੇ ਜਾਤੀ ਹੈ।"

ਕਿਸੇ ਤਵਾਇਫ ਦੀ ਇਹ ਤੜਫ ਉਸ ਗੁਮਨਾਮ ਸ਼ਖਸ ਲਈ ਹੈ ਜੋ ਉਸ ਦੇ ਪੈਰਾਂ ਦੇ ਨਾਂ ਹਸੀਨ ਪੈਗਾਮ ਲਿਖ ਗਿਆ ਹੈ। ਉਹ ਪੈਰ ਜੋ ਸਿਰਫ ਦੂਸਰਿਆਂ ਲਈ ਸ਼ਾਮਾਂ ਨੂੰ ਥਿਰਕਦੇ ਰਹੇ ਹਨ ਪਰ ਕੋਠੇ 'ਚ ਰਹਿਣ ਵਾਲੀ ਸਾਹਿਬਜਾਨ (ਮੀਨਾ ਕੁਮਾਰੀ) ਦੀ ਸਹੇਲੀ ਉਸ ਨੂੰ ਹਕੀਕਤ ਦਾ ਅਹਿਸਾਸ ਕਰਵਾਉਂਦੀ ਹੈ- "ਯੇ ਪੈਗਾਮ ਤੇਰੇ ਲਿਏ ਨਹੀਂ ਹੈ। ਉਸ ਵਕਤ ਤੇਰੇ ਪੈਰੋਂ ਮੇਂ ਘੁੰਘਰੂ ਬੰਧੇ ਹੁਏ ਨਹੀਂ ਹੋਂਗੇ। ਅਗਰ ਘੁੰਗਰੂ ਬੰਧੇ ਹੁਏ ਹੋਤੇ ਤੋ ਕੈਸੇ ਕੋਈ ਕਹਿਤਾ ਕੇ ਇਨ ਪੈਰੋਂ ਕੋ ਜ਼ਮੀਂ ਪਰ ਮਤ ਰਖਨਾ। ਯੇ ਪੈਗਾਮ ਤੋ ਹੈ ਲੇਕਿਨ ਭਟਕ ਗਯਾ ਹੈ।"

ਪਾਕੀਜ਼ਾ ਭਾਵਨਾਵਾਂ ਦੀ ਕਹਾਣੀ ਹੈ, ਤਵਾਇਫਾਂ ਅਤੇ ਕੋਠਿਆਂ ਦੀ ਕਹਾਣੀ ਹੈ, ਮੁਸਲਿਮ ਸਮਾਜ ਨੂੰ ਦਰਸਾਉਂਦੀ ਦਾਸਤਾਨ ਹੈ ਪਰ ਸਭ ਤੋਂ ਖ਼ੂਬਸੂਰਤ ਗੱਲ ਇਹ ਹੈ ਕਿ ਇਹ ਔਰਤ ਦੇ ਨਜ਼ਰੀਏ ਤੋਂ ਕਹੀ ਔਰਤ ਦੀ ਕਹਾਣੀ ਹੈ ਜੋ ਆਮ ਤੌਰ 'ਤੇ ਘੱਟ ਹੀ ਦੇਖਣ ਨੂੰ ਮਿਲਦਾ ਹੈ।

ਉਂਝ ਤਾਂ ਪਾਕੀਜ਼ਾ ਵਿਚ ਰਾਜ ਕੁਮਾਰ, ਅਸ਼ੋਕ ਕੁਮਾਰ ਤੇ ਕਈ ਹੋਰ ਕਿਰਦਾਰ ਹਨ ਪਰ ਫਿਲਮ ਦੀ ਜਾਨ ਮੀਨਾ ਕੁਮਾਰੀ ਹੈ। ਆਪਣੀ ਅਦਾਕਾਰੀ ਨਾਲ ਮੀਨਾ ਕੁਮਾਰੀ ਨੇ ਔਰਤ ਦੇ ਸੁਪਨਿਆਂ ਅਤੇ ਤਵਾਇਫ ਦੀ ਦੁਬਿਧਾ ਨੂੰ ਬੜੀ ਗੰਭੀਰਤਾ ਅਤੇ ਕੋਮਲਤਾ ਨਾਲ ਨਿਭਾਇਆ ਹੈ। ਫਿਲਮ ਵਿਚ ਮੀਨਾ ਕੁਮਾਰੀ ਦੀਆਂ ਅੱਖਾਂ ਦਾ ਉਹ ਦਰਦ ਸੱਚਾ ਜਾਪਦਾ ਹੈ ਜਦੋਂ ਟੁੱਟੀ ਹੋਈ ਸਾਹਿਬਜਾਨ ਕਹਿੰਦੀ ਹੈ- "ਯੇ ਹਮਾਰੇ ਕੋਠੇ, ਹਮਾਰੇ ਮਕਬਰੇ ਹੈਂ ਜਿਨ ਮੇਂ ਮੁਰਦਾ ਔਰਤੋਂ ਕੇ ਜ਼ਿੰਦਾ ਜਨਾਜ਼ੇ ਸਜਾ ਕਰ ਰੱਖ ਦਿਏ ਜਾਤੇ ਹੈਂ। ਹਮਾਰੀ ਕਬਰੇਂ ਪਾਟੀ ਨਹੀਂ ਜਾਤੀਂ, ਖੁਲੀ ਛੋੜ ਦੀ ਜਾਤੀ ਹੈਂ। ਮੈਂ ਐਸੀ ਹੀ ਕਿਸੀ ਖੁਲੀ ਹੁਈ ਕਬਰ ਕੀ ਬੇਸਬਰ ਲਾਸ਼ ਹੂੰ।"



ਫਿਲਮ 'ਪਾਕੀਜ਼ਾ' ਵਿਚ ਮੀਨਾ ਕੁਮਾਰੀ।

ਰਾਜ ਕੁਮਾਰ (ਸਲੀਮ) ਤੋਂ ਸੰਸਾਰ ਭਰ ਦੀ ਮੁਹੱਬਤ ਮਿਲਣ ਦੇ ਬਾਅਦ ਵੀ ਸਾਹਿਬਜਾਨ (ਮੀਨਾ ਕੁਮਾਰੀ) ਆਪਣੇ ਆਪ ਨੂੰ ਇਸ 'ਅਪਰਾਧ ਬੋਧ' ਤੋਂ ਮੁਕਤ ਨਹੀਂ ਕਰ ਸਕੀ ਕਿ ਉਹ ਆਖਰਕਾਰ ਤਵਾਇਫ ਹੈ; ਜਾਂ ਕਹੀਏ ਕਿ ਸਮਾਜ ਉਸ ਨੂੰ ਇਹ ਗੱਲ ਕਦੇ ਭੁੱਲਣ ਨਹੀਂ ਦਿੰਦਾ। ਉਸ ਸਮੇਂ ਉਹ ਸਿਰਫ ਸਮਾਜ ਨਾਲ ਹੀ ਨਹੀਂ, ਆਪਣੇ ਆਪ ਨਾਲ ਵੀ ਲੜ ਰਹੀ ਹੁੰਦੀ ਹੈ।

ਇਹ ਫਿਲਮ ਬਣਾਉਣੀ ਮੀਨਾ ਕੁਮਾਰੀ ਤੇ ਕਮਾਲ ਅਮਰੋਹੀ, ਦੋਵਾਂ ਲਈ ਹੀ ਆਸਾਨ ਨਹੀਂ ਸੀ। ਫਿਲਮ ਦੇ ਨਿਰਮਾਣ ਦੀ ਕਹਾਣੀ ਵੀ ਫਿਲਮ ਜਿੰਨੀ ਦਿਲਚਸਪ ਅਤੇ ਉਤਰਾਅ-ਚੜ੍ਹਾਅ ਵਾਲੀ ਹੈ। ਪਾਕੀਜ਼ਾ ਕਮਾਲ ਅਮਰੋਹੀ ਦਾ ਸ਼ਾਨਦਾਰ ਸੁਪਨਾ ਸੀ। ਇਸ ਫਿਲਮ ਦੀ ਸ਼ੂਟਿੰਗ 1954-1955 ਦੇ ਨੇੜੇ-ਤੇੜੇ ਸ਼ੁਰੂ ਹੋਈ। ਉਦੋਂ ਮੀਨਾ ਕੁਮਾਰੀ ਅਤੇ ਕਮਾਲ ਅਮਰੋਹੀ ਦਾ ਇਸ਼ਕ ਸਿਖਰਾਂ 'ਤੇ ਸੀ ਅਤੇ ਦੋਵਾਂ ਦਾ ਨਿਕਾਹ ਵੀ ਹੋ ਚੁੱਕਿਆ ਸੀ ਪਰ ਹੌਲੀ-ਹੌਲੀ ਮੀਨਾ ਕੁਮਾਰੀ ਅਤੇ ਕਮਾਲ ਅਮਰੋਹੀ ਵਿਚਾਲੇ ਦੂਰੀਆਂ ਵਧਣ ਲੱਗੀਆਂ ਅਤੇ 1964 ਤੋਂ ਬਾਅਦ ਦੋਵੇਂ ਵੱਖ-ਵੱਖ ਰਹਿਣ ਲੱਗ ਪਏ।

ਦਮ ਤੋੜਦੇ ਰਿਸ਼ਤਿਆਂ ਦੀ ਧੁਰ ਫਿਲਮ 'ਤੇ ਜੰਮਣ ਲਗੀ ਅਤੇ ਫਿਲਮ ਦਾ ਕੰਮ ਪੂਰੀ ਤਰ੍ਹਾਂ ਬੰਦ ਹੋ ਗਿਆ। ਇਸ ਦੌਰਾਨ ਮੀਨਾ ਕੁਮਾਰੀ ਕਾਫੀ ਬਿਮਾਰ ਰਹਿਣ ਲੱਗੇ। ਫਿਲਮੀ ਦੁਨੀਆ ਦੇ ਸਿਖਰ 'ਤੇ ਬੈਠੀ ਮੀਨਾ ਨੂੰ ਸ਼ਰਾਬ ਦੀ ਲਤ ਲੱਗ ਗਈ। ਉਹ ਇਲਾਜ ਲਈ ਵਿਦੇਸ਼ ਚਲੇ ਗਏ। ਉਨ੍ਹਾਂ ਦੇ ਚਿਹਰੇ ਅਤੇ ਸਰੀਰ ਵਿਚ ਕਈ ਬਦਲਾਅ ਆ ਚੁੱਕੇ ਸਨ।

ਦਿਲਾਂ 'ਚ ਬੈਠੀ ਕਠੋਰਤਾ ਨੂੰ ਕੁਝ ਸਮੇਂ ਨੇ ਘੱਟ ਕਰ ਦਿੱਤਾ ਅਤੇ ਕੁਝ ਹਾਲਾਤ ਨੇ। ਸਭ ਕੁਝ ਇੱਕ ਪਾਸੇ ਰੱਖ ਕੇ ਮੀਨਾ ਕੁਮਾਰੀ ਅਤੇ ਕਮਾਲ ਅਮਰੋਹੀ ਨੇ 1968 'ਚ ਦੁਬਾਰਾ ਫਿਲਮ 'ਤੇ ਜੀ-ਜਾਨ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ। ਫਿਲਮ 'ਪਾਕੀਜ਼ਾ' ਦੇ ਗੀਤ ਅਤੇ ਮੁਜਰੇ ਇਸ ਫਿਲਮ ਦੀ ਰੂਹ ਹਨ ਪਰ ਜਦੋਂ ਫਿਲਮ ਦੀ ਸ਼ੂਟਿੰਗ ਦੁਬਾਰਾ ਸ਼ੁਰੂ ਹੋਈ ਤਾਂ ਮੀਨਾ ਕੁਮਾਰੀ ਦੀ ਸਿਹਤ ਅਜਿਹੀ ਨਹੀਂ ਸੀ ਕਿ ਉਹ ਔਖੇ ਡਾਂਸ ਸਟੈਪ ਕਰ ਸਕਣ। ਇਸ ਲਈ ਫਿਲਮ 'ਚ ਕੁਝ ਖਾਸ ਥਾਵਾਂ 'ਤੇ ਬਾਡੀ ਡਬਲ ਦੀ ਵਰਤੋਂ ਕੀਤੀ ਗਈ ਹੈ। ਮੇਘਨਾਦ ਦੇਸਾਈ ਨੇ ਆਪਣੀ ਕਿਤਾਬ ਵਿਚ ਇਸ ਦਾ ਜ਼ਿਕਰ ਕੀਤਾ ਹੈ। 'ਪਾਕੀਜ਼ਾ' ਦੇ ਅੰਤ ਵਿਚ ਮੁਜਰਾ ਹੈ ਜੋ ਫਿਲਮ ਨੂੰ ਕਲਾਈਮੈਕਸ ਤੱਕ ਲੈ ਜਾਂਦਾ ਹੈ... ਜਦੋਂ ਸਾਹਿਬਜਾਨ ਆਪਣੇ ਹੀ ਪ੍ਰੇਮੀ ਸਲੀਮ ਦੇ ਵਿਆਹ 'ਤੇ ਮੁਜਰਾ ਕਰ ਰਹੀ ਹੈ- 'ਆਜ ਹਮ ਅਪਨੀ ਦੁਆਓਂ ਕਾ ਅਸਰ ਦੇਖੇਂਗੇ, ਜ਼ਖਮੇ ਜਿਗਰ ਦੇਖੇਂਗੇ।' ਇਸ ਮੁਜਰੇ ਵਿਚ ਅਦਾਕਾਰਾ ਪਦਮਾ ਖੰਨਾ ਨੂੰ ਬਾਡੀ ਡਬਲ ਵਜੋਂ ਇਸਤੇਮਾਲ ਕੀਤਾ ਗਿਆ ਸੀ।

ਫਿਲਮ ਦਾ ਇੱਕ ਹੋਰ ਖ਼ੂਬਸੂਰਤ ਗੀਤ ਹੈ- 'ਮੌਸਮ ਹੈ ਆਸ਼ਿਕਾਨਾ'। 'ਫਿਲਮਫੇਅਰ' ਮੈਗਜ਼ੀਨ ਨੂੰ ਦਿੱਤੇ ਇੰਟਰਵਿਊ 'ਚ ਮੀਨਾ ਕੁਮਾਰੀ ਦੇ ਮਤਰੇਏ ਪੁੱਤਰ ਤਾਜਦਾਰ ਅਮਰੋਹੀ ਆਪਣੀ ਛੋਟੀ ਅੰਮੀ ਨੂੰ ਯਾਦ ਕਰਦੇ ਹੋਏ ਦੱਸਦੇ ਹਨ, "ਜਦੋਂ 'ਪਾਕੀਜ਼ਾ' ਦੀ ਸ਼ੂਟਿੰਗ ਦੁਬਾਰਾ ਸ਼ੁਰੂ ਹੋਈ ਤਾਂ 'ਮੌਸਮ ਹੈ ਆਸ਼ਿਕਾਨਾ' ਗੀਤ ਦੀ ਸ਼ੂਟਿੰਗ ਹੋ ਰਹੀ ਸੀ। ਬਾਬਾ (ਕਮਾਲ ਅਮਰੋਹੀ) ਨੇ ਉਸ ਗੀਤ 'ਚ ਛੋਟੀ ਅੰਮੀ ਨੂੰ ਕੁੜਤਾ ਅਤੇ ਲੁੰਗੀ ਪਹਿਨਵਾਈ ਕਿਉਂਕਿ ਜਿਗਰ ਦੀ ਬਿਮਾਰੀ ਕਾਰਨ ਉਨ੍ਹਾਂ ਦਾ ਪੇਟ ਫੁੱਲ ਗਿਆ ਸੀ। ਬਾਅਦ ਵਿਚ ਉਹ ਟ੍ਰੈਂਡ ਬਣ ਗਿਆ। ਖਰਾਬ ਸਿਹਤ ਕਾਰਨ ਉਹ ਬਹੁਤ ਥੱਕ ਜਾਂਦੇ ਸਨ ਪਰ ਸ਼ਾਟ ਸ਼ੁਰੂ ਹੁੰਦੇ ਹੀ ਫਿਰ ਤੋਂ ਜੋਸ਼ 'ਚ ਆ ਜਾਂਦੇ ਸਨ। ਫਿਲਮ ਦੇ ਆਖਰੀ ਮੁਜਰੇ 'ਚ ਉਨ੍ਹਾਂ ਨੇ ਤੇਜ਼ ਅਤੇ ਗੋਲ-ਗੋਲ ਘੁੰਮਣਾ ਸੀ ਅਤੇ ਫਿਰ ਡਿੱਗਣਾ ਸੀ ਪਰ ਸਿਹਤ ਨੂੰ ਦੇਖਦੇ ਹੋਏ ਉਨ੍ਹਾਂ ਦੇ ਕਲੋਜ਼-ਅੱਪ ਬੈਠੀ ਹੋਈ ਸਥਿਤੀ 'ਚ ਹੀ ਲਏ ਗਏ। ਜਦੋਂ ਰਾਜ ਕੁਮਾਰ ਨਾਲ ਵਿਆਹ ਦੇ ਸਮੇਂ ਉਹ ਪੌੜੀਆਂ 'ਤੇ ਦੌੜਦੇ ਹੋਏ ਭੱਜ ਜਾਂਦੇ ਹਨ, ਉੱਥੇ ਵੀ ਬਾਡੀ-ਡਬਲ ਦੀ ਵਰਤੋਂ ਕੀਤੀ ਗਈ। 'ਚਲੋ ਦਿਲਦਾਰ ਚਲੋ' ਗੀਤ ਵਿਚ ਵੀ ਉਨ੍ਹਾਂ ਦੇ ਚਿਹਰੇ 'ਤੇ ਜ਼ਿਆਦਾ ਫੋਕਸ ਨਹੀਂ ਰੱਖਿਆ ਗਿਆ।" ਪਰ ਇਨ੍ਹਾਂ ਸਾਰੀਆਂ ਮੁਸ਼ਕਿਲਾਂ ਦੇ ਬਾਵਜੂਦ ਨਾ ਤਾਂ ਮੀਨਾ ਕੁਮਾਰੀ ਦਾ ਹੌਸਲਾ ਟੁੱਟਿਆ ਅਤੇ ਨਾ ਹੀ ਕਮਾਲ ਅਮਰੋਹੀ ਦਾ।

ਟੁੱਟੇ ਰਿਸ਼ਤਿਆਂ ਦੀਆਂ ਦਰਾਰਾਂ ਵਿਚ ਫਸੀ ਇਸ ਫਿਲਮ ਨੂੰ ਦੁਬਾਰਾ ਸ਼ੁਰੂ ਕਰਨ ਦਾ ਸਿਹਰਾ ਨਰਗਿਸ ਦੇ ਸਿਰ ਵੀ ਬੰਨ੍ਹਿਆ ਜਾਂਦਾ ਹੈ। ਮੇਘਨਾਦ ਦੇਸਾਈ ਆਪਣੀ ਕਿਤਾਬ 'ਪਾਕੀਜ਼ਾ - ਐਨ ਓਡ ਟੂ ਏ ਬਾਈਗੌਨ ਵਰਲਡ' ਵਿਚ ਲਿਖਦੇ ਹਨ ਕਿ ਇੱਕ ਵਾਰ ਨਰਗਿਸ ਅਤੇ ਸੁਨੀਲ ਦੱਤ ਨੇ ਪਾਕੀਜ਼ਾ ਦੇ ਸ਼ੁਰੂਆਤੀ ਪ੍ਰਿੰਟ ਦੇਖੇ ਅਤੇ ਦੇਖ ਕੇ ਕਮਾਲ ਅਮਰੋਹੀ ਨੂੰ ਕਿਹਾ ਕਿ ਇਹ ਫਿਲਮ ਪੂਰੀ ਹੋਣੀ ਚਾਹੀਦੀ ਹੈ। 1956 ਵਿਚ ਬਲੈਕ ਐਂਡ ਵ੍ਹਾਈਟ ਵਿਚ ਸ਼ੂਟ ਹੋਇਆ 'ਇਨ੍ਹੀਂ ਲੋਗੋਂ ਨੇ ਲੇ ਲੀਨਾ' ਦਾ ਇੱਕ ਕਲਿੱਪ ਵੀ ਤੁਹਾਨੂੰ ਯੂਟਿਊਬ 'ਤੇ ਮਿਲ ਜਾਵੇਗਾ ਜਿਸ ਵਿਚ ਮੀਨਾ ਕੁਮਾਰੀ ਡਾਂਸ ਕਰਦੇ ਨਜ਼ਰ ਆਉਂਦੇ ਹਨ।

'ਪਾਕੀਜ਼ਾ' ਜਿੰਨੀ ਆਪਣੀ ਅਦਾਕਾਰੀ ਅਤੇ ਨਿਰਦੇਸ਼ਨ ਲਈ ਜਾਣੀ ਜਾਂਦੀ ਹੈ, ਓਨੀ ਹੀ ਹੋਰ ਚੀਜ਼ਾਂ ਲਈ ਵੀ, ਜਿਵੇਂ ਫਿਲਮ ਦੇ ਸੈੱਟ ਲਈ। ਕਮਾਲ ਅਮਰੋਹੀ ਨੇ ਦਿੱਲੀ ਅਤੇ ਲਖਨਊ ਦੇ ਕੋਠਿਆਂ ਦੀ ਦੁਨੀਆ ਨੂੰ ਆਪਣੀ ਕਲਪਨਾ ਅਨੁਸਾਰ ਬੇਹਤਰੀਨ ਢੰਗ ਨਾਲ ਢਾਲਣ ਦੀ ਕੋਸ਼ਿਸ਼ ਕੀਤੀ। 'ਬਾਜ਼ਾਰ-ਏ-ਹੁਸਨ' ਦਾ ਸੈੱਟ ਜਿੱਥੇ 'ਇਨ੍ਹੀਂ ਲੋਗੋਂ ਨੇ' ਗਾਣੇ ਦੀ ਸ਼ੂਟਿੰਗ ਹੋਈ ਸੀ, ਉਸ ਨੂੰ ਬਣਾਉਣ 'ਚ ਲਗਭਗ ਛੇ ਮਹੀਨੇ ਲੱਗੇ ਸਨ। ਗਹਿਣੇ ਜੈਪੁਰ ਤੋਂ ਮੰਗਵਾਏ ਗਏ ਸਨ ਅਤੇ ਸ਼ੂਟਿੰਗ ਦੌਰਾਨ ਸਾਹਿਬਜਾਨ (ਮੀਨਾ ਕੁਮਾਰੀ) ਦੇ ਕਮਰੇ ਵਿਚ ਬਿਹਤਰੀਨ ਅਤੇ ਅਸਲੀ ਇੱਤਰ ਦੀਆਂ ਸ਼ੀਸ਼ੀਆਂ ਰੱਖੀਆਂ ਜਾਂਦੀਆਂ ਸਨ। ਮੀਨਾ ਕੁਮਾਰੀ ਨੇ ਪੋਸ਼ਾਕ ਡਿਜ਼ਾਈਨਿੰਗ ਦੀ ਜ਼ਿੰਮੇਵਾਰੀ ਆਪ ਲਈ ਸੀ ਅਤੇ ਫਿਲਮ ਦੇ ਕ੍ਰੈਡਿਟ ਤੋਂ ਇਸਦੀ ਜਾਣਕਾਰੀ ਵੀ ਮਿਲਦੀ ਹੈ।

'ਪਾਕੀਜ਼ਾ' ਤਵਾਇਫ ਦੀ ਕਹਾਣੀ ਹੈ ਅਤੇ ਇਸ ਫਿਲਮ ਦਾ ਸੰਗੀਤ ਅਤੇ ਇੱਕ-ਇੱਕ ਗੀਤ ਇਸ ਕਹਾਣੀ ਦੀ ਰੂਹ ਹੈ। ਫਿਲਮ ਦੀ ਸ਼ੁਰੂਆਤ ਹੀ ਘੁੰਗਰੂਆਂ ਦੀ ਥਾਪ ਨਾਲ ਹੁੰਦੀ ਹੈ ਅਤੇ ਤੁਸੀਂ ਸਮਝ ਜਾਂਦੇ ਹੋ ਕਿ ਇਹ ਸਫਰ ਸੰਗੀਤ ਨਾਲ ਭਰਪੂਰ ਹੋਣ ਵਾਲਾ ਹੈ। ਉਂਝ ਤਾਂ ਗੁਲਾਮ ਮੁਹੰਮਦ ਸਤਿਕਾਰਤ ਸੰਗੀਤਕਾਰ ਸਨ ਪਰ ਉਸ ਸਮੇਂ ਹੋਰ ਸੰਗੀਤਕਾਰਾਂ ਦਾ ਬੋਲਬਾਲਾ ਸੀ ਪਰ ਕਮਾਲ ਅਮਰੋਹੀ ਦੀ ਜ਼ਿੱਦ ਸੀ ਕਿ ਫਿਲਮ ਦਾ ਸੰਗੀਤ ਗੁਲਾਮ ਮੁਹੰਮਦ ਹੀ ਦੇਣਗੇ। ਕਮਾਲ ਅਮਰੋਹੀ ਨੇ 12 ਧੁਨਾਂ ਵਿਚੋਂ 6 ਧੁਨਾਂ ਰੱਖੀਆਂ ਅਤੇ ਅੱਜ ਦੀ ਤਾਰੀਖ 'ਚ ਇੱਕ-ਇੱਕ ਗੀਤ ਨਗੀਨਾ ਮੰਨਿਆ ਜਾਂਦਾ ਹੈ। ਫਿਲਮ ਦੀ ਸ਼ੂਟਿੰਗ ਦੇ ਦੌਰਾਨ ਹੀ ਗੁਲਾਮ ਮੁਹੰਮਦ ਗੁਜ਼ਰ ਗਏ ਤਾਂ ਨੌਸ਼ਾਦ ਸਾਹਿਬ ਨੇ ਬੈਕਗ੍ਰਾਊਂਡ ਸਕੋਰ ਪੂਰਾ ਕੀਤਾ।

'ਇਨ੍ਹੀਂ ਲੋਗੋਂ ਨੇ' ਸੰਗੀਤ, ਬੋਲ, ਸਿਨੇਮੈਟੋਗ੍ਰਾਫੀ ਅਤੇ ਗਾਇਨ, ਹਰ ਤਰ੍ਹਾਂ ਨਾਲ ਬੇਮਿਸਾਲ ਹੈ। ਜਦੋਂ ਮੀਨਾ ਕੁਮਾਰੀ ਗੁਲਾਬੀ ਪਹਿਰਾਵੇ ਵਿਚ ਇਹ ਮੁਜਰਾ ਕਰ ਰਹੇ ਹੁੰਦੇ ਹਨ, ਤਾਂ ਤੁਸੀਂ ਬੈਕਗ੍ਰਾਊਂਡ ਵਿਚ ਵੱਖ-ਵੱਖ ਕੋਠਿਆਂ 'ਤੇ ਕੁਝ 10-12 ਤਵਾਇਫਾਂ ਨੂੰ ਨੱਚਦੇ ਹੋਏ ਦੇਖ ਸਕਦੇ ਹੋ। ਕਮਾਲ ਅਮਰੋਹੀ ਨੇ ਸਿਨੇਮਾਸਕੋਪ ਵਿਚ ਇਸ ਗੀਤ ਨੂੰ ਬਹੁਤ ਹੀ ਖ਼ੂਬਸੂਰਤੀ ਨਾਲ ਸ਼ੂਟ ਕੀਤਾ ਸੀ। ਸੰਗੀਤਕਾਰ ਦੀ ਤਰ੍ਹਾਂ ਹੀ ਜਰਮਨ ਸਿਨੇਮੈਟੋਗ੍ਰਾਫਰ ਜੋਸੇਫ ਵਰਸ਼ਿੰਗ ਦਾ ਵੀ ਫਿਲਮ ਦੇ ਵਿਚਕਾਰ ਹੀ ਦੇਹਾਂਤ ਹੋ ਗਿਆ ਅਤੇ ਕਈ ਸਿਨੇਮੈਟੋਗ੍ਰਾਫਰਾਂ ਨੇ ਮਿਲ ਕੇ ਇਸ ਫਿਲਮ ਦਾ ਕੰਮ ਪੂਰਾ ਕੀਤਾ।

ਉਂਝ ਤਾਂ 'ਇਨ੍ਹੀਂ ਲੋਗੋਂ ਨੇ' ਵਾਲਾ ਗੀਤ ਹਿੰਦੀ ਸਿਨੇਮਾ 'ਚ ਕਈ ਵਾਰ ਫਿਲਮਾਇਆ ਜਾ ਚੁੱਕਿਆ ਹੈ। ਚਾਹੇ ਉਹ 1941 'ਚ ਫਿਲਮ 'ਹਿੰਮਤ' ਲਈ ਸ਼ਮਸ਼ਾਦ ਬੇਗਮ ਦਾ ਗਾਇਆ ਗੀਤ ਹੋਵੇ ਜਾਂ 'ਆਬਰੂ' ਵਿਚ ਯਾਕੂਬ ਵੱਲੋਂ ਗਾਇਆ ਗਿਆ ਵਰਜ਼ਨ।

ਹੋਰ ਪਹਿਲੂਆਂ ਦੀ ਗੱਲ ਕਰੀਏ ਤਾਂ ਪੂਰੀ ਫਿਲਮ ਵਿਚ ਸਾਊਂਡ ਦਾ ਸ਼ਾਨਦਾਰ ਇਸਤੇਮਾਲ ਹੋਇਆ ਹੈ - ਰਾਤ ਦੀ ਚੁੱਪ ਨੂੰ ਵਾਰ-ਵਾਰ ਚੀਰਦੀ ਰੇਲਗੱਡੀ ਦੀ ਉਹ ਸੀਟੀ ਜੋ ਸਾਹਿਬਜਾਨ ਨੂੰ ਉਸ ਅਣਜਾਣ ਸ਼ਖਸ ਦੀ ਯਾਦ ਦਿਵਾਉਂਦੀ ਹੈ ਜਿਸ ਨੇ ਤਵਾਇਫ ਦੀ ਪਛਾਣ ਤੋਂ ਪਰ੍ਹੇ ਉਸ ਨੂੰ ਦੇਖਿਆ ਅਤੇ ਸਾਹਿਬਜਾਨ ਦੇ ਦਿਲ ਵਿਚ ਉਮੀਦ ਜਗਾਈ। ਅਤੇ ਦੂਸਰਾ, ਲਤਾ ਦੀ ਆਵਾਜ਼ 'ਚ ਉਹ ਆਲਾਪ ਜੋ ਹਰ ਵਾਰ ਸੁਣਾਈ ਦਿੰਦਾ ਹੈ, ਜਦੋਂ ਸਾਹਿਬਜਾਨ ਡੂੰਘੀ ਉਦਾਸੀ 'ਚ ਹੁੰਦੀ ਹੈ। ਮਜਰੂਹ ਸੁਲਤਾਨਪੁਰੀ (ਠਾੜੇ ਰਹਿਓ), ਕੈਫੀ ਆਜ਼ਮੀ (ਚਲਤੇ ਚਲਤੇ ਯੂੰ ਹੀ ਕੋਈ), ਕੈਫ ਭੋਪਾਲੀ (ਚਲੋ ਦਿਲਦਾਰ ਚਲੋ) ਵਰਗੇ ਮਹਾਨ ਗੀਤਕਾਰਾਂ ਦੇ ਬੋਲ ਇਸ ਫਿਲਮ ਵਿਚ ਹਨ। 'ਮੌਸਮ ਹੈ ਆਸ਼ਿਕਾਨਾ' ਦੇ ਬੋਲ ਤਾਂ ਆਪ ਕਮਾਲ ਅਮਰੋਹੀ ਨੇ ਹੀ ਲਿਖੇ ਹਨ।

4 ਫਰਵਰੀ 1972 ਨੂੰ ਜਦੋਂ ਇਹ ਫਿਲਮ ਰਿਲੀਜ਼ ਹੋਈ, ਤਾਂ ਇਹ ਆਪਣੇ ਹੋਂਦ 'ਚ ਆਉਣ ਤੋਂ ਲਗਭਗ 15 ਸਾਲਾਂ ਬਾਅਦ ਪਰਦੇ 'ਤੇ ਆ ਰਹੀ ਸੀ। ਉਸ ਵੇਲੇ ਤੱਕ ਸਿਨੇਮਾ ਪ੍ਰੇਮੀ ਅਮਿਤਾਭ ਬੱਚਨ ਦੀ ਦੁਨੀਆ 'ਚ ਕਦਮ ਰੱਖ ਚੁੱਕੇ ਸਨ। ਹੌਲੀ ਅਤੇ ਸ਼ਾਇਰਾਨਾ ਅੰਦਾਜ਼ 'ਚ ਬਣੀ ਇਸ ਫਿਲਮ ਨੂੰ ਪਹਿਲੇ ਦਿਨ ਆਲੋਚਕਾਂ ਨੇ ਬਹੁਤ ਮਾੜੇ ਰਿਵਿਊ ਦਿੱਤੇ।

ਵਿਨੋਦ ਮਹਿਤਾ ਨੇ ਆਪਣੀ ਕਿਤਾਬ 'ਮੀਨਾ ਕੁਮਾਰੀ ਦਿ ਕਲਾਸਿਕ ਬਾਇਓਗ੍ਰਾਫੀ' ਵਿਚ ਲਿਖਿਆ, "ਉਸ ਸਮੇਂ 'ਟਾਈਮਜ਼ ਆਫ ਇੰਡੀਆ' ਨੇ ਪਾਕੀਜ਼ਾ ਨੂੰ ਲੈਵਿਸ਼ ਵੇਸਟ ਕਰਾਰ ਦਿੱਤਾ ਸੀ, ਮਤਲਬ ਆਲੀਸ਼ਾਨ ਬਰਬਾਦੀ। ਫਿਲਮਫੇਅਰ ਕ੍ਰਿਟਿਕਸ ਨੇ ਪਾਕੀਜ਼ਾ ਨੂੰ ਸਿਰਫ ਇੱਕ ਸਟਾਰ ਦਿੱਤਾ ਸੀ।" ਪਰ ਮਰਾਠਾ ਮੰਦਰ ਵਿਚ ਰਿਲੀਜ਼ ਹੋਈ ਪਾਕੀਜ਼ਾ ਹੌਲੀ-ਹੌਲੀ ਆਪਣਾ ਜਾਦੂ ਫੈਲਾਉਣ ਲੱਗੀ।

ਫਿਲਮਫੇਅਰ 'ਚ ਪਾਕੀਜ਼ਾ ਨੂੰ ਕਈ ਪੁਰਸਕਾਰ ਮਿਲਣ ਦੀ ਉਮੀਦ ਸੀ ਪਰ ਲੋਕਾਂ ਨੂੰ ਉਸ ਸਮੇਂ ਕਾਫੀ ਹੈਰਾਨੀ ਹੋਈ ਜਦੋਂ ਸਰਵੋਤਮ ਫਿਲਮ, ਸਰਵੋਤਮ ਨਿਰਦੇਸ਼ਕ ਅਤੇ ਸਰਵੋਤਮ ਸੰਗੀਤ ਦਾ ਪੁਰਸਕਾਰ ਫਿਲਮ 'ਬੇਈਮਾਨ' ਨੂੰ ਮਿਲਿਆ। ਜਦੋਂ ਪ੍ਰਾਣ ਨੂੰ ਫਿਲਮ 'ਬੇਈਮਾਨ' ਲਈ ਸਰਵੋਤਮ ਸਹਾਇਕ ਅਦਾਕਾਰ ਦਾ ਪੁਰਸਕਾਰ ਮਿਲਿਆ ਤਾਂ ਉਨ੍ਹਾਂ ਨੇ ਇਹ ਕਹਿ ਕੇ ਇਸ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ ਕਿ ਉਨ੍ਹਾਂ ਦੀ ਆਪਣੀ ਫਿਲਮ 'ਬੇਈਮਾਨ' ਦੀ ਬਜਾਇ 'ਪਾਕੀਜ਼ਾ' ਸਰਵੋਤਮ ਸੰਗੀਤ ਪੁਰਸਕਾਰ ਦੀ ਹੱਕਦਾਰ ਹੈ ਪਰ ਇਸ ਸਭ ਤੋਂ ਪਰੇ 'ਪਾਕੀਜ਼ਾ' ਕਈ ਤਰੀਕਿਆਂ ਨਾਲ ਖਾਸ ਰਹੀ। ਇਹ ਫਿਲਮ 4 ਫਰਵਰੀ 1972 ਨੂੰ ਰਿਲੀਜ਼ ਹੋਈ ਅਤੇ 31 ਮਾਰਚ 1972 ਨੂੰ ਮੀਨਾ ਕੁਮਾਰੀ ਨੇ ਦੁਨੀਆ ਨੂੰ ਅਲਵਿਦਾ ਕਹਿ ਦਿੱਤਾ। ਸਿਨੇਮਾ ਪ੍ਰੇਮੀਆਂ ਲਈ 'ਪਾਕੀਜ਼ਾ' ਉਨ੍ਹਾਂ ਦਾ ਆਖਰੀ ਤੋਹਫਾ ਸੀ।

ਕਮਾਲ ਅਮਰੋਹੀ ਨੇ ਆਪਣੀ ਜ਼ਿੰਦਗੀ 'ਚ ਸਿਰਫ ਚਾਰ ਫਿਲਮਾਂ ਬਣਾਈਆਂ ਜਿਨ੍ਹਾਂ ਵਿਚੋਂ ਪਾਕੀਜ਼ਾ ਨੇ ਉਨ੍ਹਾਂ ਨੂੰ ਸਿਨੇਮਾ ਦੇ ਇਤਿਹਾਸ ਵਿਚ ਸਦਾ ਲਈ ਦਰਜ ਕਰ ਦਿੱਤਾ। ਫਿਲਮ ਦੇ ਅੰਤ ਵਿਚ ਇੱਕ ਸੀਨ ਹੈ ਜਿੱਥੇ ਸਾਹਿਬਜਾਨ ਨੂੰ ਸਲੀਮ (ਰਾਜ ਕੁਮਾਰ) ਦੇ ਵਿਆਹ ਲਈ ਮੁਜਰੇ ਦਾ ਸੱਦਾ ਮਿਲਦਾ ਹੈ। ਉਹ ਪਹਿਲਾਂ ਹੀ ਸਲੀਮ ਨਾਲ ਵਿਆਹ ਦੀ ਪੇਸ਼ਕਸ਼ ਨੂੰ ਠੁਕਰਾ ਚੁੱਕੀ ਹੈ। ਸਾਹਿਬਜਾਨ (ਮੀਨਾ ਕੁਮਾਰੀ) ਦਿਲ ਖੋਲ੍ਹ ਕੇ ਨੱਚਦੀ ਹੈ ਅਤੇ ਉੱਥੇ ਟੁੱਟੇ ਕੱਚ 'ਤੇ ਨੱਚਦੇ ਹੋਏ ਉਸ ਦੇ ਪੈਰਾਂ 'ਚੋਣ ਖ਼ੂਨ ਨਿੱਕਲ ਆਉਂਦਾ ਹੈ। ਉਹੀ ਪੈਰ ਜਿਨ੍ਹਾਂ ਲਈ ਕਦੇ ਰਾਜ ਕੁਮਾਰ ਨੇ ਕਿਹਾ ਸੀ ਕਿ ਇਨ੍ਹਾਂ ਨੂੰ ਜ਼ਮੀਨ 'ਤੇ ਨਾ ਰੱਖਣਾ। ਇਸ ਫਿਲਮ ਵਿਚ ਆਖਰਕਾਰ ਔਰਤ ਹੀ ਔਰਤ ਲਈ ਆਵਾਜ਼ ਉਠਾਉਂਦੀ ਹੈ। ਸਾਹਿਬਜਾਨ ਦੀ ਮਾਸੀ ਖੁਦ ਕੋਠਾ ਚਲਾਉਂਦੀ ਹੈ ਅਤੇ ਉਹ ਸਾਹਿਬਜਾਨ ਦੀ ਮਾਂ ਨਾਲ ਹੋਈ ਬੇਇਨਸਾਫੀ ਦੇਖ ਚੁੱਕੀ ਹੈ। ਆਖਰ ਉਹੀ ਸਾਹਿਬਜਾਨ ਨੂੰ ਉਸ ਦਾ ਹੱਕ ਦਿਵਾਉਂਦੀ ਹੈ।

ਫਿਲਮ ਵਿਚ ਮੀਨਾ ਕੁਮਾਰੀ ਦੀ ਦੋਹਰੀ ਭੂਮਿਕਾ ਹੈ - ਤਵਾਇਫ ਮਾਂ ਜੋ ਅਸ਼ੋਕ ਕੁਮਾਰ ਦੀ ਧੀ ਸਾਹਿਬਜਾਨ ਨੂੰ ਜਨਮ ਦੇਣ ਤੋਂ ਬਾਅਦ ਗੁਜ਼ਰ ਜਾਂਦੀ ਹੈ। ਹਾਲਾਂਕਿ ਇਹ ਫਿਲਮ ਉਸ ਫਰੇਮ 'ਤੇ ਖਤਮ ਹੋ ਸਕਦੀ ਸੀ ਜਦੋਂ ਅੰਤ 'ਚ ਮੀਨਾ ਕੁਮਾਰੀ ਦੁਲਹਨ ਬਣ ਕੇ ਕੋਠੇ ਤੋਂ ਵਿਦਾ ਹੁੰਦੀ ਹੈ ਅਤੇ ਉਸ ਦਾ ਨਿਕਾਹ ਰਾਜ ਕੁਮਾਰ ਨਾਲ ਹੋ ਜਾਂਦਾ ਹੈ। ਉਹ ਸੋਹਣਾ ਮੰਜ਼ਰ ਹੁੰਦਾ ਪਰ ਕਮਲ ਅਮਰੋਹੀ ਫਿਲਮ 'ਪਾਕੀਜ਼ਾ' ਨੂੰ ਉਸੇ ਕੋਠੇ ਦੀ ਇੱਕ ਅਣਜਾਣ ਤਵਾਇਫ ਦੇ ਚਿਹਰੇ 'ਤੇ ਲਿਆ ਕੇ ਖ਼ਤਮ ਕਰਦੇ ਹਨ- ਉਸ ਦੀਆਂ ਅੱਖਾਂ 'ਚ ਵੀ ਉਹੀ ਤਲਾਸ਼, ਉਹੀ ਸਵਾਲ, ਉਹੀ ਤੜਫ ਹੈ ਜੋ ਸਾਹਿਬਜਾਨ ਦੀਆਂ ਅੱਖਾਂ 'ਚ ਸੀ। ਸ਼ਾਇਦ ਇੱਕ ਹੋਰ ਸਾਹਿਬਜਾਨ ਇੱਥੋਂ ਜਨਮ ਲਵੇਗੀ ਅਤੇ ਉੱਥੇ ਹੀ ਕੈਦ ਹੋ ਕੇ ਰਹਿ ਜਾਵੇਗੀ।

ਬੇਮਿਸਾਲ ਅਦਾਕਾਰੀ, ਖ਼ੂਬਸੂਰਤ ਲਿਬਾਸ, ਨੱਕਾਸ਼ੀ ਵਾਲੇ ਆਲੀਸ਼ਾਨ ਮਹਿਲ, ਕੀਮਤੀ ਗਹਿਣੇ, ਮਨਮੋਹਕ ਨਜ਼ਾਰਿਆਂ ਨਾਲ ਸਜੇ ਕੈਮਰੇ ਦਾ ਹਰ ਫਰੇਮ, ਸੰਗਮਰਮਰ ਵਾਂਗ ਤਰਾਸ਼ਿਆ ਹੋਇਆ ਸੰਗੀਤ, ਸ਼ਾਇਰਾਨਾ ਸੰਵਾਦ ਅਤੇ ਗੀਤ- 'ਪਾਕੀਜ਼ਾ' ਦੇਖਣ ਵੇਲੇ ਇਹ ਸਮਝਣਾ ਮੁਸ਼ਕਿਲ ਹੈ ਕਿ ਤੁਸੀਂ ਕਿਸ ਲਈ ਇਹ ਫਿਲਮ ਦੇਖਣਾ ਚਾਹੁੰਦੇ ਹੋ।

ਵਿਨੋਦ ਮਹਿਤਾ, ਮੀਨਾ ਕੁਮਾਰੀ ਵਜੋਂ ਕਿਤਾਬ ਵਿਚ ਲਿਖਦੇ ਹਨ- "ਪਾਕੀਜ਼ਾ ਅਜਿਹਾ ਸੁਪਨਾ ਸੀ ਜਿਸ ਦੇ ਪਿੱਛੇ ਉਨ੍ਹਾਂ ਦੀ (ਕਮਾਲ ਅਮਰੋਹੀ) ਦੀ ਰੂਹ ਸਾਲਾਂ ਤੋਂ ਭਟਕਦੀ ਰਹੀ ਹੈ। ਇਹ ਉਹ ਮਹਿਬੂਬਾ ਹੈ, ਜਿਹੜੀ ਉਨ੍ਹਾਂ ਦੀ ਕਲਪਨਾ 'ਚ ਪਤਾ ਨਹੀਂ ਕਦੋਂ ਤੋਂ ਵੱਸੀ ਹੋਈ ਸੀ।"

ਅਸਲ ਜ਼ਿੰਦਗੀ 'ਚ ਮੀਨਾ ਕੁਮਾਰੀ ਅਤੇ ਕਮਾਲ ਅਮਰੋਹੀ ਦੀ ਅਧੂਰੀ ਪ੍ਰੇਮ ਕਹਾਣੀ ਭਾਵੇਂ ਅਧੂਰੀ ਹੀ ਰਹੀ ਪਰ ਦੋਵਾਂ ਨੇ ਮਿਲ ਕੇ 'ਪਾਕੀਜ਼ਾ' ਦਾ ਆਲੀਸ਼ਾਨ ਸੁਪਨਾ ਜ਼ਰੂਰ ਪੂਰਾ ਕੀਤਾ।

***(ਬੀ.ਬੀ.ਸੀ. ਤੋਂ ਧੰਨਵਾਦ ਸਹਿਤ)***

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 60 Cent + Team 70 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com